


PUNJABSTAR.COM

# ਪੰਜਾਬ ਸਟਾਰ





Phone: 905-673-7666 , Fax: 1-289-206-8611 | 30 ਅਕਤੂਬਰ ਤੋਂ 05 ਨਵੰਬਰ, 2025 | Email :- editor@punjabstar.com, Vo. 20. Issue:1209


## ਹੈਤੀ 'ਚ ਤੂਫ਼ਾਨ ਨੇ ਮਚਾਈ ਤਬਾਹੀ!

### 25 ਲੋਕਾਂ ਦੀ ਗਈ ਜਾਨ, ਲੱਖਾਂ ਹੋਏ ਘਰੋਂ ਬੇਘਰ



(ਪੰਜਾਬ ਸਟਾਰ ਬਿਊਰੋ): ਹੈਤੀ 'ਚ ਤੂਫ਼ਾਨ 'ਮੇਲਿਸਾ' ਕਾਰਨ ਆਏ ਭਾਰੀ ਹੜ੍ਹ ਨੇ ਹਾਹਾਕਾਰ ਮਚਾ ਦਿੱਤਾ ਹੈ। ਇਸ ਤਬਾਹੀ 'ਚ ਘੱਟੋ-ਘੱਟ 25 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਦਰਜਨਾਂ ਲੋਕ ਮਲਬੇ ਹੇਠਾਂ ਫਸੇ ਹੋਏ ਹਨ। ਬੁੱਧਵਾਰ ਨੂੰ ਤੂਫ਼ਾਨ ਨੇ ਜਮੈਕਾ ਅਤੇ ਕਿਊਬਾ 'ਚ ਵੀ ਭਿਆਨਕ ਤਬਾਹੀ ਮਚਾਈ।

**ਹੈਤੀ ਦੇ ਸ਼ਹਿਰ 'ਚ ਹਾਹਾਕਾਰ :** ਦੱਖਣੀ ਹੈਤੀ ਦੇ ਪੇਟਿਟ-ਗੋਏਵ ਸ਼ਹਿਰ ਦੇ ਮੇਅਰ ਜੀਨ ਬਰਟ੍ਰੈਂਡ ਸੁਬ੍ਰਮ ਨੇ ਦੱਸਿਆ ਕਿ ਲਾ ਡਿਗਯੂ ਦਰਿਆ ਦਾ ਤਟਬੰਧ ਟੁੱਟਣ ਕਾਰਨ ਪਾਣੀ ਨੇ ਨੇੜੇ-ਤੇੜੇ ਦੇ ਘਰਾਂ ਨੂੰ ਡੁੱਬੋ ਦਿੱਤਾ। ਇਸ ਕਾਰਨ 25 ਲੋਕਾਂ ਦੀ ਮੌਤ ਹੋ ਗਈ। ਮੇਅਰ ਦੇ ਮੁਤਾਬਕ, ਕਈ ਘਰ ਢਹਿ ਗਏ ਹਨ ਅਤੇ ਲੋਕ ਅਜੇ ਵੀ ਮਲਬੇ ਵਿੱਚ ਫਸੇ ਹੋਏ ਹਨ। ਉਨ੍ਹਾਂ ਕਿਹਾ, "ਇਹ ਸਥਿਤੀ ਬਹੁਤ ਹੀ ਦੁਖਦਾਈ ਹੈ।" ਉਨ੍ਹਾਂ ਸਰਕਾਰ ਤੋਂ ਮਦਦ ਦੀ ਅਪੀਲ ਕੀਤੀ ਹੈ ਤਾਂ ਜੋ ਫਸੇ ਹੋਏ ਲੋਕਾਂ ਨੂੰ ਬਚਾਇਆ ਜਾ ਸਕੇ।

**ਰਾਹਤ ਕਾਰਜਾਂ 'ਚ ਆ ਰਹੀਆਂ ਮੁਸ਼ਕਿਲਾਂ :** ਤੂਫ਼ਾਨ ਕਾਰਨ ਆਈ ਭਾਰੀ ਹੜ੍ਹ ਤੋਂ ਬਚਣ ਲਈ ਨਿਵਾਸੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ 'ਚ ਮੁਸ਼ਕਲਾਂ ਆ ਰਹੀਆਂ ਹਨ। ਹੈਤੀ ਦੀ ਨਾਗਰਿਕ ਸੁਰੱਖਿਆ ਏਜੰਸੀ

*ਬਾਕੀ ਸਫ਼ਾ 2 'ਤੇ

## ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ 'ਚ ਡਰੱਗ ਮਾਫ਼ੀਆ 'ਤੇ ਛਾਪੇਮਾਰੀ, 4 ਪੁਲਿਸ ਅਧਿਕਾਰੀ ਸਮੇਤ 64 ਲੋਕਾਂ ਦੀ ਮੌਤ

ਬ੍ਰਾਜ਼ੀਲ (ਪੰਜਾਬ ਸਟਾਰ ਬਿਊਰੋ):: ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਪੁਲਿਸ ਨੇ ਡਰੱਗ ਸੰਗਠਨ "ਰੈੱਡ ਕਮਾਂਡ" ਦੇ ਖਿਲਾਫ ਹੁਣ ਤੱਕ ਦਾ ਸਭ ਤੋਂ ਵੱਡਾ ਆਪ੍ਰੇਸ਼ਨ ਸ਼ੁਰੂ ਕੀਤਾ ਹੈ। ਮੰਗਲਵਾਰ ਸਵੇਰੇ, 2,500 ਪੁਲਿਸ ਅਧਿਕਾਰੀਆਂ ਨੇ ਰਾਜਧਾਨੀ ਰੀਓ ਡੀ ਜਨੇਰੀਓ ਵਿੱਚ ਹੈਲੀਕਾਪਟਰ ਰਾਹੀਂ ਅਪਰਾਧੀਆਂ ਦੇ ਇਲਾਕਿਆਂ ਵਿੱਚ ਛਾਪਾ ਮਾਰਿਆ। ਜਿਵੇਂ ਹੀ ਪੁਲਿਸ ਟੀਮਾਂ ਅੱਗੇ ਵਧੀਆਂ, ਰੈੱਡ ਕਮਾਂਡ ਗਿਰੋਹ ਦੇ ਮੈਂਬਰਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਅਧਿਕਾਰੀਆਂ ਦੇ ਅਨੁਸਾਰ, ਗਿਰੋਹ ਨੇ ਸੜਕਾਂ 'ਤੇ ਬਲਦੇ ਬੈਰੀਕੇਡ ਲਗਾਏ ਅਤੇ ਪੁਲਿਸ ਨੂੰ ਰੋਕਣ ਲਈ ਡਰੋਨ ਤੋਂ ਬੰਬ ਸੁੱਟੇ। ਜਵਾਬੀ ਕਾਰਵਾਈ ਵਿੱਚ, ਪੁਲਿਸ ਨੇ ਭਾਰੀ ਹਥਿਆਰਾਂ ਦੀ ਵਰਤੋਂ ਕੀਤੀ।

ਇਸ ਝੜਪ ਵਿੱਚ ਘੱਟੋ-ਘੱਟ 64 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਚਾਰ ਪੁਲਿਸ ਕਰਮਚਾਰੀ ਵੀ ਸ਼ਾਮਲ ਸਨ। ਰਿਪੋਰਟਾਂ ਅਨੁਸਾਰ, ਪੁਲਿਸ ਇੱਕ ਸਾਲ ਤੋਂ ਇਸ ਹਮਲੇ ਦੀ ਯੋਜਨਾ ਬਣਾ ਰਹੀ ਸੀ।

**ਪੁਲਿਸ ਨੇ 80 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ**

ਪੁਲਿਸ ਨੇ ਇੱਕ ਦਿਨ ਭਰ ਚੱਲੇ ਮੁਕਾਬਲੇ ਵਿੱਚ

*ਬਾਕੀ ਸਫ਼ਾ 2 'ਤੇ



## ਕੈਨੇਡਾ 'ਚ ਪੰਜਾਬੀ ਕਾਰੋਬਾਰੀ ਦਾ ਕਤਲ

### ਹਮਲਾਵਰਾਂ ਨੇ ਕਾਰ 'ਤੇ ਚਲਾਈਆਂ ਗੋਲੀਆਂ



ਕੈਨੇਡਾ (ਪੰਜਾਬ ਸਟਾਰ ਬਿਊਰੋ): ਸੋਮਵਾਰ ਨੂੰ ਕੈਨੇਡਾ ਦੇ ਐਬਟਸਫੋਰਡ ਵਿਚ ਪੰਜਾਬ ਦੇ ਇਕ ਕਾਰੋਬਾਰੀ ਦਾ ਕਤਲ ਕਰ ਦਿਤਾ ਗਿਆ। ਮ੍ਰਿਤਕ ਕਾਰੋਬਾਰੀ ਦੀ ਪਛਾਣ ਦਰਸ਼ਨ ਸਿੰਘ ਸਹਾਸੀ (68) ਵਜੋਂ ਹੋਈ ਹੈ, ਜੋ ਕਿ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਦੋਰਾਹਾ ਪਿੰਡ ਦਾ ਰਹਿਣ ਵਾਲਾ ਸੀ। ਉਹ ਕੈਨਮ ਇੰਟਰਨੈਸ਼ਨਲ ਕੰਪਨੀ ਦਾ ਪ੍ਰਧਾਨ ਸੀ, ਜਿਸ ਨੂੰ ਦੁਨੀਆਂ ਦੀਆਂ

*ਬਾਕੀ ਸਫ਼ਾ 2 'ਤੇ

## ਟੈਰਿਫਾਂ ਨੂੰ ਲੈ ਕੇ ਚੀਨੀ ਰਾਸ਼ਟਰਪਤੀ ਸ਼ੀ ਨਾਲ ਸਮਝੌਤਾ ਸਿਰੇ ਚੜ੍ਹਿਆ: ਟਰੰਪ



(ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੀਰਵਾਰ ਨੂੰ ਦੱਖਣੀ ਕੋਰੀਆ ਦੇ ਏਅਰ ਬੇਸ 'ਤੇ ਚੀਨ ਦੇ ਆਪਣੇ ਹਮਰੁਤਬਾ ਸ਼ੀ ਜਿਨਪਿੰਗ ਨੂੰ ਮਿਲੇ। ਇਕ ਘੰਟਾ ਤੇ 40 ਮਿੰਟ ਦੇ ਕਰੀਬ ਚੱਲੀ ਇਸ ਬੈਠਕ ਮਗਰੋਂ ਟਰੰਪ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਟੈਰਿਫਾਂ ਵਿਚ ਕਟੌਤੀ ਲਈ ਚੀਨ ਨਾਲ ਇੱਕ ਸਮਝੌਤਾ ਕੀਤਾ ਹੈ। ਅਮਰੀਕੀ ਸਦਰ ਨੇ ਕਿਹਾ ਕਿ ਇਸ ਦੇ ਬਦਲੇ ਵਿੱਚ ਪੇਈਚਿੰਗ ਅਮਰੀਕੀ ਸੋਇਆਬੀਨ ਦੀ ਖਰੀਦਦਾਰੀ ਮੁੜ ਸ਼ੁਰੂ ਕਰੇਗਾ, ਦੁਰਲੱਭ ਧਰਤੀ ਖਣਿਜਾਂ ਦੀ ਬਰਾਮਦ ਨੂੰ ਜਾਰੀ ਰੱਖੇਗਾ ਅਤੇ ਫੈਂਟਾਨਿਲ ਦੇ ਗੈਰਕਾਨੂੰਨੀ ਵਪਾਰ ਖਿਲਾਫ਼ ਕਾਰਵਾਈ ਕਰੇਗਾ।

ਸੂਤਰਾਂ ਮੁਤਾਬਕ ਸਮਝੌਤੇ ਤਹਿਤ ਚੀਨੀ ਦਰਾਮਦਾਂ 'ਤੇ ਲੱਗਦੇ 57 ਫੀਸਦ ਟੈਰਿਫ ਵਿਚ ਦਸ ਫੀਸਦ ਦੀ ਕਟੌਤੀ ਕੀਤੀ ਜਾਵੇਗੀ। ਦੋਵਾਂ ਆਗੂਆਂ ਦਰਮਿਆਨ ਨੇ ਬੈਠਕ ਦੌਰਾਨ ਟੈਰਿਫ਼, ਕੰਪਿਊਟਰ ਚਿੱਪ, ਦੁਰਲੱਭ ਧਰਤੀ ਖਣਿਜਾਂ ਤੇ ਟਕਰਾਅ ਵਾਲੇ ਹੋਰਨਾਂ ਮੁੱਦਿਆਂ 'ਤੇ ਚਰਚਾ ਕੀਤੀ। ਸ਼ੀ ਨਾਲ ਮੁਲਕਾਤ ਮਗਰੋਂ ਟਰੰਪ ਵਾਸ਼ਿੰਗਟਨ ਲਈ ਰਵਾਨਾ ਹੋ ਗਏ। ਸਾਲ 2019 ਮਗਰੋਂ ਟਰੰਪ ਤੇ ਸ਼ੀ ਦੀ ਇਹ ਪਹਿਲੀ ਆਹਮੋ ਸਾਹਮਣੀ ਮੀਟਿੰਗ ਹੈ। ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੇਕ) ਸੰਮੇਲਨ ਤੋਂ ਇਕਪਾਸੇ ਹੋਈ ਇਹ ਮੀਟਿੰਗ ਦੋ ਘੰਟੇ (ਇਕ ਘੰਟਾ ਤੇ 40 ਮਿੰਟ) ਦੇ ਕਰੀਬ ਚੱਲੀ। ਟਰੰਪ ਨੇ ਹੱਥ ਮਿਲਾਇਆ ਅਤੇ ਸ਼ੀ ਨੂੰ ਆਪਣੀ ਕਾਰ ਤੱਕ ਲੈ ਗਏ। ਅਮਰੀਕੀ ਰਾਸ਼ਟਰਪਤੀ ਨੂੰ ਹਵਾਈ ਅੱਡੇ 'ਤੇ ਰੈੱਡ ਕਾਰਪੇਟ ਵਿਛਾ ਕੇ ਵਿਦਾਇਗੀ ਦਿੱਤੀ ਗਈ।

*ਬਾਕੀ ਸਫ਼ਾ 2 'ਤੇ

### ਫੜਦੇ ਹੀ ਚਾੜ੍ਹ ਦਿਓ ਜਹਾਜੇ...!

## ਕੈਨੇਡਾ ਸਰਕਾਰ ਦਾ 32,000 ਪ੍ਰਵਾਸੀਆਂ ਲਈ ਜਾਰੀ ਹੋ ਗਿਆ ਡਿਪੋਰਟ ਵਾਰੰਟ!



(ਪੰਜਾਬ ਸਟਾਰ ਬਿਊਰੋ): ਕੈਨੇਡਾ ਸਰਕਾਰ ਨੇ ਉਨ੍ਹਾਂ 32 ਹਜ਼ਾਰ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣ ਦੇ ਆਦੇਸ਼ ਜਾਰੀ ਕੀਤੇ ਹਨ ਜੋ ਵੀਜ਼ਾ ਦੀ ਮਿਆਦ ਖ਼ਤਮ ਹੋਣ ਦੇ ਬਾਵਜੂਦ ਗ਼ੈਰ-ਕਾਨੂੰਨੀ ਢੰਗ ਨਾਲ ਉੱਥੇ ਰੁਕੇ ਹੋਏ ਸਨ। ਇਸ ਫ਼ੈਸਲੇ ਨੇ ਖਾਸ ਕਰਕੇ ਪੰਜਾਬੀ ਭਾਈਚਾਰੇ ਵਿੱਚ ਵੱਡਾ ਫ਼ਿਕਰ ਪੈਦਾ ਕਰ ਦਿੱਤਾ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਦੇ ਮੁਖੀ ਐਰਿਨ ਓ'ਗੋਰਮੇਨ ਸਪਾਟ ਨੇ ਸਪੱਸ਼ਟ ਕੀਤਾ ਹੈ ਕਿ ਉਹ 32 ਹਜ਼ਾਰ ਗ਼ੈਰ-ਕਾਨੂੰਨੀ ਵਿਅਕਤੀਆਂ ਨੂੰ ਕੈਨੇਡਾ ਤੋਂ ਕੱਢਣ ਦੀ ਤਿਆਰੀ ਕਰ ਰਹੇ ਹਨ। ਇਸ ਨਿਰਵਾਸਨ (deportation) ਲਈ ਤਿਆਰ ਕੀਤੀ ਗਈ ਸੂਚੀ ਵਿੱਚ ਸਭ ਤੋਂ ਜ਼ਿਆਦਾ ਗਿਣਤੀ ਭਾਰਤੀ ਨਾਗਰਿਕਾਂ ਦੀ ਹੈ।

**ਭਾਰਤੀਆਂ ਨੂੰ ਕੱਢਣ ਦਾ ਅੰਕੜਾ ਵਧਿਆ**

ਮਿਲੇ ਅੰਕੜਿਆਂ ਅਨੁਸਾਰ, ਇਸ ਸਾਲ 28 ਜੁਲਾਈ ਤੱਕ, ਕੁੱਲ 1,891 ਭਾਰਤੀਆਂ ਨੂੰ ਪਹਿਲਾਂ ਹੀ ਕੈਨੇਡਾ ਤੋਂ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਗਿਆ ਹੈ। ਇਹ ਅੰਕੜਾ 2024 ਵਿੱਚ ਇੱਕ ਰਿਕਾਰਡ ਦੇ ਨੇੜੇ ਹੈ। 2019 ਵਿੱਚ ਇਹ ਅੰਕੜਾ ਸਿਰਫ਼ 625 ਸੀ, ਜੋ ਦਰਸਾਉਂਦਾ ਹੈ ਕਿ ਭਾਰਤੀਆਂ ਦੇ ਦੇਸ਼ ਨਿਕਾਲੇ ਦੀ ਦਰ ਲਗਾਤਾਰ ਵੱਧ ਰਹੀ ਹੈ। ਇਸ ਸਮੇਂ ਕੈਨੇਡਾ ਤੋਂ ਬਾਹਰ ਕੱਢੇ ਜਾਣ ਵਾਲੇ ਲੋਕਾਂ ਦੀ ਸੂਚੀ ਵਿੱਚ 6,837 ਭਾਰਤੀ ਨਾਗਰਿਕਾਂ 'ਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਲਾਗੂ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ 5,170 ਮੈਕਸੀਕਨ

*ਬਾਕੀ ਸਫ਼ਾ 2 'ਤੇ

## ਪੰਨੂ ਨੇ ਦਿਲਜੀਤ ਦੋਸਾਂਝ ਨੂੰ ਦਿੱਤੀ ਧਮਕੀ

### ਦੋਸਾਂਝ ਦਾ ਸੰਗੀਤ ਸਮਾਰੋਹ 1 ਨਵੰਬਰ ਨੂੰ ਆਸਟ੍ਰੇਲੀਆ ਦੇ ਸਿਡਨੀ 'ਚ



(ਪੰਜਾਬ ਸਟਾਰ ਬਿਊਰੋ): ਗੁਰਪਤਵੰਤ ਸਿੰਘ ਪੰਨੂ ਨੇ ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੂੰ ਧਮਕੀ ਦਿੱਤੀ ਹੈ। ਪੰਨੂ ਨੇ ਆਸਟ੍ਰੇਲੀਆ ਦੇ ਸਿਡਨੀ ਵਿੱਚ 1 ਨਵੰਬਰ ਨੂੰ ਹੋਣ ਵਾਲੇ ਦੋਸਾਂਝ ਦੇ ਸੰਗੀਤ ਸਮਾਰੋਹ ਨੂੰ ਰੱਦ ਕਰਨ ਦੀ ਚੇਤਾਵਨੀ ਦਿੱਤੀ ਹੈ। ਉਸਨੇ ਸੰਗੀਤ ਸਮਾਰੋਹ ਨੂੰ ਹੋਣ ਤੋਂ ਰੋਕਣ ਦੀ ਧਮਕੀ ਦਿੱਤੀ ਹੈ। ਪੰਨੂ ਦੀ ਧਮਕੀ ਦਾ ਸਬੰਧ ਬਾਲੀਵੁੱਡ ਦੇ ਮੈਗਾਸਟਾਰ ਅਮਿਤਾਭ ਬੱਚਨ ਨਾਲ ਵੀ ਹੈ। ਪੰਨੂ ਨੇ ਦਿਲਜੀਤ ਵੱਲੋਂ ਬਿਗ ਬੀ ਦੇ ਪੈਰ ਛੂਹਣ ਨੂੰ 1984 ਦੇ ਕਤਲੇਆਮ ਦੇ ਪੀੜਤਾਂ ਦਾ ਅਪਮਾਨ ਦੱਸਿਆ ਹੈ। ਪੰਨੂ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਦਿਲਜੀਤ ਦੋਸਾਂਝ ਨੇ ਅਮਿਤਾਭ ਬੱਚਨ ਦੇ ਪੈਰ ਛੂਹ ਕੇ 1984 ਦੇ

*ਬਾਕੀ ਸਫ਼ਾ 2 'ਤੇ

## ਅਮਰੀਕਾ 'ਚ 1850 ਪੰਜਾਬੀ ਟਰੱਕ ਡਰਾਈਵਰ ਹੋਏ ਵਿਹਲੇ

* ਅੰਗਰੇਜ਼ੀ ਦੇ ਟੈਸਟ ਨੇ ਖੋਹਿਆ 9 ਹਜ਼ਾਰ ਤੋਂ ਵੱਧ ਡਰਾਈਵਰਾਂ ਦਾ ਰੁਜ਼ਗਾਰ
* ਡੀ.ਐਚ.ਐਸ. ਨੇ ਸੜਕ 'ਤੇ ਘੇਰੇ ਡਰਾਈਵਰ ਦੀ ਵੀਡੀਓ ਕੀਤੀ ਵਾਇਰਲ



ਟੈਕਸਸ, (ਪੰਜਾਬ ਸਟਾਰ ਬਿਊਰੋ): ਅਮਰੀਕਾ ਵਿਚ ਅੰਗਰੇਜ਼ੀ ਨਾ ਆਉਣ ਕਾਰਨ ਟਰੱਕ ਚਲਾਉਣ ਦੇ ਪੇਸ਼ੇ ਤੋਂ ਵਿਹਲੇ ਕੀਤੇ ਜਾ ਰਹੇ ਡਰਾਈਵਰਾਂ ਦੀ ਗਿਣਤੀ 9 ਹਜ਼ਾਰ ਤੋਂ ਟੱਪ ਚੁੱਕੀ ਹੈ ਅਤੇ ਇਨ੍ਹਾਂ ਵਿਚੋਂ ਤਕਰੀਬਨ 1850 ਪੰਜਾਬੀ ਦੱਸੇ ਜਾ ਰਹੇ ਹਨ। ਵਰਕ ਪਰਮਿਟ 'ਤੇ ਮੌਜੂਦ ਟਰੱਕ ਡਰਾਈਵਰਾਂ ਦੀ ਲਾਇਸੰਸ ਨਵਿਆਉਣ ਦੀ ਪ੍ਰਕਿਰਿਆ ਵੀ 29 ਸਤੰਬਰ ਤੋਂ ਬੰਦ ਕੀਤੀ ਜਾ ਚੁੱਕੀ ਹੈ ਅਤੇ ਟ੍ਰਾਂਸਪੋਰਟੇਸ਼ਨ ਇੰਡਸਟਰੀ ਨੂੰ ਡਰਾਈਵਰਾਂ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਅਮਰੀਕਾ ਤੋਂ ਮੈਕਸੀਕੋ ਦਰਮਿਆਨ ਸਮਾਨ ਦੀ ਢੋਆ-ਢੁਆਈ ਕਰਨ ਵਾਲੇ ਤਕਰੀਬਨ 80 ਹਜ਼ਾਰ

*ਬਾਕੀ ਸਫ਼ਾ 2 'ਤੇ

## ਕੈਨੇਡਾ ਅਤੇ ਕੀਨੀਆ ਦੇ ਹਵਾਈ ਜਹਾਜ਼ ਕਰੈਸ਼, 13 ਮੌਤਾਂ

### ਗਰੀਨ ਲੈਂਡ ਅਤੇ ਕੀਨੀਆ 'ਚ ਵਾਪਰੇ ਹਾਦਸੇ



ਕੋਪਨਹੈਗਨ/ਨੈਰੋਬੀ, (ਪੰਜਾਬ ਸਟਾਰ ਬਿਊਰੋ): ਕੈਨੇਡਾ ਅਤੇ ਕੀਨੀਆ ਦੇ ਹਵਾਈ ਜਹਾਜ਼ ਕਰੈਸ਼ ਹੋਣ ਕਾਰਨ ਘੱਟੋ ਘੱਟ 13 ਜਣਿਆਂ ਦੀ ਮੌਤ ਹੋ ਗਈ। ਪਹਿਲਾ ਹਾਦਸਾ ਗਰੀਨ ਲੈਂਡ ਵਿਖੇ ਵਾਪਰਿਆ ਜਿਥੇ ਕੈਨੇਡਾ ਤੋਂ ਰਵਾਨਾ ਹੋਇਆ ਜਹਾਜ਼ ਅਚਨਚੇਤ ਕਰੈਸ਼ ਹੋ ਗਿਆ।

*ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




* ਪਾਵਰ ਆਫ ਸੇਲ ਨੋਟਿਸ ?
* ਗਾਰਨਿਸ਼ਮੈਂਟ?
* ਬੈਂਕ ਵਲੋਂ ਪੈਸੇ ਦੀ ਮੰਗ ?
* ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
www.MakeMeDebtFree.ca
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
* Auto Accident
* Family Member Claims
* Pedestrian Hit Accident
* Short & Long-Term Disability
* Slip & Fall
* CPP Disability
* Bicycle Accident
* Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਜੇਲ੍ਹ 'ਚ ਬੰਦ ਸਾਬਕਾ DIG ਭੁੱਲਰ ਦੀਆਂ ਵਧੀਆਂ ਮੁਸ਼ਕਿਲਾਂ, ਆਮਦਨ ਤੋਂ ਵੱਧ ਜਾਇਦਾਦ ਦਾ ਕੇਸ ਦਰਜ



ਰਿਸ਼ਵਤ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਪੁਲਿਸ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸੀਬੀਆਈ ਨੇ ਹੁਣ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਇੱਕ ਹੋਰ ਮਾਮਲਾ ਦਰਜ ਕੀਤਾ ਹੈ। ਭੁੱਲਰ ਨੂੰ 16 ਅਕਤੂਬਰ ਨੂੰ ਰਿਸ਼ਵਤ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇਸ ਸਮੇਂ ਉਹ ਚੰਡੀਗੜ੍ਹ ਦੀ ਮਾਡਲ ਬੁੜੈਲ ਜੇਲ੍ਹ ਵਿੱਚ ਬੰਦ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਤੋਂ ਇਲਾਵਾ ਭੁੱਲਰ ਖਿਲਾਫ ਇਹ ਦੂਜਾ ਮਾਮਲਾ ਦਰਜ ਹੋਇਆ ਹੈ।

ਇਸ ਤੋਂ ਪਹਿਲਾਂ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਨਾਲ ਸਬੰਧਤ ਰਿਸ਼ਵਤ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਿਚੋਲੇ ਕ੍ਰਿਸ਼ਨੂ ਸ਼ਾਰਦਾ ਨੂੰ ਅੱਜ ਸੀਬੀਆਈ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੂੰ ਨੌਂ ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ ਗਿਆ। ਪੰਜਾਬ ਪੁਲਿਸ ਦੀ ਰੋਪੜ ਰੇਂਜ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਸੀਬੀਆਈ ਚੰਡੀਗੜ੍ਹ ਨੇ 16 ਅਕਤੂਬਰ ਨੂੰ ਮੋਹਾਲੀ ਵਿੱਚ ਇੱਕ ਸਕ੍ਰੈਪ ਡੀਲਰ ਤੋਂ 8 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਸੀਬੀਆਈ ਚੰਡੀਗੜ੍ਹ ਦੀਆਂ ਅੱਠ ਟੀਮਾਂ ਨੇ ਇਸ ਮਾਮਲੇ ਦੇ ਸਬੰਧ ਵਿੱਚ ਸੱਤ ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਨ੍ਹਾਂ ਵਿੱਚ ਅੰਬਾਲਾ, ਮੋਹਾਲੀ, ਚੰਡੀਗੜ੍ਹ ਅਤੇ ਰੋਪੜ ਸ਼ਾਮਲ ਹਨ। ਸੀਬੀਆਈ ਨੇ ਡੀਆਈਜੀ ਭੁੱਲਰ ਦੇ ਦਫ਼ਤਰ, ਘਰ, ਫਾਰਮ ਹਾਊਸ ਅਤੇ ਹੋਰ ਥਾਵਾਂ ਦੀ ਤਲਾਸ਼ੀ ਲਈ।

ਸੀਬੀਆਈ ਟੀਮ ਨੇ ਸਵੇਰ ਤੋਂ ਉਸ ਦੇ ਮੋਹਾਲੀ ਕੰਪਲੈਕਸ ਦਫ਼ਤਰ ਅਤੇ ਸੈਕਟਰ 40, ਚੰਡੀਗੜ੍ਹ ਸਥਿਤ ਘਰ ਨੰਬਰ 1489 ਵਿੱਚ ਰਿਸ਼ਵਤ ਦੇ ਮਾਮਲੇ ਦੀ ਜਾਂਚ ਕਰਦੀ ਰਹੀ। ਸੀਬੀਆਈ ਨੇ ਭੁੱਲਰ ਦੇ ਵਿਚੋਲੇ ਕ੍ਰਿਸ਼ਨੂ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ, ਜੋ ਡੀਆਈਜੀ ਦੇ ਕਹਿਣ 'ਤੇ ਹਰ ਮਹੀਨੇ ਸਕ੍ਰੈਪ ਡੀਲਰ ਕੋਲ ਜਾ ਕੇ ਉਸ ਵਿਰੁੱਧ ਦਰਜ ਐਫਆਈਆਰ 'ਤੇ ਕਾਰਵਾਈ ਨਾ ਕਰਨ ਦੇ ਬਦਲੇ ਹਰ ਮਹੀਨੇ ਰਿਸ਼ਵਤ ਵਸੂਲਣ ਜਾਂਦਾ ਸੀ।

# ਪੰਜਾਬ ਦੀ ਸਪੈਸ਼ਲ ਟਾਸਕ ਫੋਰਸ ਦੇ ਸਾਬਕਾ AIG ਰਛਪਾਲ ਸਿੰਘ ਨੂੰ ਕੀਤਾ ਗਿਆ ਗ੍ਰਿਫ਼ਤਾਰ




ਜਲੰਧਰ: ਪੰਜਾਬ ਦੀ ਸਪੈਸ਼ਲ ਟਾਸਕ ਫੋਰਸ (STF) ਦੇ ਸਾਬਕਾ ਅੀਘ ਰਛਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਕਾਰਵਾਈ ਜਲੰਧਰ ਸਪੈਸ਼ਲ ਟਾਸਕ ਫੋਰਸ (STF) ਨੇ ਕੀਤੀ ਹੈ। ਉਹ ਇਸ ਸਮੇਂ ਅੰਮ੍ਰਿਤਸਰ ਦੇ ਸਿਵਲ ਲਾਈਨਜ਼ ਵਿੱਚ ਨਜ਼ਰਬੰਦ ਹੈ, ਅਤੇ ਪੁਲਿਸ ਨੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਸਦਾ ਰਿਮਾਂਡ ਹਾਸਲ ਕਰ ਲਿਆ ਹੈ। ਇਸ ਘਟਨਾ ਦੇ ਪਿੱਛੇ ਦੀ ਕਹਾਣੀ 2017 ਦੀ ਹੈ, ਹਾਲਾਂਕਿ ਅਜੇ ਤੱਕ ਕਿਸੇ ਵੀ ਅਧਿਕਾਰੀ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ।

3 ਅਗਸਤ, 2017 ਨੂੰ, ਅੰਮ੍ਰਿਤਸਰ ਦੇ ਬਲਵਿੰਦਰ ਸਿੰਘ ਨੂੰ STF ਅੰਮ੍ਰਿਤਸਰ ਪੁਲਿਸ ਨੇ ਸਿਵਲ ਹਸਪਤਾਲ ਪੱਟੀ ਤੋਂ ਚੁੱਕਿਆ ਸੀ। ਬਾਅਦ ਵਿੱਚ ਉਸ 'ਤੇ ਹੈਰੋਇਨ ਰੱਖਣ ਦਾ ਦੋਸ਼ ਲਗਾਇਆ ਗਿਆ ਸੀ। ਉਸ 'ਤੇ 1 ਕਿਲੋ ਹੈਰੋਇਨ ਲਗਾਈ ਗਈ ਸੀ। ਉਸ 'ਤੇ ਪਾਕਿਸਤਾਨ ਤੋਂ ਹੈਰੋਇਨ ਮੰਗਵਾਉਣ ਦਾ ਵੀ ਦੋਸ਼ ਲਗਾਇਆ ਗਿਆ ਸੀ। ਮਾਮਲੇ ਵਿੱਚ ਤਿੰਨ ਹੋਰ ਮੁਲਜ਼ਮਾਂ ਦੇ ਨਾਮ ਸ਼ਾਮਲ ਕੀਤੇ ਗਏ ਸਨ। ਬਾਅਦ ਵਿੱਚ ਬਲਵਿੰਦਰ ਨੇ ਮਾਮਲੇ ਦੀ ਜਾਂਚ ਲਈ ਹਾਈ ਕੋਰਟ ਵਿੱਚ ਅਪੀਲ ਕੀਤੀ।

**ਬਲਵਿੰਦਰ ਵਿਰੁੱਧ ਇੱਕ ਪੂਰਕ ਚਾਰਜਸ਼ੀਟ ਦਾਇਰ ਕੀਤੀ ਗਈ ਸੀ**

STF ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਹੈਰੋਇਨ ਦੀ ਇੱਕ ਹੋਰ ਖੇਪ ਭੋਰ ਸਿੰਘ ਨਾਮਕ ਇੱਕ ਮੁਲਜ਼ਮ ਦੇ ਖੇਤਾਂ ਵਿੱਚ ਦੱਬੀ ਹੋਈ ਸੀ। ਇਸ ਤੋਂ ਬਾਅਦ, ਪੁਲਿਸ ਨੇ ਖੇਤ ਵਿੱਚੋਂ 4 ਕਿਲੋ 530 ਗ੍ਰਾਮ ਹੈਰੋਇਨ, ਇੱਕ ਪਿਸਤੌਲ, ਤਿੰਨ ਮੈਗਜ਼ੀਨ ਅਤੇ 56 ਕਾਰਤੂਸ ਬਰਾਮਦ ਕੀਤੇ। ਬਾਅਦ ਵਿੱਚ ਪੁਲਿਸ ਨੇ ਬਲਵਿੰਦਰ ਸਿੰਘ, ਮੇਜਰ ਸਿੰਘ ਅਤੇ ਭੋਰ ਸਿੰਘ ਵਿਰੁੱਧ ਅੰਮ੍ਰਿਤਸਰ ਦੀ ਇੱਕ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ। ਬਲਵਿੰਦਰ ਸਿੰਘ ਵਿਰੁੱਧ ਇੱਕ ਪੂਰਕ ਚਾਰਜਸ਼ੀਟ ਦਾਇਰ ਕੀਤੀ ਗਈ, ਜਿਸ ਵਿੱਚ ਗੁਰਜੰਟ ਸਿੰਘ ਦਾ ਜ਼ਿਕਰ ਨਹੀਂ ਸੀ।

**ਕਾਲ ਵੇਰਵਿਆਂ ਅਤੇ ਸੀਸੀਟੀਵੀ ਫੁਟੇਜ ਨੇ ਸ਼ੱਕ ਪੈਦਾ ਕੀਤਾ**

ਬਲਵਿੰਦਰ ਸਿੰਘ ਨੇ ਹਾਈ ਕੋਰਟ ਤੱਕ ਪਹੁੰਚ ਕੀਤੀ। ਨਵੰਬਰ 2019 ਵਿੱਚ, ਹਾਈ ਕੋਰਟ ਨੇ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ), ਬਿਊਰੋ ਆਫ਼ ਇਨਵੈਸਟੀਗੇਸ਼ਨ ਪ੍ਰਮੋਦ ਬਾਨ ਨੂੰ ਮਾਮਲੇ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ। ਜਾਂਚ ਤੋਂ ਬਾਅਦ, ਡੀਜੀਪੀ ਨੇ ਦਸੰਬਰ 2020 ਵਿੱਚ ਬਲਵਿੰਦਰ ਸਿੰਘ ਦੇ ਕਾਲ ਵੇਰਵੇ, ਸੀਸੀਟੀਵੀ ਫੁਟੇਜ ਅਤੇ ਲੋਕੇਸ਼ਨ ਡੇਟਾ ਹਾਈ ਕੋਰਟ ਵਿੱਚ ਜਮ੍ਹਾਂ ਕਰਵਾਇਆ। ਕਾਲ ਵੇਰਵਿਆਂ ਅਤੇ ਸੀਸੀਟੀਵੀ ਫੁਟੇਜ ਨੇ ਸਵਾਲ ਖੜ੍ਹੇ ਕੀਤੇ, ਅਤੇ ਜਨਵਰੀ 2021 ਵਿੱਚ, ਹਾਈ ਕੋਰਟ ਨੇ ਜਾਂਚ ਸੀਬੀਆਈ ਨੂੰ ਤਬਦੀਲ ਕਰ ਦਿੱਤੀ। ਹੁਣ, ਪੰਜਾਬ ਪੁਲਿਸ ਨੇ ਇੱਕ ਵਾਰ ਫਿਰ ਇਸ ਮਾਮਲੇ ਵਿੱਚ ਕਾਰਵਾਈ ਕੀਤੀ ਹੈ।

ਬਲਵਿੰਦਰ ਦੇ ਨਾਮ 'ਤੇ 1 ਕਿਲੋਗ੍ਰਾਮ ਹੈਰੋਇਨ ਦਿਖਾਈ ਗਈ ਸੀ

ਜਾਂਚ ਵਿੱਚ ਪਤਾ ਲੱਗਾ ਕਿ ਗੁਰਜੰਟ ਸਿੰਘ ਉਰਫ਼ ਸੋਨੂੰ ਨਾਮਕ ਵਿਅਕਤੀ ਤੋਂ ਇੱਕ ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਪੂਰੀ ਹੈਰੋਇਨ ਬਲਵਿੰਦਰ ਸਿੰਘ ਦੇ ਨਾਮ 'ਤੇ ਦਿਖਾਈ ਗਈ ਸੀ। ਗੁਰਜੰਟ ਸਿੰਘ ਨੂੰ ਛੱਡ ਦਿੱਤਾ ਗਿਆ। ਪੁਲਿਸ ਨੇ ਬਲਵਿੰਦਰ ਸਿੰਘ ਨੂੰ ਫਸਾਉਣ ਲਈ ਇੱਕ ਕਹਾਣੀ ਘੜੀ।

# ਪੇਜ ਇੱਕ ਦੀ ਬਾਕੀ

## ਹੈਤੀ 'ਚ ਤੂਫ਼ਾਨ...

ਦਾ ਸਿਰਫ਼ ਇਕ ਅਧਿਕਾਰੀ ਹੀ ਪ੍ਰਭਾਵਿਤ ਇਲਾਕੇ 'ਚ ਮੌਜੂਦ ਹੈ, ਜਿਸ ਨਾਲ ਰਾਹਤ ਕੰਮ ਤੇਜ਼ੀ ਨਾਲ ਨਹੀਂ ਚੱਲ ਸਕੇ।

**ਜਮੈਕਾ 'ਚ ਤੂਫ਼ਾਨ ਦੀ ਦਹਿਸ਼ਤ :** ਜਮੈਕਾ 'ਚ ਵੀ ਤੂਫ਼ਾਨ ਨੇ ਭਾਰੀ ਤਬਾਹੀ ਮਚਾਈ। ਇਥੇ ਇੱਕ ਬੱਚੇ ਦੀ ਮੌਤ ਹੋ ਗਈ ਜਦੋਂ ਇਕ ਦਰੱਖਤ ਉਸ 'ਤੇ ਡਿੱਗ ਪਿਆ। ਤੂਫ਼ਾਨ ਦੀ ਗਤੀ 185 ਮੀਲ ਪ੍ਰਤੀ ਘੰਟਾ (ਲਗਭਗ 295 ਕਿਲੋਮੀਟਰ ਪ੍ਰਤੀ ਘੰਟਾ) ਦਰਜ ਕੀਤੀ ਗਈ, ਜੋ ਅਟਲਾਂਟਿਕ ਮਹਾਂਸਾਗਰ ਦੇ ਸਭ ਤੋਂ ਤਾਕਤਵਰ ਤੂਫ਼ਾਨਾਂ 'ਚੋਂ ਇਕ ਹੈ। ਜਮੈਕਾ ਦੇ ਮੰਤਰੀ ਅਬਕਾ ਫਿਟਜ਼-ਹੈਨਲੇ ਨੇ ਦੱਸਿਆ ਕਿ ਸਭ ਤੋਂ ਵੱਧ ਨੁਕਸਾਨ ਦੱਖਣ-ਪੱਛਮੀ ਅਤੇ ਉੱਤਰ-ਪੱਛਮੀ ਖੇਤਰਾਂ 'ਚ ਹੋਇਆ ਹੈ। ਕਈ ਘਰ ਢਹਿ ਗਏ ਹਨ ਅਤੇ ਕਈ ਸੜਕਾਂ ਬੰਦ ਹੋ ਚੁੱਕੀਆਂ ਹਨ।

**ਕਿਊਬਾ 'ਚ ਹਾਲਾਤ ਗੰਭੀਰ :** ਅਧਿਕਾਰੀਆਂ ਮੁਤਾਬਕ, ਪੂਰਬੀ ਕਿਊਬਾ ਵਿੱਚ ਲਗਭਗ 7 ਲੱਖ 35 ਹਜ਼ਾਰ ਲੋਕ ਅਜੇ ਵੀ ਆਸ਼ਰਮ ਘਰਾਂ 'ਚ ਰਹਿ ਰਹੇ ਹਨ। ਹਾਲਾਂਕਿ 'ਮੇਲਿਸਾ' ਦੇ ਕਿਊਬਾ ਪਾਰ ਕਰਦੇ ਸਮੇਂ ਕੁਝ ਕਮਜ਼ੋਰ ਹੋਣ ਦੀ ਸੰਭਾਵਨਾ ਹੈ, ਪਰ ਇਹ ਦੱਖਣ-ਪੂਰਬੀ ਜਾਂ ਮੱਧ ਬਹਾਮਾਸ ਤੋਂ ਲੰਘਦਿਆਂ ਫਿਰ ਤਾਕਤਵਰ ਹੋ ਸਕਦਾ ਹੈ। ਅਨੁਮਾਨ ਹੈ ਕਿ ਵੀਰਵਾਰ ਦੀ ਰਾਤ ਤੱਕ ਇਹ ਤੂਫ਼ਾਨ ਬਰਮੂਡਾ ਦੇ ਨੇੜੇ ਪਹੁੰਚ ਜਾਵੇਗਾ।

## ਬ੍ਰਾਜ਼ੀਲ ਦੇ ਰੀਓ ਡੀ...

80 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਕਾਰਵਾਈ ਨੇ ਨੇੜੇ ਰਹਿੰਦੇ ਲਗਭਗ 300,000 ਵਸਨੀਕਾਂ ਵਿੱਚ ਦਹਿਸ਼ਤ ਫੈਲਾ ਦਿੱਤੀ। ਲੋਕ ਸਥਿਤੀ ਨੂੰ "ਯੁੱਧ ਖੇਤਰ" ਦੱਸ ਰਹੇ ਹਨ। ਗੋਲੀਬਾਰੀ ਵਿੱਚ ਕਈ ਨਾਗਰਿਕ ਵੀ ਜ਼ਖਮੀ ਹੋਏ, ਜਦੋਂ ਕਿ ਕਈ ਸੜਕਾਂ ਬੰਦ ਹਨ। ਇਲਾਕੇ ਦੇ ਵਸਨੀਕਾਂ ਨੇ ਦੱਸਿਆ ਕਿ ਦਿਨ ਭਰ ਗੋਲੀਆਂ ਅਤੇ ਧਮਾਕਿਆਂ ਦੀਆਂ ਆਵਾਜ਼ਾਂ ਗੂੰਜਦੀਆਂ ਰਹੀਆਂ, ਜਿਸ ਕਾਰਨ ਲੋਕ ਆਪਣੇ ਘਰਾਂ ਤੋਂ ਬਾਹਰ ਨਹੀਂ ਨਿਕਲ ਸਕੇ। ਬ੍ਰਾਜ਼ੀਲ ਸਰਕਾਰ ਦੇ ਅਨੁਸਾਰ, ਇਸ ਖੇਤਰ ਨੂੰ ਰੈੱਡ ਕਮਾਂਡ ਲਈ ਇੱਕ ਮੁੱਖ ਅਧਾਰ ਮੰਨਿਆ ਜਾਂਦਾ ਹੈ। ਇਹ ਗਿਰੋਹ ਲੰਬੇ ਸਮੇਂ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ, ਹਥਿਆਰਾਂ ਦੀ ਸਪਲਾਈ ਅਤੇ ਤੱਟਵਰਤੀ ਮਾਰਗਾਂ ਦੇ ਨਿਯੰਤਰਣ ਲਈ ਜਾਣਿਆ ਜਾਂਦਾ ਹੈ। ਪੁਲਿਸ ਨੇ ਦੱਸਿਆ ਕਿ ਕਾਰਵਾਈ ਵਿੱਚ 200 ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ, ਕਈ ਰਾਈਫਲਾਂ ਅਤੇ ਹੋਰ ਹਥਿਆਰ ਬਰਾਮਦ ਕੀਤੇ ਗਏ ਹਨ।

## ਕੈਨੇਡਾ 'ਚ ਪੰਜਾਬੀ...

ਸੱਭ ਤੋਂ ਵੱਡੀਆਂ ਕੱਪੜਿਆਂ ਦੀ ਰੀਸਾਈਕਲਿੰਗ ਕੰਪਨੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਪੁਲਿਸ ਦੇ ਅਨੁਸਾਰ, ਸੋਮਵਾਰ ਸਵੇਰੇ 9:30 ਵਜੇ (ਕੈਨੇਡੀਅਨ ਸਮੇਂ ਅਨੁਸਾਰ) ਰਿਜਵਿਊ ਅਤੇ ਸਮਿਟ ਡਰਾਈਵ ਦੇ ਕੋਨੇ 'ਤੇ ਅਪਣੀ ਕਾਰ ਵਿਚ ਬੈਠੇ ਸਹਾਸੀ 'ਤੇ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਚਲਾਈਆਂ। ਪੁਲਿਸ ਮੌਕੇ 'ਤੇ ਪਹੁੰਚੀ, ਪਰ ਸਹਾਸੀ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਘਟਨਾ ਤੋਂ ਬਾਅਦ, ਪੁਲਿਸ ਨੇ ਇਲਾਕੇ ਵਿਚ ਭਾਰੀ ਸੁਰੱਖਿਆ ਘੇਰਾਬੰਦੀ ਕਰ ਦਿਤੀ ਅਤੇ ਸਾਵਧਾਨੀ ਵਜੋਂ ਨੇੜਲੇ ਤਿੰਨ ਸਕੂਲ ਅਸਥਾਈ ਤੌਰ 'ਤੇ ਬੰਦ ਕਰ ਦਿਤੇ ਗਏ। ਕੈਨੇਡੀਅਨ ਪੁਲਿਸ ਵਲੋਂ ਜਾਰੀ ਬਿਆਨ ਅਨੁਸਾਰ, ਕਤਲ ਦੇ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ ਹੈ ਤੇ ਜਾਂਚ ਸ਼ੁਰੂ ਕਰ ਦਿਤੀ ਗਈ ਹੈ। ਪੁੱਤਰ ਨੇ ਕਿਹਾ, "ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ।" ਇਸ ਦੌਰਾਨ, ਦਰਸ਼ਨ ਸਿੰਘ ਦੇ ਪੁੱਤਰ ਅਰਪਨ ਨੇ ਕਿਹਾ ਕਿ ਉਸ ਦੇ ਪਿਤਾ ਦੀ ਕਿਸੇ ਨਾਲ ਕੋਈ ਦੁਸ਼ਮਣੀ ਜਾਂ ਝਗੜਾ ਨਹੀਂ ਸੀ। "ਸਾਨੂੰ ਸਮਝ ਨਹੀਂ ਆ ਰਿਹਾ ਕਿ ਇਹ ਕਿਸ ਨੇ ਅਤੇ ਕਿਉਂ ਕੀਤਾ। ਕੋਈ ਧਮਕੀ, ਬਲੈਕਮੇਲ ਜਾਂ ਜਬਰੀ ਵਸੂਲੀ ਦੀ ਮੰਗ ਨਹੀਂ ਕੀਤੀ ਗਈ।" ਅਰਪਨ ਨੇ ਅੱਗੇ ਦੱਸਿਆ ਕਿ ਉਸ ਦੇ ਪਿਤਾ ਪੰਜਾਬ ਵਿਚ ਇਕ ਕਿਸਾਨ ਸਨ, ਫਿਰ ਇਕ ਕਰੂਜ਼ ਜਹਾਜ਼ 'ਤੇ ਕੰਮ ਕਰਦੇ ਸਨ। ਇਸ ਤੋਂ ਬਾਅਦ, ਉਹ ਕੈਨੇਡਾ ਆਏ ਅਤੇ ਇਕ ਕਾਰੋਬਾਰ ਸ਼ੁਰੂ ਕੀਤਾ। ਉਹ ਹਮੇਸ਼ਾ ਲੋਕਾਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਸਨ। ਰਿਪੋਰਟਾਂ ਅਨੁਸਾਰ, ਦਰਸ਼ਨ ਸਿੰਘ ਅਤੇ ਉਸ ਦਾ ਪੂਰਾ ਪਰਵਾਰ ਕੈਨੇਡਾ ਵਿਚ ਵਸਿਆ ਹੋਇਆ ਹੈ। ਸਹਾਸੀ ਅਪਣੀ ਵਿੱਤੀ ਸਹਾਇਤਾ ਅਤੇ ਸਮਾਜਕ ਕਾਰਜਾਂ ਲਈ ਸਥਾਨਕ ਪੰਜਾਬੀ ਭਾਈਚਾਰੇ ਵਿਚ ਵੀ ਪ੍ਰਸਿੱਧ ਸੀ।

ਐਬਟਸਫੋਰਡ ਪੁਲਿਸ ਨੇ ਕਤਲ ਦੇ ਪਿੱਛੇ ਦੇ ਉਦੇਸ਼ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਪੁਲਿਸ ਨੇ ਕਿਹਾ ਕਿ ਮੁਢਲੀ ਜਾਂਚ ਨਿਸ਼ਾਨਾ ਬਣਾ ਕੇ ਕੀਤੀ ਗਈ ਹਿੰਸਾ ਦਾ ਸੰਕੇਤ ਦਿੰਦੀ ਹੈ, ਪਰ ਉਦੇਸ਼ ਅਜੇ ਵੀ ਸਪੱਸ਼ਟ ਨਹੀਂ ਹੈ। ਜਾਂਚ ਨੂੰ ਏਕੀਕ੍ਰਿਤ ਹੋਮੀਸਾਈਡ ਜਾਂਚ ਟੀਮ ਨੂੰ ਤਬਦੀਲ ਕਰ ਦਿਤਾ ਗਿਆ ਹੈ। ਇਸ ਸਮੇਂ ਇਲਾਕੇ ਵਿਚ ਤਣਾਅ ਹੈ ਅਤੇ ਪੁਲਿਸ ਚੌਕਸ ਹੈ। ਜ਼ਿਕਰਯੋਗ ਹੈ ਕਿ ਦਰਸ਼ਨ ਸਿੰਘ ਸਾਹਸੀ ਦਾ ਕੈਨਮ ਗਰੁੱਪ ਇਕ ਮੋਹਰੀ ਗਲੋਬਲ ਟੈਕਸਟਾਈਲ ਰੀਸਾਈਕਲਿੰਗ ਕੰਪਨੀ ਹੈ, ਜੋ 40 ਤੋਂ ਵੱਧ ਦੇਸ਼ਾਂ ਵਿਚ ਫੈਲੀ ਹੋਈ ਹੈ। ਕੰਪਨੀ ਨੇ 1990 ਦੇ ਦਹਾਕੇ ਤੋਂ ਟੈਕਸਟਾਈਲ ਉਦਯੋਗ ਵਿਚ ਇਕ ਸਥਾਨ ਬਣਾਇਆ ਹੈ। ਅੱਜ ਤਕ, ਇਸ ਨੇ 2 ਬਿਲੀਅਨ ਪੌਂਡ ਤੋਂ ਵੱਧ ਟੈਕਸਟਾਈਲ ਰਹਿੰਦ-ਖੂੰਹਦ ਨੂੰ ਰੀਸਾਈਕਲ ਕੀਤਾ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਪਰਵਾਰ ਵਰਗੇ ਮਾਹੌਲ ਵਿਚ ਰੁਜ਼ਗਾਰ ਪ੍ਰਦਾਨ ਕੀਤਾ ਗਿਆ ਹੈ। 1,800 ਤੋਂ ਵੱਧ ਕਰਮਚਾਰੀ ਕੰਪਨੀ ਨਾਲ ਜੁੜੇ ਹੋਏ ਹਨ। ਕੰਪਨੀ ਹਰ ਰੋਜ਼ ਲਗਭਗ 500,000 ਪੌਂਡ ਟੈਕਸਟਾਈਲ ਦੀ ਮੁੜ ਵਰਤੋਂ ਅਤੇ ਰੀਸਾਈਕਲ ਕਰਦੀ ਹੈ।

## ਟੈਰਿਫਾਂ ਨੂੰ ਲੈ ਕੇ ਚੀਨੀ...

ਦੱਖਣੀ ਬੰਦਰਗਾਹੀ ਸ਼ਹਿਰ ਬੁਸਾਨ ਵਿੱਚ ਹੋਈ ਇਹ ਮੁਲਾਕਾਤ ਟਰੰਪ ਦੇ ਇਸ ਸਾਲ ਜਨਵਰੀ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਦੋਵਾਂ ਆਗੂਆਂ ਦਰਮਿਆਨ ਪਹਿਲੀ ਮਿਲਣੀ ਸੀ। ਬੈਠਕ ਤੋਂ ਪਹਿਲਾਂ ਟਰੰਪ ਨੇ ਸ਼ੀ ਨਾਲ ਹੱਥ ਮਿਲਾਉਂਦੇ ਹੋਏ ਕਿਹਾ, ''ਸਾਡੀ ਇਹ ਮੁਲਾਕਾਤ ਬਹੁਤ ਸਫ਼ਲ ਹੋਣ ਜਾ ਰਹੀ ਹੈ, ਤੇ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਹੈ। ਪਰ ਉਹ (ਸ਼ੀ) ਇੱਕ ਬਹੁਤ ਹੀ ਸਖ਼ਤ ਵਾਰਤਾਕਾਰ ਹਨ।'' ਦੋਵੇਂ ਆਗੂ ਜਦੋਂ ਗੱਲਬਾਤ ਸ਼ੁਰੂ ਕਰਨ ਲਈ ਆਪਣੇ ਵਫ਼ਦਾਂ ਨਾਲ ਬੈਠੇ, ਤਾਂ ਸ਼ੀ ਨੇ ਇੱਕ ਅਨੁਵਾਦਕ ਰਾਹੀਂ ਟਰੰਪ ਨੂੰ ਦੱਸਿਆ ਕਿ ਦੁਨੀਆ ਦੇ ਦੋ ਪ੍ਰਮੁੱਖ ਅਰਥਚਾਰਿਆਂ ਵਿੱਚ ਕਦੇ-ਕਦੇ ਟਕਰਾਅ ਹੋਣਾ ਸੁਭਾਵਕ ਤੇ ਆਮ ਗੱਲ ਹੈ। ਚੀਨੀ ਸਦਰ ਨੇ ਕਿਹਾ, ''ਕੁਝ ਦਿਨ ਪਹਿਲਾਂ... ਸਾਡੀਆਂ ਦੋ ਆਰਥਿਕ ਅਤੇ ਵਪਾਰਕ ਟੀਮਾਂ ਆਪਣੀਆਂ ਮੁੱਖ ਚਿੰਤਾਵਾਂ ਨੂੰ ਹੱਲ ਕਰਨ ਬਾਰੇ ਬੁਨਿਆਦੀ ਸਹਿਮਤੀ 'ਤੇ ਪਹੁੰਚੀਆਂ। ਇਹ ਮੀਟਿੰਗ ਉਤਸ਼ਾਹਜਨਕ ਰਹੀ... ਮੈਂ ਚੀਨ-ਅਮਰੀਕਾ ਸਬੰਧਾਂ ਲਈ ਇੱਕ ਠੋਸ ਨੀਂਹ ਤਿਆਰ ਕਰਨ ਵਾਸਤੇ ਤੁਹਾਡੇ ਨਾਲ ਕੰਮ ਕਰਨਾ ਜਾਰੀ ਰੱਖਣ ਲਈ ਤਿਆਰ ਹਾਂ।'' ਬੁੱਧਵਾਰ ਨੂੰ ਦੱਖਣੀ ਕੋਰੀਆ ਨਾਲ ਵਪਾਰਕ ਗੱਲਬਾਤ ਵਿੱਚ ਮਿਲੀ ਸਫਲਤਾ ਤੋਂ ਉਤਸ਼ਾਹਿਤ ਟਰੰਪ ਨੇ ਸ਼ੀ ਨਾਲ ਵਪਾਰ ਸਮਝੌਤਾ ਸਿਰੇ ਚੜ੍ਹਨ ਦੀ ਆਸ ਜਤਾਈ ਸੀ।

## ਕੈਨੇਡਾ ਸਰਕਾਰ ਦਾ...

ਅਤੇ 1,734 ਅਮਰੀਕੀ ਨਾਗਰਿਕ ਸ਼ਾਮਲ ਹਨ। ਕੁੱਲ 30,733 ਲੋਕਾਂ ਨੇ ਸ਼ਰਨ ਲਈ ਅਰਜ਼ੀ ਦਿੱਤੀ ਸੀ। ਪਬਲਿਕ ਸੇਫਟੀ ਮਨਿਸਟਨ ਅੰਸਾਰੀ ਨੇ ਇਹ ਦਾਅਵਾ ਕੀਤਾ ਹੈ ਕਿ ਸਾਲ 2024-25 ਦੌਰਾਨ 18 ਹਜ਼ਾਰ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।

**ਨਿਰਵਾਸਨ (Deportation) ਦੇ ਜ਼ਰੂਰੀ ਨਿਯਮ**

ਕੈਨੇਡਾ ਵਿੱਚ ਦੇਸ਼ ਨਿਕਾਲੇ ਦੇ ਹੁਕਮਾਂ ਦੀਆਂ 3 ਕਿਸਮਾਂ ਹਨ, ਜਿਨ੍ਹਾਂ ਲਈ ਵੱਖ-ਵੱਖ ਨਿਯਮ ਲਾਗੂ ਕੀਤੇ ਜਾਂਦੇ ਹਨ:

1. ਜਦੋਂ ਕਿਸੇ ਵਿਅਕਤੀ ਵਿਰੁੱਧ ਦੇਸ਼ ਨਿਕਾਲੇ ਦਾ ਆਦੇਸ਼ ਪ੍ਰਭਾਵੀ ਹੋ ਜਾਂਦਾ ਹੈ ਤਾਂ ਉਸ ਨੂੰ 30 ਦਿਨਾਂ ਦੇ ਅੰਦਰ ਕੈਨੇਡਾ ਛੱਡਣਾ ਲਾਜ਼ਮੀ ਹੁੰਦਾ ਹੈ।
2. ਜੇ ਕੋਈ ਵਿਅਕਤੀ 30 ਦਿਨਾਂ ਦੇ ਅੰਦਰ ਕੈਨੇਡਾ ਨਹੀਂ ਛੱਡਦਾ ਤਾਂ ਉਸ ਨੂੰ ਡਿਪੋਰਟੇਸ਼ਨ ਹੁਕਮ ਜਾਰੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ, ਉਹ ਵਿਅਕਤੀ ਇੱਕ ਸਾਲ ਤੱਕ ਕੈਨੇਡਾ ਵਾਪਸ ਨਹੀਂ ਪਰਤ ਸਕਦਾ, ਜਦੋਂ ਤੱਕ ਉਸ ਨੂੰ ਲਿਖਤੀ ਆਗਿਆ ਨਾ ਮਿਲੇ।
3. ਜੇ ਕਿਸੇ ਵਿਅਕਤੀ ਨੂੰ ਬੈਨ ਕੀਤਾ ਜਾਂਦਾ ਹੈ ਜਾਂ ਉਸ ਨੇ ਜਾਣਬੁੱਝ ਕੇ ਗਲਤ ਜਾਣਕਾਰੀ ਪੇਸ਼ ਕੀਤੀ ਹੈ ਤਾਂ ਉਸ ਨੂੰ ਪੰਜ ਸਾਲ ਤੱਕ ਕੈਨੇਡਾ ਵਿੱਚ ਦਾਖਲੇ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਪੰਨੂ ਨੇ ਦਿਲਜੀਤ ਦੋਸਾਂਝ...

ਕਤਲੇਆਮ ਦੇ ਪੀੜਤਾਂ ਦਾ ਅਪਮਾਨ ਕੀਤਾ ਹੈ। ਅਜਿਹਾ ਕਰਕੇ, ਦੋਸਾਂਝ ਨੇ 1984 ਦੇ ਹਰ ਪੀੜਤ, ਹਰ ਵਿਧਵਾ ਅਤੇ ਹਰ ਅਨਾਥ ਦਾ ਅਪਮਾਨ ਕੀਤਾ ਹੈ। ਪੰਨੂ ਨੇ ਅਮਿਤਾਭ ਬੱਚਨ ਨੂੰ ਵੀ ਧਮਕੀ ਦਿੱਤੀ ਹੈ, ਇਹ ਕਹਿੰਦੇ ਹੋਏ ਕਿ ਉਸਨੇ ਉਸਦੇ ਪੈਰ ਛੂਹ ਕੇ ਸਹੀ ਕੰਮ ਨਹੀਂ ਕੀਤਾ। ਗੁਰਪਤਵੰਤ ਸਿੰਘ ਪੰਨੂ ਨੇ ਦੋਸ਼ ਲਗਾਇਆ ਕਿ ਅਮਿਤਾਭ ਬੱਚਨ ਨੇ 1984 ਦੇ ਕਤਲੇਆਮ ਦੇ ਦੋਸ਼ੀਆਂ ਦਾ ਸਮਰਥਨ ਕੀਤਾ। ਉਸਨੇ ਕਿਹਾ ਕਿ ਅਮਿਤਾਭ ਬੱਚਨ ਨੇ ਕਤਲੇਆਮ ਦਾ ਵਿਰੋਧ ਨਹੀਂ ਕੀਤਾ। ਅਜਿਹੇ ਵਿਅਕਤੀ ਦੇ ਪੈਰ ਛੂਹ ਕੇ, ਦਿਲਜੀਤ ਦੋਸਾਂਝ ਨੇ ਉਨ੍ਹਾਂ ਦੰਗਿਆਂ ਵਿੱਚ ਹਰ ਪੀੜਤ, ਹਰ ਵਿਧਵਾ ਅਤੇ ਹਰ ਅਨਾਥ ਬੱਚੇ ਦਾ ਅਪਮਾਨ ਕੀਤਾ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਦਿਲਜੀਤ ਦੋਸਾਂਝ 1 ਨਵੰਬਰ ਨੂੰ ਆਸਟ੍ਰੇਲੀਆ ਵਿੱਚ ਇੱਕ ਸੰਗੀਤ ਸਮਾਰੋਹ ਕਰ ਰਿਹਾ ਹੈ, ਅਤੇ ਅਕਾਲ ਤਖ਼ਤ ਸਾਹਿਬ ਨੇ ਉਸੇ ਦਿਨ ਸਿੱਖ ਨਸਲਕੁਸ਼ੀ ਯਾਦਗਾਰੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਹੈ। ਇੱਕ ਬਿਆਨ ਵਿੱਚ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਬੱਚਨ ਨੂੰ ਸਨਮਾਨਿਤ ਕਰਕੇ, ਦੋਸਾਂਝ ਨੇ "1984 ਦੇ ਸਿੱਖ ਕਤਲੇਆਮ ਦੇ ਹਰ ਪੀੜਤ, ਵਿਧਵਾ ਅਤੇ ਅਨਾਥ ਦਾ ਅਪਮਾਨ ਕੀਤਾ ਹੈ।" ਪੰਨੂ ਨੇ ਦਾਅਵਾ ਕੀਤਾ ਕਿ ਅਮਿਤਾਭ ਬੱਚਨ ਨੇ 31 ਅਕਤੂਬਰ, 1984 ਨੂੰ "ਖੂਨ ਕਾ ਅਬਦ ਖੂਨ" ਦਾ ਨਾਅਰਾ ਦਿੱਤਾ ਸੀ, ਇਸ ਤਰ੍ਹਾਂ ਭੀੜ ਨੂੰ ਭੜਕਾਇਆ। ਇਸ ਤੋਂ ਬਾਅਦ ਹੀ ਸਿੱਖਾਂ ਦਾ ਕਤਲੇਆਮ ਕਰਨ ਵਾਲੀ ਭੀੜ ਬਾਹਰ ਆਈ।

## ਅਮਰੀਕਾ 'ਚ 1850...

ਟਰੱਕ ਡਰਾਈਵਰਾਂ ਵਿਚੋਂ ਜ਼ਿਆਦਾਤਰ ਨੂੰ ਅੰਗਰੇਜ਼ੀ ਨਹੀਂ ਆਉਂਦੀ ਅਤੇ ਇਨ੍ਹਾਂ ਨੂੰ ਅਮਰੀਕਾ ਦੀਆਂ ਸੜਕਾਂ 'ਤੇ ਡਰਾਈਵਿੰਗ ਕਰਨ ਤੋਂ ਰੋਕਿਆ ਵੀ ਨਹੀਂ ਜਾ ਸਕਦਾ। ਕੈਲੇਫੋਰਨੀਆ, ਟੈਕਸਸ ਅਤੇ ਨਿਊ ਮੈਕਸੀਕੋ ਵਰਗੇ ਰਾਜਾਂ ਵਿਚੋਂ ਇਹ ਅਮਰੀਕਾ ਵਿਚ ਦਾਖਲ ਹੁੰਦੇ ਹਨ ਅਤੇ ਲਾਅ ਐਨਫੋਰਸਮੈਂਟ ਅਫ਼ਸਰਾਂ ਦੀ ਸਖ਼ਤੀ ਇਨ੍ਹਾਂ ਵਾਸਤੇ ਮੁਸ਼ਕਲਾਂ ਪੈਦਾ ਕਰ ਰਹੀ ਹੈ। ਇਥੇ ਦਸਣਾ ਬਣਦਾ ਹੈ ਕਿ ਫ਼ਲੋਰੀਡਾ ਵਿਚ ਹਰਜਿੰਦਰ ਸਿੰਘ ਨਾਲ ਸਬੰਧਤ ਹਾਦਸੇ ਮਗਰੋਂ ਟਰੱਕ ਡਰਾਈਵਰਾਂ ਵਾਸਤੇ ਅੰਗਰੇਜ਼ੀ ਵਿਚ ਮੁਹਾਰਤ ਦਾ ਨਿਯਮ ਸਖ਼ਤੀ ਨਾਲ ਲਾਗੂ ਕੀਤਾ ਗਿਆ ਹੈ। ਇਸੇ ਦੌਰਾਨ ਵਾਸ਼ਿੰਗਟਨ ਟਾਈਮਜ਼ ਵੱਲੋਂ ਪ੍ਰਕਾਸ਼ਤ ਇਕ ਤਾਜ਼ਾ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਹੁਣ ਵੀ ਹਜ਼ਾਰਾਂ ਦੀ ਗਿਣਤੀ ਵਿਚ ਟਰੱਕ ਡਰਾਈਵਰ ਅਜਿਹੇ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਅਤੇ ਲਗਾਤਾਰ ਟਰੱਕ ਡਰਾਈਵਿੰਗ ਕਰ ਰਹੇ ਹਨ।

ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਇਕ ਟਰੱਕ ਡਰਾਈਵਰ ਦੀ ਵੀਡੀਓ ਸਾਂਝੀ ਕੀਤੀ ਗਈ ਹੈ ਜਿਸ ਨੂੰ ਲਾਅ ਐਨਫ਼ੋਰਸਮੈਂਟ ਵਾਲਿਆਂ ਨੇ ਰੋਕ ਕੇ ਅੰਗਰੇਜ਼ੀ ਵਿਚ ਸਵਾਲ ਪੁੱਛੇ ਤਾਂ ਉਹ ਤਸੱਲੀਬਖ਼ਸ਼ ਜਵਾਬ ਨਾ ਦੇ ਸਕਿਆ। ਟਰੱਕ ਡਰਾਈਵਰ ਦੀ ਵੀਡੀਓ 'ਤੇ ਟਿੱਪਣੀ ਕਰਦਿਆਂ ਹੋਮਲੈਂਡ ਸਕਿਊਰਿਟੀ ਮੰਤਰੀ ਕ੍ਰਿਸਟੀ ਨੌਇਮ ਨੇ ਕਿਹਾ ਕਿ ਅਮਰੀਕਾ ਦੇ ਹਾਈਵੇਜ਼ 'ਤੇ ਲੋਕਾਂ ਵਾਸਤੇ ਖਤਰਾ ਪੈਦਾ ਕਰਨ ਵਾਲਿਆਂ ਨੂੰ ਡਰਾਈਵਿੰਗ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ ਅਤੇ ਅੰਗਰੇਜ਼ੀ ਤੋਂ ਕੋਰੇ ਹਰ ਡਰਾਈਵਰ ਨੂੰ ਹਟਾਏ ਜਾਣ ਤੱਕ ਇਹ ਮੁਹਿੰਮ ਜਾਰੀ ਰਹੇਗੀ। ਇਸੇ ਦੌਰਾਨ ਟ੍ਰਾਂਸਪੋਰਟੇਸ਼ਨ ਮੰਤਰੀ ਸ਼ੌਨ ਡਫ਼ੀ ਨੇ ਕਿਹਾ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਪਨਾਹ ਦੇਣ ਵਾਲੇ ਰਾਜਾਂ ਨਾਲ ਸਬੰਧਤ ਸਿਆਸਤਦਾਨਾਂ ਨੂੰ ਜਵਾਬਦੇਹ ਬਣਾਇਆ ਜਾ ਰਿਹਾ ਹੈ ਅਤੇ ਅਮਰੀਕਾ ਦੀਆਂ ਸੜਕਾਂ 'ਤੇ ਮੁੜ ਸੁਰੱਖਿਆ ਯਕੀਨੀ ਬਣਾਈ ਜਾਵੇਗੀ।

## ਕੈਨੇਡਾ ਅਤੇ ਕੀਨੀਆ...

ਡੈਨਿਸ਼ ਏਅਰਪੋਰਟ ਅਥਾਰਟੀ ਨਵੀਏਅਰ ਨੇ ਦੱਸਿਆ ਕਿ ਹਵਾਈ ਜਹਾਜ਼ ਰਾਡਾਰ ਤੋਂ ਗਾਇਬ ਹੋਣ ਮਗਰੋਂ ਗਰੀਨਲੈਂਡ ਦੇ ਉਤਰੀ ਇਲਾਕੇ ਵਿਚ ਡਿੱਗਿਆ। ਦੂਰ-ਦਰਾਡੇ ਦਾ ਇਲਾਕਾ ਹੋਣ ਕਾਰਨ ਰਾਹਤ ਟੀਮਾਂ ਤੁਰਤ ਮੌਕੇ 'ਤੇ ਨਾ ਪੁੱਜ ਸਕੀਆਂ ਅਤੇ ਹਾਦਸੇ ਦਾ ਕਾਰਨ ਸੰਘਣੀ ਧੁੰਦ ਦੱਸਿਆ ਜਾ ਰਿਹਾ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪਹਾੜਾਂ 'ਤੇ ਡਿੱਗੇ ਹਵਾਈ ਜਹਾਜ਼ ਦੇ ਮਲਬੇ ਤੱਕ ਪੁੱਜਣ ਵਿਚ ਕਈ ਦਿਨ ਲੱਗ ਸਕਦੇ ਹਨ। ਗਰੀਨਲੈਂਡ ਪੁਲਿਸ ਦੇ ਬ੍ਰਾਇਨ ਥੌਂਪਸਨ ਦਾ ਕਹਿਣਾ ਸੀ ਕਿ ਫ਼ਿਲਹਾਲ ਹਾਦਸੇ ਬਾਰੇ ਵਿਸਤਾਰਤ ਜਾਣਕਾਰੀ ਮੁਹੱਈਆ ਕਰਵਾਉਣੀ ਮੁਸ਼ਕਲ ਹੈ। ਦੂਜੇ ਪਾਸੇ ਕੀਨੀਆ ਦੇ ਤਟਵਰਤੀ ਇਲਾਕੇ ਵਿਚ ਮੰਗਲਵਾਰ ਸਵੇਰੇ ਮਸਾਈ ਮਾਰਾ ਨੈਸ਼ਨਲ ਰਿਜ਼ਰਵ ਵੱਲ ਜਾ ਰਿਹਾ ਹਵਾਈ ਜਹਾਜ਼ ਕਰੈਸ਼ ਹੋਣ ਕਾਰਨ 12 ਜਣਿਆਂ ਦੀ ਮੌਤ ਹੋ ਗਈ। ਕੀਨੀਆ ਸਿਵਲ ਐਵੀਏਸ਼ਨ ਅਥਾਰਟੀ ਨੇ ਦੱਸਿਆ ਕਿ ਹਾਦਸਾ ਡਾਇਨੀ ਹਵਾਈ ਪੱਟੀ ਤੋਂ 40 ਕਿਲੋਮੀਟਰ ਦੂਰ ਵਾਪਰਿਆ ਅਤੇ ਮਰਨ ਵਾਲਿਆਂ ਦੀ ਸ਼ਨਾਖਤ ਤੈਅ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਜੋ ਸੰਭਾਵਤ ਤੌਰ 'ਤੇ ਵਿਦੇਸ਼ੀ ਨਾਗਰਿਕ ਸਨ। ਹਵਾਈ ਜਹਾਜ਼ ਨੇ ਡਾਇਨੀ ਤੋਂ ਕਿਚਵਾ ਟੈਂਬਾ ਜਾਣ ਵਾਸਤੇ ਉਡਾਣ ਭਰੀ ਪਰ ਰਾਹ ਵਿਚ ਕੋਈ ਨੁਕਸ ਪੈਦਾ ਹੋਣ ਕਾਰਨ ਧਰਤੀ 'ਤੇ ਜਾ ਡਿੱਗਾ। ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ ਪਰ ਖਰਾਬ ਮੌਸਮ ਹਾਦਸੇ ਦਾ ਮੁੱਖ ਕਾਰਨ ਹੋ ਸਕਦਾ ਹੈ।

# ਵਿਚੋਲੇ ਕ੍ਰਿਸ਼ਨੂੰ ਸਾਰਦਾ ਦਾ ਸੀਬੀਆਈ ਨੂੰ ਮਿਲਿਆ 9 ਦਿਨ ਦਾ ਰਿਮਾਂਡ



ਚੰਡੀਗੜ੍ਹ : ਡੀਆਈਜੀ ਹਰਚਰਨ ਸਿੰਘ ਭੁੱਲਰ ਮਾਮਲੇ ਦੇ ਵਿੱਚ ਵਿਚੋਲੇ ਕ੍ਰਿਸ਼ਨੂੰ ਦਾ ਸੀਬੀਆਈ ਨੂੰ 9 ਦਿਨ ਦਾ ਰਿਮਾਂਡ ਮਿਲ ਗਿਆ ਹੈ। ਕ੍ਰਿਸ਼ਨੂੰ ਦੇ ਵਕੀਲ ਦਾ ਸੀਬੀਆਈ ਵੱਲੋਂ ਮੰਗੇ 12 ਦਿਨ ਦੇ ਰਿਮਾਂਡ ਦੀ ਮੰਗ ਦਾ ਵਿਰੋਧ ਕੀਤਾ ਗਿਆ ਸੀ। ਪਰ ਹੁਣ ਸੀਬੀਆਈ ਨੂੰ ਵਿਚੋਲੇ ਕ੍ਰਿਸ਼ਨੂੰ ਦਾ 9 ਦਿਨ ਦਾ ਰਿਮਾਂਡ ਹਾਸਲ ਹੋ ਗਿਆ ਹੈ। ਭ੍ਰਿਸ਼ਟਾਚਾਰ ਦੇ ਆਰੋਪਾਂ ਤਹਿਤ ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਉਸਨੂੰ ਪੰਜਾਬ ਸਰਕਾਰ ਵੱਲੋਂ ਮੁਅੱਤਲ ਕਰ ਦਿੱਤਾ ਗਿਆ ਸੀ ਅਤੇ ਇਸ ਵੇਲੇ ਉਹ ਬੁੜੈਲ ਜੇਲ੍ਹ ਵਿੱਚ ਬੰਦ ਹਨ। ਵਿਚੋਲਾ ਕ੍ਰਿਸ਼ਨੂੰ ਵੀ ਜੇਲ੍ਹ ਵਿੱਚ ਬੰਦ ਹੈ। ਸੀਬੀਆਈ ਵੱਲੋਂ ਕਿਹਾ ਗਿਆ ਸੀ ਕਿ ਉਸਨੂੰ ਕ੍ਰਿਸ਼ਨੂੰ ਦੇ 100 ਜੀ.ਬੀ ਡਾਟੇ ਦਾ ਪਤਾ ਲੱਗਿਆ ਹੈ ਅਤੇ ਉਸਦੀ ਵਟਸਐਪ ਚੇਟ ਦਾ ਵੀ ਪਤਾ ਲੱਗਾ ਹੈ ਅਤੇ ਇਸ ਦੀ ਜਾਂਚ ਪੜਤਾਲ ਕੀਤੀ ਜਾਵੇਗੀ ਅਤੇ ਕ੍ਰਿਸ਼ਨੂੰ ਦੇ ਸਬੰਧਾਂ ਦਾ ਪਤਾ ਲਗਾਇਆ ਜਾਵੇਗਾ।










# ਡੌਂਕੀ ਲਾ ਅਮਰੀਕਾ ਜਾ ਰਹੇ 5 ਭਾਰਤੀ ਬਣਾਏ ਬੰਦੀ

## ਲੀਬੀਆ ਤੋਂ ਰਿਹਾਅ ਕਰਵਾ ਕੇ ਲਿਆਈ ਕੈਥਲ ਪੁਲਿਸ



ਨਵੀਂ ਦਿੱਲੀ : ਟਰੰਪ ਸਰਕਾਰ ਵੱਲੋਂ ਵੱਡੀ ਗਿਣਤੀ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ਦੇ ਬਾਵਜੂਦ ਪੰਜਾਬ-ਹਰਿਆਣਾ ਦੇ ਨੌਜਵਾਨਾਂ ਦਾ ਨਾਜਾਇਜ਼ ਪ੍ਰਵਾਸ ਜਾਰੀ ਹੈ ਅਤੇ ਤਾਜ਼ਾ ਮਾਮਲੇ ਤਹਿਤ ਲੀਬੀਆ ਵਿਚ ਫਸੇ ਪੰਜ ਨੌਜਵਾਨਾਂ ਨੂੰ ਸੁਰੱਖਿਅਤ ਕੱਢ ਕੇ ਲਿਆਂਦਾ ਗਿਆ ਹੈ ਜੋ ਟਰੈਵਲ ਏਜੰਟਾਂ ਦੇ ਲਾਰਿਆਂ ਵਿਚ ਫਸ ਕੇ ਲੱਖਾਂ ਰੁਪਏ ਗਵਾ ਬੈਠੇ। 2 ਨੌਜਵਾਨ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਅਤੇ ਤਿੰਨ ਹਰਿਆਣਾ ਦੇ ਕੈਥਲ ਜ਼ਿਲ੍ਹੇ ਨਾਲ ਸਬੰਧਤ ਹਨ ਜਿਨ੍ਹਾਂ ਨੂੰ ਕਥਿਤ ਤੌਰ 'ਤੇ ਬੰਦੀ ਬਣਾਇਆ ਗਿਆ ਪਰ ਠੱਗ ਏਜੰਟਾਂ ਦੇ ਗਿਰੋਹ ਦਾ ਪਰਦਾ ਫਾਸ਼ ਕਰਦਿਆਂ ਕੈਥਲ ਪੁਲਿਸ ਇਨ੍ਹਾਂ ਨੂੰ ਬਚਾਉਣ ਵਿਚ ਸਫ਼ਲ ਰਹੀ।

ਪੁਲਿਸ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਤਿੰਨ ਸਾਲ ਦੌਰਾਨ ਮਨੁੱਖੀ ਤਸਕਰੀ ਦੇ ਦੋਸ਼ ਹੇਠ 21 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਦਕਿ 19 ਪੀੜਤਾਂ ਦੀ ਰਿਹਾਈ ਯਕੀਨੀ ਬਣਾਈ ਗਈ। ਇਕ ਹੋਰ ਮੀਡੀਆ ਰਿਪੋਰਟ ਮੁਤਾਬਕ ਪੰਜ ਨੌਜਵਾਨਾਂ ਨੂੰ ਕੈਨੇਡਾ ਭੇਜਣ ਦਾ ਲਾਰਾ ਲਾ ਕੇ ਲੀਬੀਆ ਵਿਚ ਬੰਦੀ ਬਣਾਇਆ ਗਿਆ ਅਤੇ ਰਿਹਾਈ ਵਾਸਤੇ ਇਨ੍ਹਾਂ ਦੇ ਮਾਪਿਆਂ ਤੋਂ ਮੋਟੀਆਂ ਰਕਮਾਂ ਮੰਗੀਆਂ ਜਾ ਰਹੀਆਂ ਸਨ। ਕੈਥਲ ਦੇ ਬਾਕਲ ਪਿੰਡ ਨਾਲ ਸਬੰਧਤ ਵਿਕਰਮ ਨਾਂ ਦੇ ਨੌਜਵਾਨ ਤੋਂ 32 ਲੱਖ ਰੁਪਏ ਵਸੂਲੇ ਗਏ ਪਰ ਕੈਨੇਡਾ ਭੇਜਣ ਦੀ ਬਜਾਏ ਕੋਲਕਾਤਾ ਵਿਚ ਹੀ ਬੰਦ ਬਣਾ ਦਿਤਾ। ਪਸਤੌਲ ਦੀ ਨੋਕ 'ਤੇ ਮਾਪਿਆਂ ਨੂੰ ਫੋਨ ਕਰਵਾਇਆ ਗਿਆ ਕਿ ਉਹ ਕੈਨੇਡਾ ਪਹੁੰਚ ਚੁੱਕਾ ਹੈ ਪਰ ਜਲਦ ਹੀ ਠੱਗ ਏਜੰਟਾਂ ਦੇ ਗਿਰੋਹ ਦਾ ਪਰਦਾ ਫਾਸ਼ ਹੋ ਗਿਆ ਅਤੇ ਬਿਕਰਮ ਦੀ ਜਾਨ ਬਚ ਗਈ।

# ਜਲੰਧਰ ਦੇ 800 ਪਰਿਵਾਰਾਂ ਨੂੰ ਉਜਾੜਨ ਨਹੀਂ ਦਿੱਤਾ ਜਾਵੇਗਾ: ਪਰਗਟ ਸਿੰਘ

ਚੰਡੀਗੜ੍ਹ: ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪਰਗਟ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਕਾਂਗਰਸ ਪਾਰਟੀ ਕਿਸੇ ਵੀ ਕੀਮਤ 'ਤੇ ਜਲੰਧਰ ਦੇ ਅੰਬੇਡਕਰ ਨਗਰ ਵਿੱਚ 700-800 ਘਰਾਂ ਨੂੰ ਢਾਹੁਣ ਦੀ ਇਜਾਜ਼ਤ ਨਹੀਂ ਦੇਵੇਗੀ। ਇਨ੍ਹਾਂ ਸਾਰੇ ਪਰਿਵਾਰਾਂ ਨੂੰ ਕਾਂਗਰਸ ਪਾਰਟੀ ਵੱਲੋਂ ਕਾਨੂੰਨੀ ਸਹਾਇਤਾ ਸਮੇਤ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।



ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਨਿੱਜੀ ਤੌਰ 'ਤੇ ਦਖਲ ਦੇਣ ਅਤੇ ਇਸ ਮਾਮਲੇ ਨੂੰ ਹੱਲ ਕਰਨ ਤਾਂ ਜੋ ਲੋਕਾਂ ਨੂੰ ਇਨਸਾਫ ਮਿਲ ਸਕੇ। ਜੇਕਰ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਹ ਨਿੱਜੀ ਤੌਰ 'ਤੇ ਮੁੱਖ ਮੰਤਰੀ ਨੂੰ ਵੀ ਮਿਲਣਗੇ। ਪਰਗਟ ਸਿੰਘ ਨੇ ਕਿਹਾ ਕਿ ਮੌਜੂਦਾ ਕਾਂਗਰਸ ਸਰਕਾਰ ਨੇ ਇੱਕ ਪਾਲਿਸੀ ਬਣਾਈ ਸੀ ਕਿ ਜੇਕਰ ਕੋਈ ਵਿਅਕਤੀ 12 ਸਾਲਾਂ ਤੋਂ ਵੱਧ ਸਮੇਂ ਤੋਂ ਜ਼ਮੀਨ 'ਤੇ ਕਾਬਜ਼ ਰਹਿੰਦਾ ਹੈ, ਤਾਂ ਉਸਨੂੰ ਥੋੜ੍ਹੀ ਜਿਹੀ ਰਕਮ ਦੇ ਬਦਲੇ ਮਾਲਕੀ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਕਾਂਗਰਸ ਸਰਕਾਰ ਨੇ ਇਸ ਨੀਤੀ ਨੂੰ ਲਾਗੂ ਕਰਨ ਦੀ ਤਿਆਰੀ ਕੀਤੀ ਸੀ, ਪਰ ਬਦਕਿਸਮਤੀ ਨਾਲ, ਪੰਜਾਬ ਦੀ ਕਾਂਗਰਸ ਸਰਕਾਰ ਇਸ ਤੋਂ ਪਹਿਲਾਂ ਹੀ ਬਦਲ ਗਈ। ਮੌਜੂਦਾ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਨੀਤੀ ਨੂੰ ਨਹੀਂ ਅਪਣਾਇਆ, ਜਿਸ ਕਾਰਨ ਲੋਕ ਇਸਦਾ ਲਾਭ ਨਹੀਂ ਲੈ ਸਕੇ।

ਸਾਬਕਾ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਕਿਹਾ ਕਿ ਇਹ ਸਿਰਫ 700-800 ਘਰਾਂ ਦਾ ਮਾਮਲਾ ਨਹੀਂ ਹੈ, ਸਗੋਂ ਅਣਗਿਣਤ ਪਰਿਵਾਰਾਂ ਨੂੰ ਬੇਦਖਲ ਕਰਨ ਦਾ ਮਾਮਲਾ ਹੈ। ਅਜਿਹਾ ਕਦੇ ਵੀ ਨਹੀਂ ਹੋਣ ਦਿੱਤਾ ਜਾਵੇਗਾ। ਭਾਵੇਂ ਲੋਕਾਂ ਨੇ ਬਿਜਲੀ ਵਿਭਾਗ ਦੀ ਇਸ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ, ਉਹ ਲਗਭਗ 70 ਸਾਲਾਂ ਤੋਂ ਉੱਥੇ ਰਹਿ ਰਹੇ ਹਨ। ਕੁਝ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰ ਬਣਾਏ ਹਨ, ਪਰ ਜ਼ਿਆਦਾਤਰ ਘਰ ਮਿਹਨਤ ਦੀ ਕਮਾਈ ਨਾਲ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਬੇਦਖਲ ਕਰਨ ਦੀ ਬਜਾਏ, 'ਆਪ' ਸਰਕਾਰ ਨੂੰ ਹੁਣ ਉਨ੍ਹਾਂ ਨੂੰ ਥੋੜ੍ਹੀ ਜਿਹੀ ਰਕਮ ਦੇ ਬਦਲੇ ਮਾਲਕੀ ਅਧਿਕਾਰ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਕਬਜ਼ੇ ਦਾ ਸਮਰਥਨ ਨਹੀਂ ਕਰਦੇ, ਪਰ ਇੰਨੇ ਸਾਲਾਂ ਬਾਅਦ ਲੋਕਾਂ ਨੂੰ ਉਜਾੜਨਾ ਸਹੀ ਨਹੀਂ ਹੈ। ਕਾਂਗਰਸ ਇਨ੍ਹਾਂ ਲੋਕਾਂ ਦੇ ਨਾਲ ਉਦੋਂ ਤੱਕ ਖੜ੍ਹੀ ਹੈ ਜਦੋਂ ਤੱਕ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਦਾ ਅਤੇ ਕਾਨੂੰਨੀ ਲੜਾਈ ਲੜਨ ਵਿੱਚ ਉਨ੍ਹਾਂ ਦੀ ਮਦਦ ਵੀ ਕਰੇਗੀ। ਉਨ੍ਹਾਂ ਕਿਹਾ ਕਿ ਅੰਬੇਡਕਰ ਨਗਰ ਨੂੰ ਇੱਕ ਹੋਰ ਲਤੀਫਪੁਰਾ ਨਹੀਂ ਬਣਨ ਦਿੱਤਾ ਜਾਵੇਗਾ।

# ਕੈਨੇਡਾ 'ਚ ਭਾਰਤੀ ਮੂਲ ਦੀ ਕੁੜੀ ਵਿਰੁੱਧ ਨਸਲੀ ਟਿੱਪਣੀਆਂ ਦੀ ਵੀਡੀਓ ਵਾਇਰਲ



ਓਕਵਿਲੇ : ਕੈਨੇਡਾ ਤੋਂ ਨਸਲੀ ਸੋਸ਼ਣ ਦੀ ਇਕ ਵੀਡੀਉ ਕਾਰਨ ਕੈਨੇਡਾ ਅਤੇ ਭਾਰਤ ਵਿਚ ਵੀ ਗੁੱਸਾ ਭੜਕ ਗਿਆ ਹੈ। ਓਨਟਾਰੀਓ ਦੇ ਓਕਵਿਲੇ ਵਿਚ ਇਕ ਫਾਸਟ-ਫੂਡ ਰੈਸਟੋਰੈਂਟ ਵਿਚ ਵਾਪਰੀ ਘਟਨਾ ਦਾ ਵੀਡੀਉ ਵੀ ਵਾਇਰਲ ਹੋ ਰਿਹਾ ਹੈ ਜਿਸ ਵਿਚ ਇਕ ਨੌਜੁਆਨ ਇਕ ਭਾਰਤੀ ਕਰਮਚਾਰੀ ਨਾਲ ਜ਼ੁਬਾਨੀ ਗਾਲ੍ਹਾਂ ਕੱਢਦਾ ਵਿਖਾ ਈ ਦੇ ਰਿਹਾ ਹੈ।

ਹਮਲਾਵਰ ਢੰਗ ਨਾਲ ਕੰਮ ਕਰਦੀ ਕੁੜੀ ਉਤੇ ਚੀਕਦਿਆਂ ਇਸ ਵਿਅਕਤੀ ਨੇ ਕਿਹਾ, ''ਅਪਣੇ ਦੇਸ਼ ਇੰਡੀਆ ਵਾਪਸ ਚਲੀ ਜਾਹ।'' ਜਦੋਂ ਇਕ ਔਰਤ ਨੇ ਅਪਣੇ ਮੋਬਾਈਲ ਫ਼ੋਨ ਉਤੇ ਇਸ ਨੂੰ ਫਿਲਮਾਉਣਾ ਸ਼ੁਰੂ ਕੀਤਾ, ਤਾਂ ਉਹ ਪਿੱਛੇ ਨਾ ਹਟਿਆ ਅਤੇ ਧਮਕੀ ਅਪਣੀਆਂ ਗਾਲ੍ਹਾਂ ਨੂੰ ਦੁਹਰਾਇਆ। ਨਸਲੀ ਹਮਲੇ ਦਾ ਸਪੱਸ਼ਟ ਕਾਰਨ ਇਹ ਹੈ ਕਿ ਨੌਜੁਆਨ ਦਾ ਮੰਨਣਾ ਹੈ ਕਿ ਭਾਰਤੀ ਕੈਨੇਡਾ ਵਿਚ ਉਨ੍ਹਾਂ ਦੀਆਂ ਨੌਕਰੀਆਂ ਖੋਹ ਰਹੇ ਹਨ।

ਜਦੋਂ ਵੀਡੀਉ ਬਣਾ ਰਹੀ ਔਰਤ ਨੇ ਨੌਜੁਆਨ ਨੂੰ ਪੁਛਿਆ ਕਿ ਕੀ ਉਹ ਫਾਸਟ ਫੂਡ ਸਟੋਰ ਉਤੇ ਕੰਮ ਕਰਨਾ ਚਾਹੁੰਦਾ ਹੈ, ਤਾਂ ਉਸ ਨੇ ਕਿਹਾ, ''ਨਹੀਂ''।

ਔਰਤ ਨੇ ਕਿਹਾ, ''ਫਿਰ, ਤੁਸੀਂ ਕੌਣ ਹੋ ਜੋ ਸਾਨੂੰ ਜਾਣ ਲਈ ਕਹਿਣ ਵਾਲੇ?''

ਪਰ ਨੌਜੁਆਨ ਨੇ ਫਿਰ ਦੁਹਰਾਇਆ ''ਅਪਣੇ ਦੇਸ਼ ਵਾਪਸ ਜਾਓ।'' ਅਤੇ ਕੈਮਰੇ ਵਲ ਹੱਸਦਾ ਰਿਹਾ। ਵੀਡੀਉ ਵਿਚ ਪਾਈਪਰ ਫੂਡਜ਼ ਦਾ ਲੋਗੋ ਹੈ, ਫ੍ਰੈਂਚਾਇਜ਼ੀ ਜੋ ਓਕਵਿਲੇ, ਓਨਟਾਰੀਓ, ਕੈਨੇਡਾ ਵਿਚ ਮੈਕਡੋਨਲਡਜ਼ ਦੇ ਕਈ ਰੈਸਟੋਰੈਂਟ ਸਥਾਨਾਂ ਦਾ ਸੰਚਾਲਨ ਕਰਦੀ ਹੈ।

ਇਹ ਵੀਡੀਉ ਤੇਜ਼ੀ ਨਾਲ ਆਨਲਾਈਨ ਵਾਇਰਲ ਹੋ ਗਈ। ਜਦਕਿ ਬਹੁਤ ਸਾਰੇ ਲੋਕਾਂ ਨੇ ਆਦਮੀ ਦੇ ਵਿਵਹਾਰ ਦੀ ਨਿੰਦਾ ਕੀਤੀ, ਕੁੱਝ ਨੇ ਉਸ ਦਾ ਬਚਾਅ ਕੀਤਾ।

# ਕੈਨੇਡਾ: ਪੰਜਾਬੀ ਗਾਇਕ ਦੇ ਘਰ 'ਤੇ ਗੋਲੀਬਾਰੀ, ਬਿਸ਼ਨੋਈ ਗੈਂਗ ਨੇ ਲਈ ਜ਼ਿੰਮੇਵਾਰੀ



ਪੰਜਾਬੀ ਉਦਯੋਗਪਤੀ ਦਰਸ਼ਨ ਸਿੰਘ ਸਾਹਸੀ ਦੇ ਕਤਲ ਤੋਂ ਇੱਕ ਦਿਨ ਬਾਅਦ ਕੈਨੇਡਾ ਵਿੱਚ ਪੰਜਾਬੀ ਗਾਇਕ ਚੰਨੀ ਨਤਨ ਦੇ ਘਰ ਗੋਲੀਆਂ ਚਲਾਈਆਂ ਗਈਆਂ ਹਨ। ਇਸ ਦੌਰਾਨ ਲਾਰੈਂਸ ਬਿਸ਼ਨੋਈ ਗੈਂਗ ਨੇ ਦਰਸ਼ਨ ਸਿੰਘ ਸਾਹਸੀ ਦੇ ਕਤਲ ਅਤੇ ਚੰਨੀ ਨਤਨ ਦੀ ਰਿਹਾਇਸ਼ 'ਤੇ ਹੋਈ ਗੋਲੀਬਾਰੀ ਦੋਵਾਂ ਘਟਨਾਵਾਂ ਦੀ ਜ਼ਿੰਮੇਵਾਰੀ ਲਈ ਹੈ। ਗੈਂਗ ਨੇ ਕਿਹਾ ਹੈ ਕਿ ਉਦਯੋਗਪਤੀ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਸ ਨੇ ਫਿਰੌਤੀ ਦੀ ਰਕਮ ਅਦਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਪੁਲੀਸ ਵੱਲੋਂ ਦੋਵਾਂ ਘਟਨਾਵਾਂ ਦੀ ਜਾਂਚ ਜਾਰੀ ਹੈ ਅਤੇ ਭਾਰਤੀ-ਕੈਨੇਡੀਅਨ ਭਾਈਚਾਰੇ ਦੇ ਸੰਭਾਵੀ ਨਿਸ਼ਾਨਿਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਬਿਸ਼ਨੋਈ ਗੈਂਗ ਲਾਰੈਂਸ ਬਿਸ਼ਨੋਈ ਦੀ ਅਗਵਾਈ ਵਾਲਾ ਇੱਕ ਵੱਡਾ ਅਪਰਾਧਿਕ ਸਿੰਡੀਕੇਟ ਹੈ। ਲਾਰੈਂਸ 2014 ਤੋਂ ਭਾਰਤੀ ਜੇਲ੍ਹ ਵਿੱਚ ਬੰਦ ਹੈ ਪਰ ਜੇਲ੍ਹ ਤੋਂ ਹੀ ਅਪਰਾਧਿਕ ਕਾਰਵਾਈਆਂ ਨੂੰ ਕੰਟਰੋਲ ਕਰ ਰਿਹਾ ਹੈ। ਗੈਂਗ ਦਾ ਇੱਕ ਵੱਡਾ ਨੈੱਟਵਰਕ ਹੈ ਜਿਸ ਵਿੱਚ ਸੈਂਕੜੇ ਮੈਂਬਰ ਸ਼ਾਮਲ ਹਨ ਜੋ ਭਾਰਤ ਅਤੇ ਕੌਮਾਂਤਰੀ ਪੱਧਰ 'ਤੇ ਕੈਨੇਡਾ ਸਮੇਤ, ਫਿਰੌਤੀ, ਨਿਸ਼ਾਨਾ ਬਣਾ ਕੇ ਕਤਲ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਅਤੇ ਹਥਿਆਰਬੰਦ ਹਿੰਸਾ ਵਿੱਚ ਸ਼ਾਮਲ ਹਨ। ਇਸ ਸਿੰਡੀਕੇਟ ਨੇ 2022 ਵਿੱਚ ਸਿੱਧੂ ਮੂਸੇਵਾਲਾ ਦੇ ਕਤਲ ਵਰਗੇ ਹਾਈ-ਪ੍ਰੋਫਾਈਲ ਅਪਰਾਧਾਂ ਤੋਂ ਬਾਅਦ ਪ੍ਰਮੁੱਖਤਾ ਹਾਸਲ ਕੀਤੀ ਅਤੇ ਇਸਦੀਆਂ ਕੌਮਾਂਤਰੀ ਅਪਰਾਧਿਕ ਗਤੀਵਿਧੀਆਂ ਕਾਰਨ ਕੈਨੇਡੀਅਨ ਅਥਾਰਟੀਜ਼ ਵੱਲੋਂ ਇਸ ਨੂੰ ਅਤਿਵਾਦੀ ਸੰਗਠਨ ਘੋਸ਼ਿਤ ਕੀਤਾ ਗਿਆ ਹੈ। ਇਹ ਗੈਂਗ ਵੱਡੀ ਗਿਣਤੀ ਵਿੱਚ ਪੰਜਾਬੀ ਪ੍ਰਵਾਸੀਆਂ ਵਾਲੇ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਭਾਵ ਰੱਖਦਾ ਹੈ, ਜਿਸ ਨਾਲ ਭਾਰਤ ਅਤੇ ਵਿਦੇਸ਼ਾਂ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਗੰਭੀਰ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਕਤਲ ਅਤੇ ਹਾਲ ਹੀ ਵਿੱਚ ਹੋਈ ਗੋਲੀਬਾਰੀ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਜਾਣੇ-ਪਛਾਣੇ ਮੈਂਬਰ ਗੋਲਡੀ ਢਿੱਲੋਂ ਦੀ ਇੱਕ ਫੇਸਬੁੱਕ ਪੋਸਟ ਰਾਹੀਂ ਲਈ ਗਈ। ਪੋਸਟ ਵਿੱਚ ਢਿੱਲੋਂ ਨੇ ਕਿਹਾ ਲਾਇਆ ਕਿ ਦਰਸ਼ਨ ਸਿੰਘ ਸਾਹਸੀ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਮੂਲੀਅਤ ਅਤੇ ਗੈਂਗ ਵੱਲੋਂ ਮੰਗੀ ਗਈ ਫਿਰੌਤੀ ਦੀ ਰਕਮ ਅਦਾ ਕਰਨ ਤੋਂ ਇਨਕਾਰ ਕਰਨ ਕਾਰਨ ਮਾਰਿਆ ਗਿਆ ਸੀ।

# ਕੈਨੇਡਾ 'ਚ ਪੰਜਾਬੀ ਦਾ ਕਤਲ, 2 ਪੰਜਾਬੀਆਂ ਨੂੰ ਉਮਰ ਕੈਦ

## * 25 ਸਾਲ ਦਾ ਬਲਰਾਜ ਬਸਰਾ ਬਜ਼ੁਰਗ ਹੋ ਕੇ ਆਵੇਗਾ ਬਾਹਰ

## * ਇਕਬਾਲ ਕੰਗ ਨੂੰ 17 ਸਾਲ ਤੱਕ ਨਹੀਂ ਮਿਲੇਗੀ ਪੈਰੋਲ

ਵੈਨਕੂਵਰ : ਕੈਨੇਡਾ ਵਿਚ ਪੰਜਾਬੀ ਗੈਂਗਸਟਰਾਂ ਵਿਚਾਲੇ ਟਕਰਾਅ ਦੇ ਨਤੀਜੇ ਵਜੋਂ ਵਿਸ਼ਾਲ ਵਾਲੀਆ ਦਾ ਕਤਲ ਕਰ ਦਿਤਾ ਗਿਆ ਅਤੇ ਹੁਣ ਬਲਰਾਜ ਸਿੰਘ ਬਸਰਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਜੋ 25 ਸਾਲ ਤੱਕ ਪੈਰੋਲ ਦਾ ਹੱਕਦਾਰ ਨਹੀਂ ਹੋਵੇਗਾ। ਬਲਰਾਜ ਬਸਰਾ ਦੀ ਉਮਰ ਸਿਰਫ਼ 25 ਸਾਲ ਹੈ ਅਤੇ ਪੂਰੀ ਜਵਾਨੀ ਲੰਘਾਉਣ ਤੋਂ ਬਾਅਦ ਹੀ ਉਹ ਜੇਲ ਵਿਚੋਂ ਬਾਹਰ ਆ ਸਕਦਾ ਹੈ। ਦੱਸ ਦੇਈਏ ਕਿ 17 ਅਕਤੂਬਰ 2022 ਨੂੰ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਨੇੜੇ ਗੌਲਫ਼ ਕਲੱਬ ਵਿਚ ਵਿਸ਼ਾਲ ਵਾਲੀਆ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿਤੀ ਗਈ ਅਤੇ ਇਸ ਮਾਮਲੇ ਵਿਚ ਬਸਰਾ ਤੋਂ ਪਹਿਲਾਂ ਇਕਬਾਲ ਕੰਗ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ ਪਰ ਉਹ 17 ਸਾਲ ਬਾਅਦ ਪੈਰੋਲ ਦਾ ਹੱਕਦਾਰ ਹੋਵੇਗਾ ਜਦਕਿ ਬੈਪਟਿਸਟ ਨੂੰ 13 ਸਾਲ ਦੀ ਸਜ਼ਾ ਸੁਣਾਈ ਗਈ ਹੈ।

ਬੀ.ਸੀ. ਸੁਪਰੀਮ ਕੋਰਟ ਦੇ ਜਸਟਿਸ ਵੌਰਨ ਮਿਲਮੈਨ ਨੇ ਸਜ਼ਾ ਦਾ ਐਲਾਨ ਕਰਦਿਆਂ ਕਿਹਾ ਕਿ ਬਲਰਾਜ ਬਸਰਾ ਨੇ ਮਨੁੱਖੀ ਜ਼ਿੰਦਗੀ ਦੀ ਬਿਲਕੁਲ ਕਦਰ ਨਾ ਕੀਤੀ ਅਤੇ ਆਪਣੇ ਸਾਥੀ ਨਾਲ ਰਲ ਕੇ ਵਿਸ਼ਾਲ ਵਾਲੀਆ ਦੀ ਜਾਨ ਲੈ ਲਈ। ਬਲਰਾਜ ਸਿੰਘ ਬਸਰਾ ਨੂੰ ਕਤਲ ਤੋਂ ਇਲਾਵਾ ਚੋਰੀ ਕੀਤੀ ਗੱਡੀ ਸਾੜਨ ਦਾ ਦੋਸ਼ੀ ਵੀ ਠਹਿਰਾਇਆ ਗਿਆ ਹੈ। ਜਸਟਿਸ ਮਿਲਮੈਨ ਨੇ ਕਿਹਾ ਕਿ ਗੱਡੀ ਨੂੰ ਲੱਗੀ ਅੱਗ ਦੀਆਂ ਲਾਟਾਂ ਨੇੜਲੇ ਗੈਰਾਜ ਤੱਕ ਪੁੱਜ ਗਈਆਂ ਅਤੇ ਕਮਿਊਨਿਟੀ ਮੈਂਬਰਾਂ ਵਾਸਤੇ ਵੱਡਾ ਖ਼ਤਰਾ ਪੈਦਾ ਹੋਇਆ। ਅਗਜ਼ਨੀ ਦੇ ਮਾਮਲੇ ਵਿਚ ਬਸਰਾ ਨੂੰ ਪੰਜ ਸਾਲ ਦੀ ਸਜ਼ਾ ਵੱਖਰੇ ਤੌਰ 'ਤੇ ਸੁਣਾਈ ਗਈ ਹੈ ਜੋ ਕਤਲ ਦੀ ਸਜ਼ਾ ਦੇ ਨਾਲ-ਨਾਲ ਅੱਗੇ ਵਧੇਗੀ। ਅਦਾਲਤ ਨੇ ਕਿਹਾ ਕਿ ਬਲਰਾਜ ਬਸਰਾ ਅਤੇ ਹੋਰਨਾਂ ਵੱਲੋਂ ਕਤਲ ਦੌਰਾਨ ਵਰਤੇ ਗਏ ਹਥਿਆਰ ਖੁਰਦ-ਬੁਰਦ ਕਰਨ ਦਾ ਯਤਨ ਕੀਤਾ ਗਿਆ ਅਤੇ ਹੋਰ ਸਬੂਤ ਖ਼ਤਮ ਕਰਨ ਦੀ ਕੋਸ਼ਿਸ਼ ਵੀ ਕੀਤੀ। ਜਸਟਿਸ ਮਿਲਮੈਨ ਨੇ ਅੱਗੇ ਕਿਹਾ ਕਿ ਉਹ ਵਾਲੀਆ ਪਰਵਾਰ ਅਤੇ ਵਿਸ਼ਾਲ ਦੀ ਗਰਲਫਰੈਂਡ ਦਾ ਦੁੱਖ ਸਮਝ ਸਕਦੇ ਹਨ ਜੋ ਕਤਲ ਵੇਲੇ ਪੰਜ ਮਹੀਨੇ ਦੀ ਗਰਭਵਤੀ ਸੀ। ਵਿਸ਼ਾਲ ਵਾਲੀਆ ਦੀ ਭੈਣ ਪੂਨਮ ਗਿੱਲ ਨੇ ਪੀੜਤ ਧਿਰ ਦਾ ਬਿਆਨ ਪੜ੍ਹਦਿਆਂ ਕਿਹਾ ਕਿ 17 ਅਕਤੂਬਰ 2022 ਨੂੰ ਸਾਡੀਆਂ ਜ਼ਿੰਦਗੀਆਂ ਝੰਜੋੜੀਆਂ ਗਈਆਂ। ਮੈਂ ਆਪਣਾ ਇਕਲੌਤਾ ਭਰਾ ਗਵਾ ਦਿਤਾ ਅਤੇ ਮਾਪਿਆਂ ਨੇ ਆਪਣਾ ਇਕਲੌਤਾ ਪੁੱਤ। ਹਰ ਕੋਈ ਸੋਚਦਾ ਹੋਵੇਗਾ ਕਿ ਸਮੇਂ ਦੇ ਨਾਲ ਦਰਦ ਘਟ ਜਾਂਦਾ ਹੈ ਪਰ ਇਹ ਬਿਲਕੁਲ ਵੀ ਦਰੁਸਤ ਨਹੀਂ। ਦਿਲ ਦਾ ਦਰਦ ਕਦੇ ਵੀ ਖ਼ਤਮ ਨਹੀਂ ਹੁੰਦਾ ਅਤੇ ਇਹ ਤਰਾਸਦੀ ਹਮੇਸ਼ਾ ਸਾਡੇ ਦਿਲ ੳ ਦਿਮਾਗ ਵਿਚ ਕਾਇਮ ਰਹੇਗੀ।

ਅਸੀਂ ਰੋਜ਼ਾਨਾ ਉਸ ਨੂੰ ਯਾਦ ਕਰਦੇ ਹਾਂ, ਚਾਰ ਜੀਆਂ ਦਾ ਛੋਟਾ ਜਿਹਾ ਪਰਵਾਰ ਹੁਣ ਘਟ ਕੇ ਤਿੰਨ ਜੀਆਂ ਦਾ ਰਹਿ ਗਿਆ ਹੈ। ਪੂਨਮ ਨੇ ਦੱਸਿਆ ਕਿ ਉਸ ਦੇ ਮਾਪਿਆਂ ਦੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ ਅਤੇ ਆਰਥਿਕ ਹਾਲਾਤ ਵੀ ਬਦਲ ਗਏ। ਦੂਜੇ ਪਾਸੇ ਕ੍ਰਾਊਨ ਪ੍ਰੌਸੀਕਿਊਟਰ ਜੂਲੀ ਰੌਬਿਨਸਨ ਨੇ ਕਿਹਾ ਕਿ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤੇ ਜਾਣ ਵਾਲੇ ਕਤਲ ਕਮਿਊਨਿਟੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦੇ ਹਨ ਅਤੇ ਸੁਰੱਖਿਅਤ ਮਹਿਸੂਸ ਹੋਣ ਦਾ ਜਜ਼ਬਾ ਖ਼ਤਮ ਹੋ ਜਾਂਦਾ ਹੈ। ਇਸੇ ਦੌਰਾਨ ਬਚਾਅ ਪੱਖ ਦੀ ਵਕੀਲ ਫਰਾਂਸਿਸ ਮੈਹਨ ਦਾ ਕਹਿਣਾ ਸੀ ਕਿ ਬਲਰਾਜ ਸਿੰਘ ਬਸਰਾ ਇਕ ਅਜਿਹਾ ਨੌਜਵਾਨ ਹੈ ਜਿਸ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਅਤੇ ਜਦੋਂ ਪੈਰੋਲ 'ਤੇ ਬਾਹਰ ਆਵੇਗਾ ਤਾਂ ਆਪਣੀ ਜ਼ਿੰਦਗੀ ਦਾ ਅਹਿਮ ਸਮਾਂ ਲੰਘਾ ਚੁੱਕਾ ਹੋਵੇਗਾ। ਬਲਰਾਜ ਬਸਰਾ ਨੇ ਅਦਾਲਤੀ ਫ਼ੈਸਲੇ ਬਾਰੇ ਕੁਝ ਵੀ ਕਹਿਣ ਤੋਂ ਨਾਂਹ ਕਰ ਦਿਤੀ। ਚੇਤੇ ਰਹੇ ਕਿ ਵਿਸ਼ਾਲ ਵਾਲੀਆ ਦੇ ਕਤਲ ਤੋਂ ਇਕ ਘੰਟੇ ਦੇ ਅੰਦਰ ਹੀ ਇਕਬਾਲ ਕੰਗ ਅਤੇ ਡੀਆਂਡਰੇ ਬੈਪਟਿਸਟ ਫੜੇ ਗਏ ਸਨ। ਵੈਨਕੂਵਰ ਸਨ ਦੀ ਰਿਪੋਰਟ ਮੁਤਾਬਕ 38 ਸਾਲ ਦਾ ਵਿਸ਼ਾਲ ਵਾਲੀਆ ਯੂਨਾਈਟਡ ਨੇਸ਼ਨਜ਼ ਗਿਰੋਹ ਨਾਲ ਸਬੰਧਤ ਸੀ ਪਰ ਕਤਲ ਤੋਂ ਪਹਿਲਾਂ ਕਿਸੇ ਨਾਲ ਉਸ ਦੀ ਅਣ-ਬਣ ਹੋ ਗਈ।

# ਕੈਨੇਡਾ 'ਚ ਸ਼ਰਾਰਤੀ ਅਨਸਰਾਂ ਨੇ ਤੇਲ ਪਾ ਕੇ ਸਾੜੇ ਘਰ



ਕੈਲਗਰੀ : ਕੈਲਗਰੀ ਦੇ ਨਾਲ ਲੱਗਦੇ ਇਲਾਕੇ ਕੋਨਰਿਚ ਵਿਚ ਰਾਤ ਸਮੇਂ ਸ਼ਰਾਰਤੀ ਅਨਸਰਾਂ ਵਲੋ ਇਕ ਘਰ ਨੂੰ ਤੇਲ ਪਾ ਕੇ ਅੱਗ ਲਗਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੋਨਰਿਚ ਵਿਚ ਰਾਤ ਸਮੇਂ ਸ਼ਰਾਰਤੀ ਅਨਸਰਾਂ ਵਲੋ ਇਕ ਘਰ ਨੂੰ ਤੇਲ ਪਾ ਕੇ ਅੱਗ ਲਗਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸ ਦਈਏ ਕਿ ਅੱਗ ਦੀ ਲਪੇਟ ਵਿਚ ਉਸ ਦੇ ਨਾਲ ਲੱਗਦੇ ਦੋਨੋਂ ਪਾਸੇ ਦੇ ਘਰ ਵੀ ਸੜ ਕੇ ਸਵਾਹ ਹੋ ਗਏ, ਜਿਨ੍ਹਾਂ ਵਿਚ 2 ਘਰ ਪੰਜਾਬੀ ਮੂਲ ਦੇ ਭਾਈਚਾਰੇ ਦੇ ਅਤੇ ਇਕ ਘਰ ਪਾਕਿਸਤਾਨੀ ਮੂਲ ਦਾ ਦੱਸਿਆ ਜਾ ਰਿਹਾ ਹੈ। ਅੱਗ ਲੱਗਣ ਵਾਲੇ ਇਕ ਘਰ ਵਿਚ ਰਵਿੰਦਰ ਸਿੰਘ ਨੇ ਅੱਗ ਦੀਆਂ ਲਾਟਾਂ 'ਚੋਂ ਮਹਾਰਾਜ ਦਾ ਸਰੂਪ ਅਤੇ ਪੋਥੀਆਂ ਨੂੰ ਸੁਰੱਖਿਅਤ ਕੱਢਿਆ ਹੈ। ਉਨ੍ਹਾਂ ਨਾ ਪਰਵਾਰ ਦੀ ਤੇ ਨਾ ਹੀ ਹੋਰ ਸਮਾਨ ਦੀ ਪਰਵਾਹ ਕੀਤੀ। ਸੜ ਕੇ ਸਵਾਹ ਹੋਏ ਘਰਾਂ ਦੀ ਕੀਮਤ ਤਕਰੀਬਨ 3 ਤੋਂ 4 ਮਿਲੀਅਨ ਡਾਲਰ (ਕਰੋੜਾਂ ਰੁਪਏ) ਦੱਸੀ ਜਾ ਰਹੀ ਹੈ। ਪੁਲਿਸ ਇਸ ਘਟਨਾ ਬਾਰੇ ਛਾਣ-ਬੀਣ ਕਰ ਰਹੀ ਹੈ।

# 104 ਫ਼ਲਸਤੀਨੀ ਮਾਰ ਕੇ ਮੁੜ ਜੰਗਬੰਦੀ ਦਾ ਦਾਅਵਾ

ਇਜ਼ਰਾਇਲੀ ਫ਼ੌਜ ਵੱਲੋਂ ਲੰਘੀ ਰਾਤ ਫ਼ਲਸਤੀਨੀ ਖੇਤਰ ਵਿੱਚ ਭਾਰੀ ਹਵਾਈ ਹਮਲੇ ਕੀਤੇ ਜਾਣ ਤੋਂ ਬਾਅਦ ਅੱਜ ਦਾਅਵਾ ਕੀਤਾ ਗਿਆ ਕਿ ਗਾਜ਼ਾ ਵਿੱਚ ਜੰਗਬੰਦੀ ਬਹਾਲ ਹੋ ਗਈ ਹੈ। ਸਥਾਨਕ ਹਸਪਤਾਲਾਂ ਮੁਤਾਬਕ, ਇਨ੍ਹਾਂ ਹਮਲਿਆਂ ਵਿੱਚ ਘੱਟੋ-ਘੱਟ 104 ਲੋਕ ਮਾਰੇ ਗਏ ਜਿਨ੍ਹਾਂ ਵਿੱਚ ਔਰਤਾਂ ਅਤੇ 46 ਬੱਚੇ ਵੀ ਸ਼ਾਮਲ ਹਨ। 10 ਅਕਤੂਬਰ ਨੂੰ ਜੰਗਬੰਦੀ ਲਾਗੂ ਹੋਣ ਤੋਂ ਬਾਅਦ ਇਹ ਸਭ ਤੋਂ ਜ਼ਿਆਦਾ ਘਾਤਕ ਹਮਲੇ ਸਨ। ਗਾਜ਼ਾ ਸ਼ਹਿਰ ਦੇ ਸ਼ਿਫਾ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸੇਲਮੀਆ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਹੋਰ ਵਧਣ ਦਾ ਖ਼ਦਸ਼ਾ ਹੈ ਕਿਉਂਕਿ ਹਸਪਤਾਲ ਵਿੱਚ ਇਲਾਜ ਅਧੀਨ 45 ਵਿਅਕਤੀਆਂ ਵਿੱਚੋਂ ਬਹੁਤਿਆਂ ਦੀ ਹਾਲਤ ਗੰਭੀਰ ਹੈ। ਇਨ੍ਹਾਂ ਵਿੱਚ 20 ਬੱਚੇ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਹਸਪਤਾਲ ਨੂੰ 21 ਲਾਸ਼ਾਂ ਮਿਲੀਆਂ, ਜਿਨ੍ਹਾਂ ਵਿੱਚ ਸੱਤ ਔਰਤਾਂ ਅਤੇ ਛੇ ਬੱਚੇ ਸ਼ਾਮਲ ਹਨ।

# ਅਮਰੀਕਾ ਨੇ ਪਰਵਾਸੀਆਂ ਲਈ ਆਟੋਮੈਟਿਕ ਵਰਕ ਪਰਮਿਟ ਐਕਸਟੈਨਸ਼ਨ ਦੀ ਸਹੂਲਤ ਖ਼ਤਮ ਕੀਤੀ



H1B ਵੀਜ਼ਾ ਫੀਸ 100,000 ਅਮਰੀਕੀ ਡਾਲਰ ਤੱਕ ਵਧਾਉਣ ਤੋਂ ਕੁਝ ਹਫਤਿਆਂ ਬਾਅਦ, ਅਮਰੀਕੀ ਅਧਿਕਾਰੀਆਂ ਨੇ ਪਰਵਾਸੀਆਂ ਲਈ ਵਰਕ ਪਰਮਿਟਾਂ ਦੀ ਆਟੋਮੈਟਿਕ ਐਕਸਟੈਂਸ਼ਨ ਦੀ ਸਹੂਲਤ ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਵੱਡੀ ਗਿਣਤੀ ਭਾਰਤੀ ਪਰਵਾਸੀਆਂ ਅਤੇ ਕਾਮਿਆਂ ਦੇ ਅਸਰਅੰਦਾਜ਼ ਹੋਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਦੀ ਨਕੇਲ ਕੱਸਣ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ ਵਿਚ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ ਹੈ।

ਵਿਦੇਸ਼ੀ ਨਾਗਰਿਕਾਂ ਦੇ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ (EAD) ਦੀ ਵੈਧਤਾ ਨੂੰ ਵਧਾਉਣ ਤੋਂ ਪਹਿਲਾਂ ਹੁਣ ਪਰਵਾਸੀਆਂ ਦੀ ਸਹੀ ਸਕਰੀਨਿੰਗ ਤੇ ਜਾਂਚ ਨੂੰ ਤਰਜੀਹ ਦਿੱਤੀ ਜਾਵੇਗੀ। ਡੀਐਚਐਸ ਨੇ ਇੱਕ ਪ੍ਰੈੱਸ ਰਿਲੀਜ਼ ਵਿੱਚ ਕਿਹਾ ਕਿ ਨਵੇਂ ਨਿਯਮ ਅਨੁਸਾਰ, 30 ਅਕਤੂਬਰ, 2025 ਨੂੰ ਜਾਂ ਇਸ ਤੋਂ ਬਾਅਦ ਆਪਣੇ EAD ਨੂੰ ਰੀਨਿਊ ਲਈ ਫਾਈਲ ਕਰਨ ਵਾਲੇ ਪਰਵਾਸੀਆਂ ਨੂੰ ਹੁਣ ਆਟੋਮੈਟਿਕ ਐਕਸਟੈਂਸ਼ਨ ਨਹੀਂ ਮਿਲੇਗੀ। ਇਸ ਫੈਸਲੇ ਨਾਲ ਸਭ ਤੋਂ ਵੱਧ ਅਸਰ H-1B ਮੁੱਖ ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਇੱਕ L ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਇੱਕ E ਗੈਰ-ਪ੍ਰਵਾਸੀ ਦੇ ਜੀਵਨ ਸਾਥੀ, ਅਤੇ ਸ਼ਰਨਾਰਥੀ ਜਾਂ ਸ਼ਰਨਾਰਥੀ ਸਥਿਤੀ ਵਾਲੇ ਪਰਵਾਸੀਆਂ 'ਤੇ ਪਏਗਾ। ਬਾਇਡਨ ਪ੍ਰਸ਼ਾਸਨ ਦੇ ਪੁਰਾਣੇ ਨਿਯਮ ਮੁਤਾਬਕ ਜਿਹੜੇ ਪਰਵਾਸੀ ਆਪਣੇ EAD ਨੂੰ ਰੀਨਿਊ ਕਰਨ ਲਈ ਸਮੇਂ ਸਿਰ ਫਾਰਮ I-765 ਦਾਇਰ ਕਰਦੇ ਸਨ, ਉਨ੍ਹਾਂ ਨੂੰ 540 ਦਿਨਾਂ ਦੀ ਆਟੋਮੈਟਿਕ ਐਕਸਟੈਂਸ਼ਨ ਮਿਲਦੀ ਸੀ। ਅਮਰੀਕੀ ਜਨਗਣਨਾ ਬਿਊਰੋ ਦੇ ਅੰਕੜਿਆਂ ਅਨੁਸਾਰ, 2022 ਤੱਕ ਅਮਰੀਕਾ ਕਰੀਬ 4.8 ਮਿਲੀਅਨ ਭਾਰਤੀ ਅਮਰੀਕੀਆਂ ਦਾ ਘਰ ਸੀ। ਇਸ ਵਿੱਚੋਂ 66 ਫੀਸਦ ਭਾਰਤੀ ਅਮਰੀਕੀ ਪ੍ਰਵਾਸੀ ਹਨ, ਜਦੋਂ ਕਿ 34 ਫੀਸਦ ਅਮਰੀਕਾ ਵਿੱਚ ਜਨਮੇ ਹਨ।

# ਸ਼ੀ ਜਿਨਪਿੰਗ ਨਾਲ ਮੁਲਾਕਾਤ ਤੋਂ ਬਾਅਦ ਟਰੰਪ ਨੇ ਚੀਨ 'ਤੇ ਟੈਰਿਫ ਕਟੌਤੀ ਦਾ ਕੀਤਾ ਐਲਾਨ



ਚੀਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਆਪਣੀ ਆਹਮੋ-ਸਾਹਮਣੇ ਮੁਲਾਕਾਤ ਨੂੰ "ਵੱਡੀ ਸਫਲਤਾ" ਦੱਸਿਆ, ਕਿਹਾ ਕਿ ਉਹ ਚੀਨ 'ਤੇ ਟੈਰਿਫ ਘਟਾਏਗਾ, ਜਦੋਂ ਕਿ ਬੀਜਿੰਗ ਦੁਰਲੱਭ ਧਰਤੀ ਦੀਆਂ ਧਾਤਾਂ ਦੇ ਨਿਰਯਾਤ ਦੀ ਆਗਿਆ ਦੇਣ ਅਤੇ ਅਮਰੀਕਾ ਤੋਂ ਸੋਇਆਬੀਨ ਖਰੀਦਣ 'ਤੇ ਸਹਿਮਤ ਹੋਇਆ।

ਰਾਸ਼ਟਰਪਤੀ ਟਰੰਪ ਨੇ ਏਅਰ ਫੋਰਸ ਵਨ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਇਸ ਸਾਲ ਦੇ ਸ਼ੁਰੂ ਵਿੱਚ ਚੀਨ 'ਤੇ ਲਗਾਏ ਗਏ 20 ਪ੍ਰਤੀਸ਼ਤ ਦੰਡਕਾਰੀ ਟੈਰਿਫ ਨੂੰ ਘਟਾ ਕੇ 10 ਪ੍ਰਤੀਸ਼ਤ ਕਰ ਦੇਵੇਗਾ। ਇਹ ਟੈਰਿਫ ਫੈਂਟਾਨਿਲ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣਾਂ ਦੀ ਵਿਕਰੀ 'ਤੇ ਲਗਾਏ ਗਏ ਸਨ। ਇਸ ਨਾਲ ਚੀਨ 'ਤੇ ਕੁੱਲ ਸੰਯੁਕਤ ਟੈਰਿਫ ਦਰ 57 ਪ੍ਰਤੀਸ਼ਤ ਤੋਂ ਘਟਾ ਕੇ 47 ਪ੍ਰਤੀਸ਼ਤ ਹੋ ਜਾਵੇਗੀ।

ਟਰੰਪ ਨੇ ਕਿਹਾ, "ਜੇ ਮੈਂ ਇਸ ਮੀਟਿੰਗ ਨੂੰ ਜ਼ੀਰੋ ਤੋਂ 10 ਦੇ ਪੈਮਾਨੇ 'ਤੇ ਦਰਜਾ ਦਿੰਦਾ ਹਾਂ, ਤਾਂ ਮੈਂ ਇਸਨੂੰ 10 ਦਿਆਂਗਾ, ਪਰ ਮੈਂ ਇਸਨੂੰ 12 ਦਿਆਂਗਾ।" ਉਸਨੇ ਕਿਹਾ ਕਿ ਉਹ ਅਪ੍ਰੈਲ ਵਿੱਚ ਚੀਨ ਦਾ ਦੌਰਾ ਕਰੇਗਾ, ਅਤੇ ਸ਼ੀ ਜਿਨਪਿੰਗ "ਇਸ ਤੋਂ ਥੋੜ੍ਹੀ ਦੇਰ ਬਾਅਦ" ਅਮਰੀਕਾ ਦਾ ਦੌਰਾ ਕਰਨਗੇ। ਉਸਨੇ ਕਿਹਾ ਕਿ ਦੋਵਾਂ ਨੇਤਾਵਾਂ ਨੇ ਉੱਨਤ ਕੰਪਿਊਟਰ ਚਿਪਸ ਦੇ ਨਿਰਯਾਤ 'ਤੇ ਵੀ ਚਰਚਾ ਕੀਤੀ। ਐਨਵੀਡੀਆ ਇਸ ਮੁੱਦੇ 'ਤੇ ਚੀਨੀ ਅਧਿਕਾਰੀਆਂ ਨਾਲ ਚਰਚਾ ਕਰੇਗੀ। ਟਰੰਪ ਨੇ ਕਿਹਾ ਕਿ ਉਹ ਚੀਨ ਨਾਲ "ਜਲਦੀ" ਇੱਕ ਵਪਾਰ ਸਮਝੌਤੇ 'ਤੇ ਦਸਤਖਤ ਕਰ ਸਕਦੇ ਹਨ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਸਾਡੇ ਵਿਚਕਾਰ ਹੁਣ ਬਹੁਤ ਘੱਟ ਵੱਡੀਆਂ ਰੁਕਾਵਟਾਂ ਬਚੀਆਂ ਹਨ।" ਫਿਰ ਵੀ, ਦੱਖਣੀ ਕੋਰੀਆ ਵਿੱਚ 100 ਮਿੰਟ ਦੀ ਮੁਲਾਕਾਤ ਤੋਂ ਬਾਅਦ ਟਰੰਪ ਆਸ਼ਾਵਾਦੀ ਜਾਪਦੇ ਸਨ, ਪਰ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿਚਕਾਰ ਤਣਾਅ ਦੀ ਸੰਭਾਵਨਾ ਬਣੀ ਹੋਈ ਹੈ। ਦੋਵੇਂ ਦੇਸ਼ ਉਦਯੋਗ ਵਿੱਚ ਪ੍ਰਭਾਵ, ਆਰਟੀਫੀਸ਼ੀਅਲ ਇੰਟੈਲੀਜੈਂਸ (AI) ਵਰਗੀਆਂ ਉੱਭਰਦੀਆਂ ਤਕਨਾਲੋਜੀਆਂ ਦੇ ਵਿਕਾਸ ਅਤੇ ਯੂਕਰੇਨ ਸੰਘਰਸ਼ ਵਰਗੇ ਵਿਸ਼ਵਵਿਆਪੀ ਮੁੱਦਿਆਂ ਲਈ ਮੁਕਾਬਲਾ ਕਰ ਰਹੇ ਹਨ। ਦੂਜੇ ਕਾਰਜਕਾਲ ਲਈ ਵ੍ਹਾਈਟ ਹਾਊਸ ਵਾਪਸ ਆਉਣ ਤੋਂ ਬਾਅਦ, ਟਰੰਪ ਨੇ ਹਮਲਾਵਰ ਢੰਗ ਨਾਲ ਟੈਰਿਫ ਲਗਾਏ ਹਨ, ਅਤੇ ਜਵਾਬ ਵਿੱਚ, ਚੀਨ ਨੇ ਦੁਰਲੱਭ ਧਰਤੀ ਦੇ ਤੱਤਾਂ ਦੇ ਨਿਰਯਾਤ 'ਤੇ ਪਾਬੰਦੀਆਂ ਲਗਾਈਆਂ ਹਨ, ਜਿਸ ਨਾਲ ਇਸ ਮੀਟਿੰਗ ਦੀ ਜ਼ਰੂਰਤ ਪਈ ਹੈ।

ਦੋਵਾਂ ਦੇਸ਼ਾਂ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਕੋਈ ਵੀ ਪੱਖ ਵਿਸ਼ਵ ਅਰਥਵਿਵਸਥਾ ਨੂੰ ਅਸਥਿਰ ਕਰਨ ਦਾ ਜੋਖਮ ਨਹੀਂ ਲੈਣਾ ਚਾਹੁੰਦਾ ਕਿਉਂਕਿ ਇਹ ਉਨ੍ਹਾਂ ਦੇ ਆਪਣੇ ਆਰਥਿਕ ਹਿੱਤਾਂ ਨੂੰ ਪ੍ਰਭਾਵਤ ਕਰੇਗਾ। ਜਦੋਂ ਦੋਵੇਂ ਨੇਤਾ ਮੀਟਿੰਗ ਦੀ ਸ਼ੁਰੂਆਤ ਵਿੱਚ ਬੈਠੇ, ਤਾਂ ਸ਼ੀ ਨੇ ਇੱਕ ਤਿਆਰ ਕੀਤਾ ਬਿਆਨ ਪੜ੍ਹਿਆ, ਜਿਸ ਵਿੱਚ ਉਨ੍ਹਾਂ ਦੇ ਮਤਭੇਦਾਂ ਦੇ ਬਾਵਜੂਦ ਇਕੱਠੇ ਕੰਮ ਕਰਨ ਦੀ ਇੱਛਾ 'ਤੇ ਜ਼ੋਰ ਦਿੱਤਾ ਗਿਆ।

ਉਸਨੇ ਇੱਕ ਅਨੁਵਾਦਕ ਰਾਹੀਂ ਕਿਹਾ, "ਸਾਡੇ ਦੇਸ਼ਾਂ ਦੇ ਹਾਲਾਤ ਵੱਖਰੇ ਹਨ, ਇਸ ਲਈ ਸਾਡੇ ਹਰ ਮੁੱਦੇ 'ਤੇ ਹਮੇਸ਼ਾ ਇੱਕੋ ਜਿਹੇ ਵਿਚਾਰ ਨਹੀਂ ਹੋ ਸਕਦੇ। ਦੁਨੀਆ ਦੀਆਂ ਦੋ ਵੱਡੀਆਂ ਅਰਥਵਿਵਸਥਾਵਾਂ ਵਿਚਕਾਰ ਸਮੇਂ-ਸਮੇਂ 'ਤੇ ਕੁਝ ਅੰਤਰ ਹੋਣਾ ਆਮ ਗੱਲ ਹੈ।" ਹਾਲਾਂਕਿ, ਅਨੁਵਾਦ ਥੋੜ੍ਹਾ ਵੱਖਰਾ ਸੀ, ਕਿਉਂਕਿ ਚੀਨ ਦੀ ਸਰਕਾਰੀ ਖ਼ਬਰ ਏਜੰਸੀ, ਸ਼ਿਨਹੂਆ ਨੇ ਰਿਪੋਰਟ ਦਿੱਤੀ ਕਿ ਸ਼ੀ ਨੇ ਟਰੰਪ ਨੂੰ ਦੱਸਿਆ ਕਿ ਕੁਝ ਅੰਤਰ ਅਟੱਲ ਹਨ। ਚੀਨ ਨੇ ਮੀਟਿੰਗ ਜਾਂ ਕਿਸੇ ਨਤੀਜੇ 'ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ। ਇਹ ਮੀਟਿੰਗ ਦੱਖਣੀ ਕੋਰੀਆ ਦੇ ਬੁਸਾਨ ਵਿੱਚ ਹੋਈ, ਜੋ ਕਿ ਗਯੋਂਗਜੂ ਤੋਂ ਲਗਭਗ 76 ਕਿਲੋਮੀਟਰ ਦੱਖਣ ਵਿੱਚ ਹੈ। ਗਯੋਂਗਜੂ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੀਈਸੀ) ਸੰਮੇਲਨ ਦਾ ਮੁੱਖ ਸਥਾਨ ਹੈ।

ਮੀਟਿੰਗ ਤੋਂ ਪਹਿਲਾਂ, ਅਮਰੀਕੀ ਅਧਿਕਾਰੀਆਂ ਨੇ ਸੰਕੇਤ ਦਿੱਤਾ ਕਿ ਟਰੰਪ ਚੀਨ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ ਵਾਧੂ 100 ਪ੍ਰਤੀਸ਼ਤ ਟੈਰਿਫ ਲਗਾਉਣ ਦੀ ਆਪਣੀ ਹਾਲੀਆ ਧਮਕੀ ਦੀ ਪਾਲਣਾ ਨਹੀਂ ਕਰਨਗੇ। ਇਸ ਦੌਰਾਨ, ਚੀਨ ਨੇ ਦੁਰਲੱਭ ਧਾਤਾਂ 'ਤੇ ਨਿਰਯਾਤ ਨਿਯੰਤਰਣਾਂ ਵਿੱਚ ਢਿੱਲ ਦੇਣ ਅਤੇ ਅਮਰੀਕਾ ਤੋਂ ਸੋਇਆਬੀਨ ਖਰੀਦਣ ਦੀ ਇੱਛਾ ਵੀ ਪ੍ਰਗਟ ਕੀਤੀ ਹੈ।

ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਮੀਟਿੰਗ ਦੀ ਰੂਪ-ਰੇਖਾ ਤਿਆਰ ਕਰਨ ਲਈ ਕੁਆਲਾਲੰਪੁਰ ਵਿੱਚ ਮੁਲਾਕਾਤ ਕੀਤੀ ਸੀ। ਵੀਰਵਾਰ ਨੂੰ ਮੀਟਿੰਗ ਤੋਂ ਠੀਕ ਪਹਿਲਾਂ, ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ 'ਤੇ ਲਿਖਿਆ ਕਿ ਇਹ ਮੀਟਿੰਗ "G2" ਹੋਵੇਗੀ। ਉਹ ਅਮਰੀਕਾ ਅਤੇ ਚੀਨ ਨੂੰ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਜੋਂ ਦਰਸਾ ਰਹੇ ਸਨ, ਜਿਵੇਂ ਕਿ ਉਦਯੋਗਿਕ ਦੇਸ਼ਾਂ ਦੇ G7 ਅਤੇ G20 ਸਮੂਹ। ਹਾਲਾਂਕਿ, ਹੋਰ ਗਲੋਬਲ ਸੰਮੇਲਨਾਂ ਦੇ ਉਲਟ, ਇਹ ਮੀਟਿੰਗ ਕਿਸੇ ਆਲੀਸ਼ਾਨ ਸਥਾਨ 'ਤੇ ਨਹੀਂ ਬਲਕਿ ਬੁਸਾਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਇੱਕ ਫੌਜੀ ਅੱਡੇ 'ਤੇ ਸਥਿਤ ਇੱਕ ਸਾਦੀ ਇਮਾਰਤ ਵਿੱਚ ਆਯੋਜਿਤ ਕੀਤੀ ਗਈ ਸੀ।






# ਉੱਡਦੇ ਜਹਾਜ਼ ਵਿੱਚ ਹੋਈ ਲੜਾਈ

## ਭਾਰਤੀ ਵਿਅਕਤੀ ਨੇ ਕਾਂਟੇ ਵਾਲੇ ਚਮਚ ਨੂੰ ਬਣਾਇਆ ਹਥਿਆਰ



ਨਿਊਯਾਰਕ: ਸ਼ਿਕਾਗੋ ਤੋਂ ਜਰਮਨੀ ਜਾ ਰਹੀ ਉਡਾਣ ਦੌਰਾਨ ਇੱਕ 28 ਸਾਲਾ ਭਾਰਤੀ ਨੇ ਕਥਿਤ ਤੌਰ 'ਤੇ ਦੋ ਕਿਸ਼ੋਰਾਂ 'ਤੇ ਕਾਂਟੇ ਵਾਲੇ ਚਮਚ ਨਾਲ ਹਮਲਾ ਕੀਤਾ ਅਤੇ ਇੱਕ ਸਹਿ-ਯਾਤਰੀ ਨੂੰ ਥੱਪੜ ਮਾਰ ਦਿੱਤਾ। ਅਮਰੀਕੀ ਅਧਿਕਾਰੀਆਂ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਮੈਸੇਚਿਉਸੇਟਸ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਇਹ ਘਟਨਾ ਸ਼ਨੀਵਾਰ ਨੂੰ ਲੁਫਥਾਂਸਾ ਦੀ ਇੱਕ ਉਡਾਣ ਵਿੱਚ ਵਾਪਰੀ, ਜਿਸ ਨੂੰ ਘਟਨਾ ਤੋਂ ਬਾਅਦ ਬੋਸਟਨ ਲੋਗਨ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਮੋੜਨਾ ਪਿਆ।

ਘਟਨਾ ਦੇ ਸੰਬੰਧ ਵਿੱਚ ਦਰਜ ਸ਼ਿਕਾਇਤ ਦੇ ਅਨੁਸਾਰ, ਪ੍ਰਨੀਤ ਕੁਮਾਰ ਉਸਿਰੀਪੱਲੀ ਨੇ ਇੱਕ 17 ਸਾਲਾ ਕਿਸ਼ੋਰ ਯਾਤਰੀ ਦੇ ਮੋਢੇ 'ਤੇ ਕਾਂਟੇ ਵਾਲੇ ਚਮਚੇ ਨਾਲ ਵਾਰ ਕੀਤਾ। ਫਿਰ ਉਸੀਰੀਪਲੀ ਨੇ ਉਸੇ ਚਮਚੇ ਨਾਲ ਇੱਕ ਹੋਰ 17 ਸਾਲਾ ਯਾਤਰੀ ਦੇ ਸਿਰ ਦੇ ਪਿਛਲੇ ਪਾਸੇ ਵਾਰ ਕੀਤਾ, ਜਿਸ ਨਾਲ ਸਿਰ ਵਿੱਚ ਸੱਟ ਲੱਗ ਗਈ। ਯੂਸੀਰੀਪੱਲੀ 'ਤੇ ਸੰਯੁਕਤ ਰਾਜ ਅਮਰੀਕਾ ਦੇ ਵਿਸ਼ੇਸ਼ ਹਵਾਈ ਅਧਿਕਾਰ ਖੇਤਰ ਵਿੱਚ ਉਡਾਣ ਭਰਦੇ ਸਮੇਂ ਇੱਕ ਖਤਰਨਾਕ ਹਥਿਆਰ ਨਾਲ ਸਰੀਰਕ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਉਸਨੂੰ

25 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਬੋਸਟਨ ਦੀ ਸੰਘੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਜੇਕਰ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਪ੍ਰਨੀਤ ਕੁਮਾਰ ਉਸਿਰੀਪੱਲੀ ਨੂੰ 10 ਸਾਲ ਤੱਕ ਦੀ ਕੈਦ ਅਤੇ 250,000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਸ਼ਿਕਾਇਤ ਦੇ ਅਨੁਸਾਰ, ਕਥਿਤ ਹਮਲਾ ਜਹਾਜ਼ ਵਿੱਚ ਖਾਣਾ ਪਰੋਸਣ ਤੋਂ ਬਾਅਦ ਹੋਇਆ ਸੀ।

ਸ਼ਿਕਾਇਤ ਦੇ ਅਨੁਸਾਰ, ਜਦੋਂ ਉਸਰੀਪਲੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਉਸਨੇ ਆਪਣੀਆਂ ਉਂਗਲਾਂ ਨਾਲ ਇਸ਼ਾਰਾ ਕੀਤਾ ਜਿਵੇਂ ਉਹ ਆਪਣੇ ਆਪ ਨੂੰ ਗੋਲੀ ਮਾਰ ਰਿਹਾ ਹੋਵੇ। ਇਸ ਤੋਂ ਬਾਅਦ ਉਸਨੇ ਇੱਕ ਮਹਿਲਾ ਯਾਤਰੀ ਨੂੰ ਥੱਪੜ ਮਾਰਿਆ ਅਤੇ ਇੱਕ ਚਾਲਕ ਦਲ ਦੇ ਮੈਂਬਰ ਨੂੰ ਵੀ ਥੱਪੜ ਮਾਰਨ ਦੀ ਕੋਸ਼ਿਸ਼ ਕੀਤੀ।

# ਪੰਜਾਬ 'ਚ ਆਪ ਆਗੂ ਦੇ ਸਿਰ 'ਚ ਮਾਰੀ ਗੋਲੀ, ਹਾਲਤ ਨਾਜ਼ੁਕ



ਆਮ ਆਦਮੀ ਪਾਰਟੀ ਦੇ ਨੇਤਾ ਨਿਤਨ ਨੰਦਾ 'ਤੇ ਹਮਲਾ ਕੀਤਾ ਗਿਆ। ਹਮਲੇ ਵਿੱਚ ਉਹ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਚੰਡੀਗੜ੍ਹ ਪੀਜੀਆਈ ਰੈਫਰ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ 'ਆਪ' ਨੇਤਾ ਇੱਕ ਵਿਆਹ ਵਿੱਚ ਸ਼ਾਮਲ ਹੋ ਰਹੇ ਸਨ ਜਦੋਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ। ਰਿਪੋਰਟਾਂ ਅਨੁਸਾਰ, ਸ੍ਰੀ ਆਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਨੇਤਾ ਨਿਤਨ ਨੰਦਾ ਨੂੰ ਇੱਕ ਸਮਾਗਮ ਦੌਰਾਨ ਗੋਲੀ ਮਾਰ ਦਿੱਤੀ ਗਈ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਏ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ। ਉਨ੍ਹਾਂ ਨੂੰ ਮੌਕੇ 'ਤੇ ਗੋਲੀ ਮਾਰ ਦਿੱਤੀ ਗਈ। ਗੋਲੀ ਦੀ ਆਵਾਜ਼ ਨਾਲ ਮੌਜੂਦ ਲੋਕਾਂ ਵਿੱਚ ਘਬਰਾਹਟ ਅਤੇ ਸਹਿਮ ਫੈਲ ਗਿਆ।

ਜ਼ਖਮੀ ਨਿਤਨ ਨੰਦਾ ਨੂੰ ਤੁਰੰਤ ਸਿਵਲ ਹਸਪਤਾਲ, ਆਨੰਦਪੁਰ ਸਾਹਿਬ ਲਿਜਾਇਆ ਗਿਆ। ਮੁੱਢਲੇ ਇਲਾਜ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਚੰਡੀਗੜ੍ਹ ਪੀਜੀਆਈ ਰੈਫਰ ਕਰ ਦਿੱਤਾ। ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਗੋਲੀ ਉਨ੍ਹਾਂ ਦੇ ਸਰੀਰ ਵਿੱਚ ਵੜ ਕੇ ਸਿਰ ਦੇ ਪਿਛਲੇ ਹਿੱਸੇ ਵਿੱਚ ਲੱਗੀ ਦੱਸੀ ਜਾ ਰਹੀ ਹੈ। ਘਟਨਾ ਦੀ ਜਾਣਕਾਰੀ ਮਿਲਣ 'ਤੇ ਆਨੰਦਪੁਰ ਸਾਹਿਬ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਅਧਿਕਾਰੀਆਂ ਅਨੁਸਾਰ, ਮੌਕੇ ਤੋਂ ਸਬੂਤ ਇਕੱਠੇ ਕਰਕੇ ਹਮਲਾਵਰਾਂ ਦੀ ਪਛਾਣ ਕੀਤੀ ਜਾ ਰਹੀ ਹੈ।

## 'ਆਪ' MLA ਕੁਲਵੰਤ ਸਿੰਘ ਬਾਜੀਗਰ ਖਿਲਾਫ਼ FIR ਦਰਜ,

### ਸਰਪੰਚੀ ਚੋਣਾਂ 'ਚ ਕੁੱਟਮਾਰ ਦੇ ਲੱਗੇ ਇਲਜ਼ਾਮ



ਇਕ ਹੋਰ ਆਪ ਵਿਧਾਇਕ ਖਿਲਾਫ ਵੱਡਾ ਐਕਸ਼ਨ ਲਿਆ ਗਿਆ ਹੈ। ਸ਼ੁਤਰਾਣਾ ਦੇ MLA ਕੁਲਵੰਤ ਸਿੰਘ ਬਾਜੀਗਰ ਖਿਲਾਫ਼ ਹਰਿਆਣਾ ਦੇ ਕੈਥਲ 'ਚ FIR ਦਰਜ ਹੋਈ ਹੈ।

ਉਨ੍ਹਾਂ 'ਤੇ ਇਲਜ਼ਾਮ ਲੱਗਾ ਹੈ ਕਿ ਨੌਜਵਾਨ ਨੂੰ ਅਗਵਾ ਕਰਕੇ ਉਸ ਦੀ ਕੁੱਟਮਾਰ ਕੀਤੀ ਗਈ ਹੈ। 'ਆਪ' MLA ਕੁਲਵੰਤ ਸਿੰਘ ਤੇ ਉਨ੍ਹਾਂ ਦੇ 2 ਪੁੱਤਰ ਸਣੇ 11 ਲੋਕਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ 'ਤੇ ਸਰਪੰਚੀ ਚੋਣਾਂ 'ਚ ਕੁੱਟਮਾਰ ਦੇ ਇਲਜ਼ਾਮ ਲੱਗੇ ਹਨ। ਦੂਜੇ ਪਾਸੇ MLA ਨੇ ਪ੍ਰੈੱਸ ਕਾਨਫਰੰਸ ਕਰਕੇ ਆਪਣੇ 'ਤੇ ਲੱਗੇ ਇਲਜ਼ਾਮਾਂ ਨੂੰ ਨਕਾਰਿਆ ਹੈ। ਉਨ੍ਹਾਂ ਕਿਹਾ ਕਿ ਮੇਰੇ 'ਤੇ ਲਗਾਏ ਗਏ ਇਲਜ਼ਾਮ ਸਰਾਸਰ ਗਲਤ ਹਨ। ਇਲਜ਼ਾਮ ਲਗਾਉਣਾ ਵਾਲੇ ਵਿਅਕਤੀ ਦਾ ਕ੍ਰਿਮੀਨਲ ਰਿਕਾਰਡ ਹੈ ਤੇ ਉਸ 'ਤੇ ਕਈ ਗੰਭੀਰ ਮਾਮਲੇ ਦਰਜ ਹਨ। ਉਹ ਮੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਇੰਦਰਾ ਗਾਂਧੀ ਨਾਲ ਜੋੜਿਆ ਜਾ ਰਿਹੈ ਕੈਨੇਡੀਅਨ ਵਿਦੇਸ਼ ਮੰਤਰੀ ਅਨੀਤਾ ਆਨੰਦ ਦਾ ਨਾਂ, ਖੜ੍ਹੇ ਹੋਏ ਵੱਡੇ ਸਵਾਲ



ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ, ਜੋ ਕਿ ਬੀਤੇ ਦਿਨੀਂ ਭਾਰਤ ਦੌਰੇ 'ਤੇ ਆਏ ਸਨ, ਭਾਰਤ ਨਾਲ ਸਬੰਧਾਂ ਨੂੰ ਆਮ ਵਾਂਗ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮ ਅਤੇ ਖਾਲਿਸਤਾਨੀ ਸੰਗਠਨਾਂ ਵੱਲੋਂ ਕਥਿਤ ਧਮਕੀਆਂ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

ਅਨੀਤਾ ਆਨੰਦ ਨੇ ਕੈਨੇਡਾ 2020 ਦੀ ਮੀਟਿੰਗ ਵਿੱਚ ਸਾਬਕਾ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਨਿੱਘੇ ਢੰਗ ਨਾਲ ਜ਼ਿਕਰ ਕੀਤਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਭਾਵਨਾਤਮਕ ਤੌਰ 'ਤੇ ਕਾਫ਼ੀ ਪ੍ਰੇਰਕ ਸੀ।

ਜ਼ਿਕਰਯੋਗ ਹੈ ਕਿ ਅਨੀਤਾ ਆਨੰਦ ਪਹਿਲਾਂ ਕੈਨੇਡਾ ਇੰਡੀਆ ਫਾਊਂਡੇਸ਼ਨ (ਛੀਫ) ਲਈ ਇੱਕ ਸਲਾਹਕਾਰ ਵਜੋਂ ਕੰਮ ਕਰ ਚੁੱਕੀ ਹੈ। ਇਹ ਸੰਸਥਾ ਇੱਕ ਭਾਰਤ-ਪੱਖੀ ਲਾਬੀ ਸਮੂਹ ਹੈ, ਜਿਸ ਨੂੰ ਕਈ ਲੋਕਾਂ ਵੱਲੋਂ ਆਰ.ਐੱਸ.ਐੱਸ. (RSS) ਅਤੇ ਸਿੱਖ ਵਿਰੋਧੀ ਬਿਆਨਬਾਜ਼ੀ ਨਾਲ ਜੋੜਿਆ ਜਾਂਦਾ ਹੈ।

ਇਹ ਸਾਰੇ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਕੈਨੇਡਾ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਭਾਰਤੀ ਅੰਤਰ-ਰਾਸ਼ਟਰੀ ਦਮਨ (transnational repression) ਦੀਆਂ ਰਿਪੋਰਟਾਂ ਲਗਾਤਾਰ ਮਿਲ ਰਹੀਆਂ ਹਨ। ਇਨ੍ਹਾਂ ਰਿਪੋਰਟਾਂ ਵਿੱਚ ਭਾਰਤ ਨਾਲ ਜੁੜੇ ਅੱਤਵਾਦੀ ਨੈੱਟਵਰਕਾਂ ਜਿਵੇਂ ਕਿ ਬਿਸ਼ਨੋਈ ਗੈਂਗ ਰਾਹੀਂ ਕੀਤੀ ਗਈ ਹਿੰਸਾ ਵੀ ਸ਼ਾਮਲ ਹੈ।

ਦੂਜੇ ਪਾਸੇ ਖਾਲਿਸਤਾਨੀ ਸੰਗਠਨਾਂ ਜਿਵੇਂ ਕਿ ਯੱਸ਼ੋ ਅਤੇ ਸ਼ਢਝ 'ਤੇ ਅਨੀਤਾ ਆਨੰਦ ਨੂੰ ਡਰਾਉਣ-ਧਮਕਾਉਣ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਦੀ ਯੋਜਨਾ ਘੜਨ ਦਾ ਵੀ ਦੋਸ਼ ਲਗਾਇਆ ਗਿਆ ਹੈ। ਰਿਪੋਰਟ ਅਨੁਸਾਰ ਸ਼ਢਝ ਅਤੇ ਯੱਸ਼ੋ ਅਨੀਤਾ ਆਨੰਦ ਨੂੰ ਇੰਦਰਾ ਗਾਂਧੀ ਨਾਲ ਜੋੜ ਰਹੇ ਹਨ, ਤਾਂ ਜੋ ਕੋਈ ਖਾਲਿਸਤਾਨੀ ਕੱਟੜਪੰਥੀ ਉਨ੍ਹਾਂ 'ਤੇ ਹਮਲਾ ਕਰਨ ਲਈ ਉਤਸ਼ਾਹਿਤ ਹੋ ਸਕੇ।

# ਚੱਕਰਵਾਤੀ ਤੂਫਾਨ 'ਮੋਂਥਾ' ਆਂਧਰਾ ਤੱਟ ਨਾਲ ਟਕਰਾਇਆ,

## ਓਡੀਸ਼ਾ 'ਚ ਭਾਰੀ ਬਾਰਿਸ਼ ਨੇ ਮਚਾਈ ਤਬਾਹੀ



ਗੰਭੀਰ ਚੱਕਰਵਾਤੀ ਤੂਫ਼ਾਨ "ਮੋਂਥਾ" ਦੇ ਲੈਂਡਫਾਲ ਦੀ ਪ੍ਰਕਿਰਿਆ ਮੰਗਲਵਾਰ ਸ਼ਾਮ ਨੂੰ ਸ਼ੁਰੂ ਹੋਈ ਅਤੇ ਅਗਲੇ ਤਿੰਨ ਤੋਂ ਚਾਰ ਘੰਟਿਆਂ ਤੱਕ ਜਾਰੀ ਰਹੇਗੀ। "ਮੋਂਥਾ" ਦਾ ਅਰਥ ਥਾਈ ਵਿੱਚ ਖੁਸ਼ਬੂਦਾਰ ਫੁੱਲ ਹੈ। ਭਾਰਤ ਮੌਸਮ ਵਿਭਾਗ (IMD) ਨੇ ਮੰਗਲਵਾਰ ਸ਼ਾਮ 7:23 ਵਜੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਇੱਕ ਪੋਸਟ ਵਿੱਚ ਇਸਦੀ ਪੁਸ਼ਟੀ ਕੀਤੀ। IMD ਦੇ ਅਨੁਸਾਰ, ਇਹ ਮੌਸਮ ਪ੍ਰਣਾਲੀ ਅਗਲੇ ਕੁਝ ਘੰਟਿਆਂ ਵਿੱਚ ਕਾਕੀਨਾਡਾ ਦੇ ਆਲੇ-ਦੁਆਲੇ, ਮਛਲੀਪਟਨਮ ਅਤੇ ਕਲਿੰਗਾਪਟਨਮ ਦੇ ਵਿਚਕਾਰ ਆਂਧਰਾ ਪ੍ਰਦੇਸ਼ ਦੇ ਤੱਟ ਨੂੰ ਪਾਰ ਕਰੇਗੀ। ਇਸ ਸਮੇਂ ਦੌਰਾਨ ਹਵਾ ਦੀ ਵੱਧ ਤੋਂ ਵੱਧ ਗਤੀ 90 ਤੋਂ 100 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ, ਜੋ ਕਿ 110 ਕਿਲੋਮੀਟਰ ਪ੍ਰਤੀ ਘੰਟਾ ਤੱਕ ਵਧੇਗੀ।

ਇਸ ਦੌਰਾਨ ਓਡੀਸ਼ਾ ਵਿੱਚ, ਮੰਗਲਵਾਰ ਨੂੰ ਚੱਕਰਵਾਤ 'ਮੋਂਥਾ' ਕਾਰਨ ਭਾਰੀ ਮੀਂਹ ਪਿਆ। ਜਿਸ ਕਾਰਨ ਤੱਟਵਰਤੀ ਅਤੇ ਦੱਖਣੀ ਜ਼ਿਲ੍ਹਿਆਂ ਵਿੱਚ ਕਈ ਥਾਵਾਂ 'ਤੇ ਜ਼ਮੀਨ ਖਿਸਕ ਗਈ, ਘਰਾਂ ਨੂੰ ਨੁਕਸਾਨ ਪਹੁੰਚਿਆ ਅਤੇ ਦਰੱਖਤ ਉੱਖੜ ਗਏ। ਕੰਨੂਰ, ਕੋਰਾਪੁਟ, ਰਯਾਗੜਾ, ਗਜਪਤੀ, ਗੰਜਮ, ਕੰਧਮਾਲ, ਕਾਲਾਹਾਂਡੀ ਅਤੇ ਨਬਰੰਗਪੁਰ ਸਮੇਤ ਦੱਖਣੀ ਓਡੀਸ਼ਾ ਦੇ 15 ਜ਼ਿਲ੍ਹਿਆਂ ਵਿੱਚ ਆਮ ਜਨਜੀਵਨ ਪ੍ਰਭਾਵਿਤ ਹੋਇਆ ਹੈ। ਗਜਪਤੀ ਜ਼ਿਲੇ ਦੀ ਅਨਾਕਾ ਗ੍ਰਾਮ ਪੰਚਾਇਤ 'ਚ ਨੇੜੇ ਦੀਆਂ ਪਹਾੜੀਆਂ ਤੋਂ ਵੱਡੇ-ਵੱਡੇ ਪੱਥਰ ਡਿੱਗੇ, ਜਿਸ ਨਾਲ ਪੰਜ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ 'ਤੇ ਰੋਕ ਲੱਗ ਗਈ। ਰਾਏਗੜਾ ਜ਼ਿਲੇ ਦੇ ਗੁਨੂਪੁਰ, ਗੁਡਾਰੀ ਅਤੇ ਰਾਮਨਾਗੁੜਾ ਖੇਤਰਾਂ 'ਚ ਵੀ ਦਰਖਤ ਉਖੜਨ ਦੀ ਖਬਰ ਹੈ।

ਗਜਪਤੀ ਜ਼ਿਲ੍ਹੇ ਦੇ ਪੋਟਾਰਾ ਪੰਚਾਇਤ ਵਿੱਚ ਇੱਕ ਚੱਕਰਵਾਤ ਆਸਰਾ ਸਥਾਨ ਦਾ ਪ੍ਰਬੰਧਨ ਕਰਨ ਵਾਲੇ ਸਪਲਾਈ ਸਹਾਇਕ ਸੁਰੇਂਦਰ ਗਮਾਂਗ ਦੀ ਸੋਮਵਾਰ ਰਾਤ ਨੂੰ ਅਚਾਨਕ ਬਿਮਾਰ ਹੋਣ ਤੋਂ ਬਾਅਦ ਮੌਤ ਹੋ ਗਈ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਮੌਤ ਦੇ ਕਾਰਨਾਂ ਦੀ ਪੁਸ਼ਟੀ ਨਹੀਂ ਕੀਤੀ ਹੈ।

ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਆਫ਼ਤ ਦੇ ਪ੍ਰਭਾਵ ਨੂੰ ਘਟਾਉਣ ਲਈ ਰਾਜ ਦੀ ਤਿਆਰੀ ਦੀ ਸਮੀਖਿਆ ਕੀਤੀ ਹੈ ਅਤੇ ਇਹ ਯਕੀਨੀ ਬਣਾਉਣ ਦਾ ਟੀਚਾ ਰੱਖਿਆ ਹੈ ਕਿ ਕੋਈ ਵੀ ਜਾਨ-ਮਾਲ ਦਾ ਨੁਕਸਾਨ ਨਾ ਹੋਵੇ। ਪ੍ਰਭਾਵਿਤ ਲੋਕਾਂ ਨੂੰ ਪਨਾਹ ਦੇਣ ਲਈ 2,000 ਤੋਂ ਵੱਧ ਚੱਕਰਵਾਤ ਆਸਰਾ ਸਥਾਨ ਸਥਾਪਿਤ ਕੀਤੇ ਗਏ ਹਨ। ਅੱਠ ਦੱਖਣੀ ਜ਼ਿਲ੍ਹਿਆਂ ਦੇ ਸੰਵੇਦਨਸ਼ੀਲ ਸਥਾਨਾਂ 'ਤੇ 153 ਬਚਾਅ ਟੀਮਾਂ (6,000 ਤੋਂ ਵੱਧ ਕਰਮਚਾਰੀ) ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (NDRF), ਓਡੀਸ਼ਾ ਆਫ਼ਤ ਪ੍ਰਤੀਕਿਰਿਆ ਬਲ (ODRAF) ਅਤੇ ਫਾਇਰ ਸੇਵਾਵਾਂ ਦੇ ਕਰਮਚਾਰੀ ਸ਼ਾਮਿਲ ਹਨ। ਪ੍ਰਸ਼ਾਸਨ ਨੇ 9 ਜ਼ਿਲ੍ਹਿਆਂ ਵਿੱਚ ਸਕੂਲ ਅਤੇ ਆਂਗਣਵਾੜੀ ਕੇਂਦਰ 30 ਅਕਤੂਬਰ ਤੱਕ ਬੰਦ ਰੱਖਣ ਦਾ ਐਲਾਨ ਕੀਤਾ ਹੈ ਅਤੇ ਸਰਕਾਰੀ ਕਰਮਚਾਰੀਆਂ ਦੀਆਂ ਛੁੱਟੀਆਂ ਵੀ 30 ਅਕਤੂਬਰ ਤੱਕ ਰੱਦ ਕਰ ਦਿੱਤੀਆਂ ਗਈਆਂ ਹਨ।

# 6 ਮਹੀਨੇ ਲਈ ਜੇਲ੍ਹ ਤੋਂ ਬਾਹਰ ਰਹੇਗਾ ਆਸਾਰਾਮ,

## ਹਾਈਕੋਰਟ ਨੇ ਦਿੱਤੀ ਵੱਡੀ ਰਾਹਤ



ਜਬਰ-ਜਨਾਹ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਆਸਾਰਾਮ ਨੂੰ ਰਾਜਸਥਾਨ ਹਾਈ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਹਾਈ ਕੋਰਟ ਨੇ ਆਸਾਰਾਮ ਨੂੰ ਮੈਡੀਕਲ ਆਧਾਰ 'ਤੇ ਛੇ ਮਹੀਨਿਆਂ ਲਈ ਅੰਤਰਿਮ ਜ਼ਮਾਨਤ ਦੇ ਦਿੱਤੀ। ਇਸ ਵਾਰ ਜਮਾਨਤ ਵਿਚ ਆਸਾਰਾਮ ਦੀ ਸਿਹਤ ਸਥਿਤੀ ਨੂੰ ਵੇਖਦੇ ਹੋਏ ਜਮਾਨਤ ਮਿਆਦ ਵਿਚ ਉਸ ਦੇ ਨਾਲ ਤਿੰਨ ਪੁਲਿਸ ਮੁਲਾਜਮ ਰੱਖਣ ਦੀ ਸ਼ਰਤ ਹਟਾਈ ਗਈ ਹੈ। ਜਿਸ ਕਾਰਨ ਆਸਾਰਾਮ ਨਾਲ ਹੁਣ ਜਮਾਨਤ ਦੌਰਾਨ ਪੁਲਿਸ ਨਾਲ ਨਹੀਂ ਰਹੇਗੀ। ਕਾਰਜਕਾਰੀ ਚੀਫ਼ ਜਸਟਿਸ ਸੰਜੀਵ ਪ੍ਰਕਾਸ਼ ਸ਼ਰਮਾ ਦੀ ਅਗਵਾਈ ਵਾਲੀ ਡਿਵੀਜ਼ਨ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਆਸਾਰਾਮ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ।

ਆਸਾਰਾਮ ਇਸ ਵੇਲੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਹੈ। ਖਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ ਆਸਾਰਾਮ ਨੇ ਰੈਗੂਲਰ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ। ਉਹ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਜਨਵਰੀ ਦੇ ਸ਼ੁਰੂ ਵਿੱਚ ਸੁਪਰੀਮ ਕੋਰਟ ਨੇ ਆਸਾਰਾਮ ਨੂੰ 2013 ਦੇ ਬਲਾਤਕਾਰ ਦੇ ਮਾਮਲੇ ਵਿੱਚ ਮੈਡੀਕਲ ਆਧਾਰ 'ਤੇ ਮਾਰਚ ਦੇ ਅੰਤ ਤੱਕ ਅੰਤਰਿਮ ਜ਼ਮਾਨਤ ਦਿੱਤੀ ਸੀ। ਸੁਪਰੀਮ ਕੋਰਟ ਦੇ ਬੈਂਚ ਨੇ ਫਿਰ ਨੋਟ ਕੀਤਾ ਕਿ ਆਸਾਰਾਮ ਨੂੰ ਉਮਰ ਨਾਲ ਸਬੰਧਤ ਕਈ ਸਿਹਤ ਸਮੱਸਿਆਵਾਂ ਹਨ ਅਤੇ ਉਸ ਨੂੰ ਦੋ ਦਿਲ ਦੇ ਦੌਰੇ ਪਏ ਹਨ। ਆਸਾਰਾਮ ਅਗਸਤ 2013 ਤੋਂ ਇੱਕ ਸਕੂਲੀ ਵਿਦਿਆਰਥਣ ਨਾਲ ਬਲਾਤਕਾਰ ਦੇ ਦੋਸ਼ ਵਿੱਚ ਜੇਲ੍ਹ ਵਿੱਚ ਹੈ। ਉਸ ਨੂੰ 16 ਸਾਲ ਦੀ ਕੁੜੀ ਦੀ ਸ਼ਿਕਾਇਤ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਦੋ ਮਹੀਨੇ ਬਾਅਦ ਆਸਾਰਾਮ ਅਤੇ ਉਸਦੇ ਪੁੱਤਰ ਨਾਰਾਇਣ ਸਾਈਂ 'ਤੇ ਗੁਜਰਾਤ ਦੇ ਸੂਰਤ ਸਥਿਤ ਆਪਣੇ ਆਸ਼ਰਮ ਵਿੱਚ ਦੋ ਭੈਣਾਂ ਨਾਲ ਬਲਾਤਕਾਰ ਕਰਨ ਦਾ ਦੋਸ਼ ਲਗਾਇਆ ਗਿਆ।

# ਟੋਰਾਂਟੋ ਦੇ ਗੈਸ ਸਟੇਸ਼ਨ 'ਤੇ ਚੱਲੀਆਂ ਗੋਲੀਆਂ, 2 ਜ਼ਖਮੀ

## ਐਬਸਫ਼ੋਰਡ ਵਿਖੇ ਗੋਲੀਬਾਰੀ ਦੇ ਮਾਮਲੇ 'ਚ ਇਕ ਗ੍ਰਿਫ਼ਤਾਰ



ਟੋਰਾਂਟੋ : ਇਟੋਬੀਕੋ ਵਿਖੇ ਮੰਗਲਵਾਰ ਵੱਡੇ ਤੜਕੇ ਕਾਰ ਜੈਕਿੰਗ ਦੀ ਵਾਰਦਾਤ ਦੌਰਾਨ ਇਕ ਗੈਸ ਸਟੇਸ਼ਨ 'ਤੇ ਗੋਲੀਆਂ ਚੱਲ ਗਈਆਂ ਅਤੇ ਘੱਟੋ ਘੱਟ ਦੋ ਜਣਿਆਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਹਾਈਵੇਅ 27 ਨੇੜੇ ਰੈਕਸਡੇਲ ਬੁਲੇਵਾਰਡ 'ਤੇ ਢਾਈ ਵਜੇ ਗੋਲੀਬਾਰੀ ਦੀ ਵਾਰਦਾਤ ਵਾਪਰੀ ਅਤੇ ਪੈਰਾਮੈਡਿਕਸ ਨੂੰ ਦੋ ਜਣੇ ਜ਼ਖਮੀ ਹਾਲਤ ਵਿਚ ਮਿਲੇ ਜਿਨ੍ਹਾਂ ਵਿਚੋਂ ਇਕ ਔਰਤ ਹੈ। ਗੋਲੀਆਂ ਚਲਾਉਣ ਵਾਲੇ ਅਣਦੱਸੀ ਦਿਸ਼ਾ ਵੱਲ ਫਰਾਰ ਹੋ ਗਏ ਅਤੇ ਪੁਲਿਸ ਵੱਲੋਂ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

ਦੂਜੇ ਪਾਸੇ ਬੀ.ਸੀ. ਦੇ ਐਬਸਫੋਰਡ ਵਿਖੇ ਸੋਮਵਾਰ ਸਵੇਰੇ ਗੋਲੀਬਾਰੀ ਦੇ ਮਾਮਲੇ ਵਿਚ ਪੁਲਿਸ ਵੱਲੋਂ ਸ਼ੱਕੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਐਬਸਫੋਰਡ ਪੁਲਿਸ ਨੇ ਸਪੱਸ਼ਟ ਕਰ ਦਿਤਾ ਕਿ ਇਹ ਗ੍ਰਿਫ਼ਤਾਰੀ ਦਰਸ਼ਨ ਸਿੰਘ ਕਤਲ ਮਾਮਲੇ ਵਿਚ ਨਹੀਂ ਸਗੋਂ 41 ਸਾਲ ਦੇ ਇਕ ਹੋਰ ਸ਼ਖਸ ਨੂੰ ਗੋਲੀ ਮਾਰ ਕੇ ਜ਼ਖਮੀ ਕਰਨ ਦੇ ਮਾਮਲੇ ਵਿਚ ਕੀਤੀ ਗਈ ਹੈ। ਪੁਲਿਸ ਵੱਲੋਂ ਇਹ ਮਾਮਲਾ ਐਕਸਟੋਰਸ਼ਨ ਕਾਲਜ਼ ਨਾਲ ਸਬੰਧਤ ਨਹੀਂ ਮੰਨਿਆ ਜਾ ਰਿਹਾ ਅਤੇ ਮਾਮਲੇ ਦੀ ਪੜਤਾਲ ਵਿਚ ਲੋਕਾਂ ਤੋਂ ਮਦਦ ਮੰਗੀ ਗਈ ਹੈ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

PUNJAB STAR TV

IPTV
Roku
eBaba Ent
webtv
YUPPTV
GET IT ON Google Play
Shava tv
Jadoo TV
Cruze tv
amazon fireTV

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਨਿਆਗਰਾ ਫ਼ਾਲਜ਼ ਇੰਟਰਨੈਸ਼ਨਲ ਮੈਰਾਥਨ ਵਿੱਚ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਫੁੱਲ- ਮੈਰਾਥਨ ਤੇ ਹਾਫ਼-ਮੈਰਾਥਨ 'ਚ ਕੀਤੀ ਸ਼ਮੂਲੀਅਤ

## ਜਸਵਿੰਦਰ ਧਾਲੀਵਾਲ ਨੇ ਫੁੱਲ-ਮੈਰਾਥਨ ਵਿੱਚ ਆਪਣੇ ਪਿਛਲੇ ਸਾਲ ਦੇ ਰਿਕਾਰਡ 'ਚ ਕੀਤਾ 22 ਮਿੰਟਾਂ ਦਾ ਸੁਧਾਰ




ਬਰੈਂਪਟਨ, (ਡਾ. ਝੰਡ) –ਲੰਘੇ ਐਤਵਾਰ 26 ਅਕਤੂਬਰ ਨੂੰ ਨਿਆਗਰਾ ਫ਼ਾਲਜ਼ ਵਿਖੇ ਆਯੋਜਿਤ ਕੀਤੇ ਗਏ ਇੰਟਰਨੈਸ਼ਨਲ ਮੈਰਾਥਨ ਈਵੈਂਟ ਵਿੱਚ ਫੁੱਲ-ਮੈਰਾਥਨ, ਹਾਫ਼-ਮੈਰਾਥਨ, 10 ਕਿਲੋਮੀਟਰ ਤੇ 5 ਕਿਲੋਮੀਟਰ ਦੌੜਾਂ ਦੇ ਮੁਕਾਬਲੇ ਹੋਏ। ਕੈਨੇਡਾ-ਭਰ ਅਤੇ ਕਈ ਹੋਰ ਦੇਸ਼ਾਂ ਤੋਂ ਹਜ਼ਾਰਾਂ ਦੌੜਾਕਾਂ ਨੇ ਇਨ੍ਹਾਂ ਵਿਚ ਬੜੇ ਉਤਸ਼ਾਹ ਨਾਲ ਭਾਗ ਲਿਆ। ਬਰੈਂਪਟਨ ਵਿੱਚ ਪਿਛਲੇ 12 ਸਾਲਾਂ ਤੋਂ ਸਰਗਰਮ 'ਟੀ.ਪੀ.ਏ.ਆਰ. ਕਲੱਬ' (ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ) ਦੇ ਪੰਜ ਦੌੜਾਕਾਂ ਨੇ ਫੁੱਲ-ਮੈਰਾਥਨ ਅਤੇ ਹਾਫ਼-ਮੈਰਾਥਨ ਦੌੜਾਂ ਵਿੱਚ ਸਫ਼ਲਤਾ ਪੂਰਵਕ ਹਿੱਸਾ ਲਿਆ ਤੇ ਉਨ੍ਹਾਂ ਵਿੱਚ ਵਧੀਆ ਸਥਾਨ ਪ੍ਰਾਪਤ ਕੀਤੇ। ਇਹ ਦੌੜ 'ਰੈਪਿਡਜ਼ਵਿਊ ਪਾਰਕ' ਤੋਂ ਆਰੰਭ ਕੀਤੀ ਗਈ ਅਤੇ ਨਿਆਗਰਾ ਪਾਰਕਵੇਅ ਤੋਂ ਹੁੰਦੀ ਹੋਈ ਨਿਆਗਰਾ ਰਿਵਰ ਅਤੇ 'ਹੌਰਸ ਸ਼ੂਅ ਫ਼ਾਲਜ਼' ਨੇੜਿਉਂ ਲੰਘ ਕੇ ਇਸ ਤੋਂ ਅੱਗੇ ਜਾ ਕੇ ਸਮਾਪਤ ਹੋਈ। ਦੌੜ ਦਾ ਸਾਰਾ ਰਸਤਾ ਹਰਿਆਵਲ ਨਾਲ ਭਰਪੂਰ ਬੜਾ ਮਨਮੋਹਕ ਸੀ। ਕੁਦਰਤੀ ਨਜ਼ਾਰਿਆਂ ਨਾਲ ਲੱਦੀ ਹੋਈ ਇਹ ਦੌੜ ਅਮਰੀਕਾ ਦੀ 'ਬੋਸਟਨ ਮੈਰਾਥਨ' ਲਈ ਕੁਆਲੀਫਾਈ ਕਰਨ ਦਾ ਸਬੱਬ ਬਣਨ ਲਈ ਵੀ ਮਸ਼ਹੂਰ ਹੈ। ਦੂਰ-ਦੂਰ ਤੋਂ ਆਏ ਦੌੜਾਕ ਇਸ ਵਿੱਚ ਸ਼ਾਮਲ ਹੁੰਦੇ ਹਨ ਅਤੇ ਆਪਣੀ ਸਰੀਰਕ ਯੋਗਤਾ, ਲਗਨ, ਮਿਹਨਤ ਅਤੇ ਸਪੋਰਟਸ ਦੀ ਭਾਵਨਾ ਦਾ ਵਧੀਆ ਮੁਜ਼ਾਹਰਾ ਕਰਦੇ ਹਨ। ਸਵੇਰੇ 7 ਵੱਜ ਕੇ 15 ਮਿੰਟ 9 ਸਕਿੰਟ 'ਤੇ ਆਰੰਭ ਹੋਈ 'ਫੁੱਲ-ਮੈਰਾਥਨ' ਵਿੱਚ ਟੀ.ਪੀ.ਏ.ਆਰ. ਕਲੱਬ ਦੇ ਦੋ ਦੌੜਾਕ ਜਸਵਿੰਦਰ ਧਾਲੀਵਾਲ ਅਤੇ ਕਰਮਜੀਤ ਖੰਗੂੜਾ ਸ਼ਾਮਲ ਹੋਏ। ਜਸਵਿੰਦਰ ਧਾਲੀਵਾਲ ਇਹ ਦੌੜ ਤਿੰਨ ਘੰਟੇ 48 ਮਿੰਟ 27 ਸਕਿੰਟ ਵਿੱਚ ਲਗਾ ਕੇ ਇਸ ਦੌੜ ਦੇ ਕੁਲ 964 ਦੌੜਾਕਾਂ ਵਿੱਚੋਂ 236'ਵੇਂ ਸਥਾਨ 'ਤੇ ਆਇਆ, ਜਦਕਿ 40 ਤੋਂ 44 ਉਮਰ ਦੇ 56 ਮਰਦ ਦੌੜਾਕਾਂ ਵਿੱਚੋਂ ਉਸਦਾ 16'ਵਾਂ ਨੰਬਰ ਸੀ। ਇਹ ਮੈਰਾਥਨ ਦੌੜ ਜਸਵਿੰਦਰ ਧਾਲੀਵਾਲ ਨੇ ਪਿਛਲੇ ਸਾਲ ਨਾਲੋਂ ਤੇਜ਼ ਦੌੜ ਉਸਦੇ ਆਪਣੇ ਸਮੇਂ 4 ਘੰਟੇ, 10 ਮਿੰਟ, 25 ਸਕਿੰਟ ਨਾਲੋਂ 22 ਮਿੰਟ ਪਹਿਲਾਂ ਪੂਰੀ ਕਰਕੇ ਇਸ ਵਾਰ ਦੌੜ ਦੇ ਸਮੇਂ ਵਿੱਚ ਬਹੁਤ ਵਧੀਆ ਸੁਧਾਰ ਕੀਤਾ ਹੈ। ਕਲੱਬ ਦੇ ਦੂਸਰੇ ਦੌੜਾਕ ਕਰਮਜੀਤ ਖੰਗੂੜਾ ਨੇ ਇਹ ਮੈਰਾਥਨ ਦੌੜ ਤਿੰਨ ਘੰਟੇ 50 ਮਿੰਟ 42 ਸਕਿੰਟ ਵਿੱਚ ਪੂਰੀ ਕਰਕੇ 964 ਦੌੜਾਕਾਂ ਵਿੱਚੋਂ 252'ਵਾਂ ਸਥਾਨ ਪ੍ਰਾਪਤ ਕੀਤਾ, ਜਦਕਿ ਮਰਦਾਂ ਦੇ 55 ਤੋਂ 59 ਸਾਲ ਦੇ ਉਮਰ ਵਰਗ ਦੇ 32 ਦੌੜਾਕਾਂ ਵਿੱਚੋਂ ਉਸਦਾ ਛੇਵਾਂ ਸਥਾਨ ਸੀ। ਹਾਫ਼-ਮੈਰਾਥਨ ਵਿੱਚ ਕਲੱਬ ਦੇ ਦੌੜਾਕ ਜਸਜੀਤ ਖੋਸਾ ਨੇ ਇਹ ਦੌਰ 2 ਘੰਟੇ 5 ਮਿੰਟ 51 ਸਕਿੰਟ ਵਿੱਚ ਪੂਰੀ ਕੀਤੀ ਅਤੇ ਉਹ ਇਸ ਦੌੜ ਦੇ 1822 ਦੌੜਾਕਾਂ ਵਿੱਚੋਂ 790'ਵੇਂ ਨੰਬਰ 'ਤੇ ਆਇਆ, ਜਦਕਿ 45 ਤੋਂ 49 ਸਾਲ ਦੇ ਉਮਰ ਵਰਗ ਦੇ 57 ਮਰਦ ਦੌੜਾਕਾਂ ਵਿੱਚ ਉਸਦਾ 33'ਵਾਂ ਸਥਾਨ ਸੀ। ਏਸੇ ਤਰ੍ਹਾਂ, ਕਲੱਬ ਦਾ ਇਸ ਸਾਲ ਨਵਾਂ ਭਰਤੀ ਹੋਇਆ ਦੌੜਾਕ ਅਰੁਨ ਗੁਪਤਾ 1822 ਦੌੜਾਕਾਂ ਵਿੱਚੋਂ 897'ਵੇਂ ਸਥਾਨ 'ਤੇ ਰਿਹਾ, ਜਦਕਿ 45 ਤੋਂ 49 ਉਮਰ ਦੇ ਆਪਣੇ ਵਰਗ ਦੇ 57 ਦੌੜਾਕਾਂ ਵਿੱਚੋਂ ਉਹ 35'ਵੇਂ ਨੰਬਰ 'ਤੇ ਆਇਆ। ਕਲੱਬ ਦਾ ਇੱਕ ਹੋਰ ਹੋਣਹਾਰ ਨੌਜੁਆਨ ਦੌੜਾਕ ਧਰਮਪ੍ਰੀਤ ਸਿੰਘ ਇਹ ਦੌੜ ਦੋ ਘੰਟੇ 15 ਮਿੰਟ 23 ਸਕਿੰਟ 'ਚ ਪੂਰੀ ਕਰਕੇ 1822 ਦੌੜਾਕਾਂ ਵਿੱਚੋਂ ਉਹ ਭਾਵੇਂ 1081'ਵੇਂ ਨੰਬਰ 'ਤੇ ਰਿਹਾ, ਪਰ 25 ਤੋਂ 29 ਸਾਲ ਦੇ ਆਪਣੇ ਉਮਰ ਵਰਗ ਦੇ 158 ਦੌੜਾਕਾਂ ਵਿੱਚੋਂ ਉਹ 131'ਵੇਂ ਸਥਾਨ 'ਤੇ ਸੀ। ਛੋਟੀ ਉਮਰ ਦੇ ਇਸ ਦੌੜਾਕ ਤੋਂ ਕਲੱਬ ਨੂੰ ਭਵਿੱਖ ਵਿੱਚ ਬਹੁਤ ਆਸਾਂ ਤੇ ਉਮੀਦਾਂ ਹਨ। ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਇਨ੍ਹਾਂ ਦੌੜਾਕਾਂ ਨੂੰ ਵਧਾਈਆਂ ਤੇ ਮੁਬਾਰਕਬਾਦਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਭਵਿੱਖ ਵਿੱਚ ਹੋਰ ਵਧੀਆ ਕਾਰਗੁਜ਼ਾਰੀ ਵਿਖਾ ਕੇ ਅੱਗੇ ਵੱਧਣ ਲਈ ਉਨ੍ਹਾਂ ਨੂੰ ਸ਼ੁੱਭ-ਇੱਛਾਵਾਂ ਦਿੱਤੀਆਂ ਜਾ ਰਹੀਆਂ ਹਨ। ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਸੀਨੀਅਰ ਮੈਂਬਰ ਇੰਜੀ. ਈਸ਼ਰ ਸਿੰਘ ਚਾਹਲ, ਡਾ. ਸੁਖਦੇਵ ਸਿੰਘ ਝੰਡ, ਗੁਰਬਚਨ ਸਿੰਘ ਉਰਫ਼ 'ਗੈਰੀ ਗਰੇਵਾਲ', ਮਨਜੀਤ ਸਿੰਘ ਨੌਟਾ ਤੇ ਹੋਰ ਮੈਂਬਰਾਂ ਵੱਲੋਂ ਇਨ੍ਹਾਂ ਦੀ ਖ਼ੂਬ ਹੌਸਲਾ-ਅਫ਼ਜਾਈ ਕੀਤੀ ਜਾ ਰਹੀ ਹੈ। ਸਾਰਿਆਂ ਨੂੰ ਪੂਰਨ ਆਸ ਹੈ ਕਿ ਇਹ ਦੌੜਾਕ ਭਵਿੱਖ ਵਿੱਚ ਕਲੱਬ ਦਾ ਨਾਂ ਰੌਸ਼ਨ ਕਰਨਗੇ।

# 'ਖ਼ੁਸ਼ੀਆਂ ਦਾ ਪਟਾਕਾ' ਰੂਪ 'ਚ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੀ ਦੀਵਾਲੀ ਨੇ ਬਰੈਂਪਟਨ ਨੂੰ ਖ਼ੁਸ਼ੀਆਂ ਨਾਲ ਰੁਸ਼ਨਾਇਆ



ਬਰੈਂਪਟਨ, (ਡਾ.ਝੰਡ): ਲੰਘੇ ਐਤਵਾਰ 26 ਅਕਤੂਬਰ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ ਦੀਵਾਲੀ ਦਾ ਤਿਓਹਾਰ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿੱਚ 'ਖ਼ੁਸ਼ੀਆਂ ਦੇ ਪਟਾਕੇ' ਦੇ ਰੂਪ 'ਚ ਖ਼ੂਬ ਚਾਵਾਂ, ਖ਼ੁਸ਼ੀਆਂ ਤੇ ਮਲ੍ਹਾਰਾਂ ਨਾਲ ਮਨਾਇਆ। ਕਲੱਬ ਦੇ 120 ਤੋਂ ਵਧੇਰੇ ਮੈਂਬਰ ਇਸ ਮੌਕੇ ਦੀਵਾਲੀ ਦੇ ਇਸ ਜਸ਼ਨ 'ਚ ਸ਼ਾਮਲ ਹੋਏ। ਸਮਾਗਮ ਦਾ ਸਮੁੱਚਾ ਮਾਹੌਲ ਕਮਿਊਨਿਟੀ ਏਕਤਾ ਤੇ ਸੱਭਿਆਚਾਰਕ ਰੰਗਤ ਨਾਲ ਲਬਰੇਜ਼ ਸੀ। ਇਸ ਵਿੱਚ ਹਾਸੇ-ਮਖ਼ੌਲ, ਗੀਤ-ਸੰਗੀਤ, ਮਨੋਰੰਜਨ, ਗੇਮਾਂ, ਰੰਗ-ਬਰੰਗੇ ਡਾਂਸ, ਭੰਗੜਾ, ਗਿੱਧਾ, ਆਦਿ ਦੇ ਸਾਰੇ ਰੰਗ ਮੌਜੂਦ ਸਨ ਅਤੇ ਕਲੱਬ ਮੈਂਬਰਾਂ ਨੇ ਇਹ ਸਾਰੇ ਰੰਗ ਖ਼ੂਬ ਬਖੇਰੇ। ਇਸ ਸੱਭਿਆਚਾਰਕ ਸਮਾਗਮ ਦਾ ਆਰੰਭ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਮੈਂਬਰਾਂ ਨੂੰ ਨਿੱਘੀ 'ਜੀ-ਆਇਆਂ' ਕਹਿਣ ਨਾਲ ਹੋਇਆ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ, "ਸਾਡੀ ਇਹ ਕਲੱਬ ਕੇਵਲ ਮੈਂਬਰਾਂ ਦਾ 'ਇਕੱਠ' ਹੀ ਨਹੀਂ ਹੈ, ਬਲਕਿ ਇਹ ਸਾਡਾ ਪਰਿਵਾਰ ਹੈ ਜੋ ਆਪਣੀ ਹਰੇਕ ਇਕੱਤਰਤਾ ਨਾਲ ਹੋਰ ਮਜ਼ਬੂਤ ਹੁੰਦਾ ਜਾ ਰਿਹਾ ਹੈ। ਮੈਂਬਰਾਂ ਦੀ ਊਰਜਾ ਅਤੇ ਉਤਸ਼ਾਹ ਇਸ ਦੇ ਹਰ ਇੱਕ ਪ੍ਰੋਗਰਾਮ ਨੂੰ ਪਹਿਲਿਆਂ ਨਾਲੋਂ ਵਧੇਰੇ ਅਸਰਦਾਰ ਤੇ ਚਮਕਦਾਰ ਬਣਾ ਦਿੰਦਾ ਹੈ।"

ਦੀਵਾਲੀ ਦੇ ਇਸ ਰੰਗੀਨ ਜਸ਼ਨ ਦੀ ਤਰਤੀਬ ਈਵੈਂਟ ਕੋਆਰਡੀਨੇਟਰ ਜਿਓਤੀ ਡੈਡਲੀਆ, ਕਮਲ ਬਾਬਰਾ ਤੇ ਅਨੁਜਾ ਕਾਬਲੀ ਵੱਲੋਂ ਦਿੱਤੀ ਗਈ। ਜਿਓਤੀ ਨੇ ਇਸ ਮੌਕੇ ਕਿਹਾ, "ਸਾਡਾ ਉਦੇਸ਼ ਸਦੀਵੀ ਯਾਦਾਂ ਬਨਾਉਣਾ ਹੈ, ਨਾ ਕਿ ਕੇਵਲ ਮੌਕੇ ਬਨਾਉਣਾ।" ਬਾਬਰਾ ਨੇ ਕਿਹਾ, "ਜਦੋਂ ਹਾਸਾ ਰੌਸ਼ਨੀਆਂ ਦੇ ਨਾਲ ਮਿਲਦਾ ਹੈ ਤਾਂ ਦੀਵਾਲੀ ਸਹੀ ਮਾਅਨਿਆਂ ਵਿੱਚ ਸਾਹਮਣੇ ਆਉਂਦੀ ਹੈ", ਜਦਕਿ ਸਮਾਗਮ ਵਿੱਚ ਸ਼ਾਮਲ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਅਨੁਜਾ ਕਾਬਲੀ ਦਾ ਕਹਿਣਾ ਸੀ, "ਇਸ ਸਮਾਗਮ 'ਚ ਅੱਜ ਡਾਂਸ ਦਾ ਹਰੇਕ ਸਟੈੱਪ ਖ਼ੁਸ਼ੀਆਂ ਤੇ ਮਿਲ- ਜੁਲ ਕੇ ਬੈਠਣ ਦੀ ਬਾਤ ਪਾਉਂਦਾ ਸੀ।" ਕਮਿਊਨਿਟੀ ਦੇ ਮੰਨੇ-ਪ੍ਰਮੰਨੇ ਕਲਾਕਾਰ ਅਵਤਾਰ ਬਰਾੜ ਨੇ ਆਪਣੇ ਗੀਤਾਂ ਅਤੇ ਦਿਲਾਂ ਨੂੰ ਛੋਹਣ ਵਾਲੇ ਅੰਦਾਜ਼ ਨਾਲ ਸਾਰਿਆਂ ਨੂੰ ਜ਼ੋਰਦਾਰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸੰਗੀਤ ਹਰੇਕ ਜਸ਼ਨ ਦੇ ਦਿਲ ਦੀ ਧੜਕਣ ਹੈ ਅਤੇ ਅੱਜ ਇਹ ਹਾਲ ਸੱਚਮੁੱਚ ਜ਼ਿੰਦਾ ਲੱਗ ਰਿਹਾ ਹੈ।"

ਇਸ ਰੰਗੀਨ ਸ਼ਾਮ ਦਾ ਇੱਕ ਹੋਰ ਰੰਗ 'ਤੰਬੋਲਾ' ਸੀ ਅਤੇ ਜਤਿੰਦਰ ਤੇ ਜਸਵਿੰਦਰ ਦੈਂਦ ਵੱਲੋਂ ਇਹ ਬਾਖ਼ੂਬੀ ਖਿਡਾਇਆ ਗਿਆ। ਇਸ ਖੇਡ ਨੂੰ ਖਿਡਾਉਣ ਦਾ ਉਨ੍ਹਾਂ ਦਾ ਅੰਦਾਜ਼ ਤੇ ਇਸ ਦੌਰਾਨ ਹਾਸਾ-ਮਜ਼ਾਕ ਖ਼ੁਸ਼ੀਆਂ ਵਿੱਚ ਹੋਰ ਵਾਧਾ ਕਰ ਗਿਆ। ਜਸਵਿੰਦਰ ਦੈਂਦ ਜੋ ਕਲੱਬ ਦੇ ਪ੍ਰਧਾਨ ਵੀ ਹਨ, ਨੇ ਇਸ ਮੌਕੇ ਕਿਹਾ, "ਇਸ ਕਲੱਬ ਵਿੱਚ ਅਸੀਂ ਸਿਰਫ਼ ਗੇਮਾਂ ਹੀ ਨਹੀਂ ਖੇਡਦੇ, ਸਗੋਂ ਇਕ-ਦੂਸਰੇ ਨਾਲ ਸਬੰਧ ਜੋੜਦੇ ਹਾਂ। ਤੰਬੋਲਾ ਇੱਕ ਗੇਮ ਹੀ ਨਹੀਂ ਏ, ਇਹ ਗੇਮ ਤੋਂ ਵਧੇਰੇ 'ਫੰਨ' ਹੈ ਜਿਸ ਦਾ ਅਸੀਂ ਅਨੰਦ ਮਾਣਦੇ ਹਾਂ ਅਤੇ ਇਹ ਸਾਨੂੰ ਸਾਰਿਆਂ ਨੂੰ ਇੱਕ ਦੂਸਰੇ ਦੇ ਨਜ਼ਦੀਕ ਲਿਆਉਂਦਾ ਹੈ।"

ਰੀਜਨਲ ਕੌਂਸਲਰ ਰੋਵੀਨਾ ਸੈਂਤੋਸ ਨੇ ਇਸ ਸਮਾਗਮ 'ਚ ਸ਼ਿਰਕਤ ਕੀਤੀ ਅਤੇ ਜਿਹੜੇ ਮੈਂਬਰਾਂ ਦੇ ਜਨਮ-ਦਿਨ ਅਕਤੂਬਰ ਮਹੀਨੇ 'ਚ ਆਉਂਦੇ ਹਨ, ਉਨ੍ਹਾਂ ਨੂੰ ਇਸ ਸਬੰਧੀ ਸਰਟੀਫ਼ੀਕੇਟ ਦਿੱਤੇ। ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਦੀ ਕਮਿਊਨਿਟੀ ਅਤੇ ਸੀਨੀਅਰਜ਼ ਪ੍ਰਤੀ ਨਿਭਾਈ ਜਾ ਰਹੀ ਜ਼ਿੰਮੇਂਵਾਰੀ ਦੀ ਸਰਾਹਨਾ ਕਰਦਿਆਂ ਉਨ੍ਹਾਂ ਕਿਹਾ, "ਇਹ ਕਲੱਬ ਬਰੈਂਪਟਨ-ਵਾਸੀਆਂ 'ਚ ਕਮਿਊਨਿਟੀ ਸਪਿਰਿਟ ਅਤੇ ਸੀਨੀਅਰਜ਼ ਲਈ ਨਵੀਂ ਊਰਜਾ ਦਾ ਸੰਚਾਰ ਕਰਦੀ ਹੈ।"

ਬਰੈਂਪਟਨ ਸੈਂਟਰ ਦੀ ਮੈਂਬਰ ਪਾਰਲੀਮੈਂਟ ਅਮਨਦੀਪ ਸੋਢੀ ਔਟਵਾ ਵਿੱਚ ਆਪਣੇ ਰੁਝੇਵਿਆਂ ਕਾਰਨ ਸਮਾਗਮ 'ਚ ਨਾ ਪਹੁੰਚ ਸਕੇ ਅਤੇ ਉਨ੍ਹਾਂ ਵੱਲੋਂ ਭੇਜੇ ਗਏ ਵਿਸ਼ੇਸ਼ ਸੁਨੇਹੇ ਰਾਹੀਂ ਕਲੱਬ ਵੱਲੋਂ ਕਮਿਊਨਿਟੀ ਦੀ ਇੱਕਮੁੱਠਤਾ ਅਤੇ ਸੀਨੀਅਰਾਂ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ।

ਸਮਾਗਮ ਦੇ ਅਖ਼ੀਰ 'ਚ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਪ੍ਰਬੰਧਕੀ ਟੀਮ ਅਤੇ ਵਾਲੰਟੀਅਰਾਂ ਦਾ ਧੰਨਵਾਦ ਕਰਦਿਆਂ ਕਿਹਾ, "ਅੱਜ ਰਾਤ ਸਮਾਗਮ 'ਚ ਬਿਖਰੀ ਹੋਈ ਇੱਕ-ਇੱਕ ਮੁਸਕ੍ਰਾਹਟ ਰੌਸ਼ਨੀ ਦੇ ਸ਼ਾਨਦਾਰ ਚਮਕਾਰੇ ਵਾਂਗ ਸੀ। ਅਸੀਂ ਸਾਰਿਆਂ ਨੇ ਮਿਲ ਕੇ ਇਸ ਕਲੱਬ ਨੂੰ ਪਰਿਵਾਰ ਦਾ ਰੂਪ ਦਿੱਤਾ ਹੈ। ਅਜਿਹੇ ਜਸ਼ਨ ਸਾਨੂੰ ਯਾਦ ਦਿਵਾਉਂਦੇ ਹਨ ਕਿ ਖ਼ੁਸ਼ੀ ਵੰਡਣ ਨਾਲ ਵੱਧਦੀ ਹੈ। ਮੈਂ ਸਾਰੇ ਮੈਂਬਰਾਂ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਸਮਾਗਮ ਲਈ ਆਪਣਾ ਕੀਮਤੀ ਸਮਾਂ ਕੱਢਿਆ ਹੈ ਅਤੇ ਆਪਣੀ ਕਲਾ ਤੇ ਊਰਜਾ ਨਾਲ ਇਸ ਨੂੰ ਸਫ਼ਲ ਬਣਾਇਆ ਹੈ।" ਇਸਦੇ ਨਾਲ ਹੀ ਕਲੱਬ ਵੱਲੋਂ ਕ੍ਰਿਸਮਸ ਦਾ ਤਿਓਹਾਰ ਮਨਾਉਣ ਸਬੰਧੀ ਉਨ੍ਹਾਂ ਵੱਲੋਂ ਸਮੂਹ ਮੈਂਬਰਾਂ ਨੂੰ 28 ਦਸੰਬਰ ਨੂੰ ਡਿਨਰ ਸਮਾਗਮ ਵਿੱਚ ਹਾਜ਼ਰ ਹੋਣ ਲਈ ਸੱਦਾ ਦਿੱਤਾ ਗਿਆ।




# 'ਖ਼ਾਲਸੇ ਦੀ ਮਾਤਾ' ਮਾਤਾ ਸਾਹਿਬ ਕੌਰ ਜੀ ਦਾ ਆਗਮਨ-ਪੁਰਬ ਮਾਲਟਨ ਗੁਰੂਘਰ ਵਿਖੇ ਐਤਵਾਰ 2 ਨਵੰਬਰ ਨੂੰ ਮਨਾਇਆ ਜਾਏਗਾ




ਬਰੈਂਪਟਨ, (ਡਾ.ਝੰਡ): ਪ੍ਰਬੰਧਕਾਂ ਕੋਲੋਂ ਪ੍ਰਾਪਤ ਸੂਚਨਾ ਅਨੁਸਾਰ 'ਖ਼ਾਲਸੇ ਦੀ ਮਾਤਾ' ਮਾਤਾ ਸਾਹਿਬ ਕੌਰ ਜੀ ਦਾ ਆਗਮਨ-ਪੁਰਬ ਆਉਂਦੇ ਐਤਵਾਰ 2 ਨਵੰਬਰ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਸ਼ੁਭ-ਆਰੰਭ ਸ਼ੁਕਰਵਾਰ 31 ਅਕਤੂਬਰ ਨੂੰ ਸਵੇਰੇ 11.00 ਵਜੇ ਕੀਤਾ ਜਾਏਗਾ ਅਤੇ ਇਸ ਦੇ ਭੋਗ ਐਤਵਾਰ 2 ਨਵੰਬਰ ਨੂੰ ਸਵੇਰੇ 10.30 ਵਜੇ ਪਾਏ ਜਾਣਗੇ। ਉਪਰੰਤ, ਗੁਰੂਘਰ ਦੇ ਕੀਰਤਨੀ ਜੱਥਿਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਜਾਏਗਾ ਅਤੇ ਢਾਡੀ ਜੱਥਿਆਂ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਿਤ ਬੀਰ-ਰਸੀ ਵਾਰਾਂ ਗਾਈਆਂ ਜਾਣਗੀਆਂ। 'ਗੁਰੂ ਕੇ ਲੰਗਰ' ਦਾ ਪ੍ਰਵਾਹ ਅਟੁੱਟ ਚੱਲੇਗਾ। ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹਨੀਂ ਦਿਨੀਂ ਮਾਲਟਨ ਗੁਰੂਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਵਾਓ, ਜੀ। ਇਸ ਸਬੰਧੀ ਵਧੇਰੇ ਜਾਣਕਾਰੀ ਮਾਲਟਨ ਗੁਰੂਘਰ ਦੇ ਦਫ਼ਤਰ ਦੇ ਫ਼ੋਨ ਨੰਬਰ 905-671-1662 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਤੁਰਕੀ ਵਿੱਚ ਭੂਚਾਲ ਦੇ ਝਟਕੇ, ਤਿੰਨ ਇਮਾਰਤਾਂ ਢੇਰ, 22 ਲੋਕ ਜ਼ਖ਼ਮੀ



ਤੁਰਕੀ ਵਿੱਚ ਭੂਚਾਲ ਦੇ ਝਟਕੇ ਲੱਗੇ ਹਨ। ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 6.1 ਮਾਪੀ ਗਈ, ਜਿਸਦਾ ਕੇਂਦਰ ਸਿੰਦਿਰਗੀ ਜ਼ਿਲ੍ਹੇ ਵਿੱਚ 5.99 ਕਿਲੋਮੀਟਰ (3.72 ਮੀਲ) ਦੀ ਡੂੰਘਾਈ 'ਤੇ ਸੀ। ਭੂਚਾਲ ਦੇ ਝਟਕੇ ਇਸਤਾਂਬੁਲ, ਬੁਰਸਾ, ਮਨੀਸਾ ਅਤੇ ਇਜ਼ਮੀਰ ਸੂਬਿਆਂ ਵਿੱਚ ਮਹਿਸੂਸ ਕੀਤੇ ਗਏ। ਅਨਾਦੋਲੂ ਏਜੰਸੀ ਦੀ ਰਿਪੋਰਟ ਅਨੁਸਾਰ, ਆਫ਼ਤ ਅਤੇ ਐਮਰਜੈਂਸੀ ਪ੍ਰਬੰਧਨ ਅਥਾਰਟੀ (ਏਐਫਏਡੀ) ਨੇ ਪੁਸ਼ਟੀ ਕੀਤੀ ਕਿ ਭੂਚਾਲ ਤੁਰਕੀ ਦੇ ਪੱਛਮੀ ਬਾਲੀਕੇਸਿਰ ਸੂਬੇ ਦੇ ਸਿੰਦਿਰਗੀ ਜ਼ਿਲ੍ਹੇ ਵਿੱਚ ਆਇਆ।

ਇਨ੍ਹਾਂ ਰਾਜਾਂ ਨੂੰ ਭੂਚਾਲ ਨਾਲ ਨੁਕਸਾਨ ਹੋਇਆ ਹੈ।

ਤੁਰਕੀ ਦੇ ਗ੍ਰਹਿ ਮੰਤਰੀ ਅਲੀ ਯੇਰਲੀਕਾਇਆ ਨੇ ਭੂਚਾਲ ਤੋਂ ਬਾਅਦ ਇੱਕ ਮੀਡੀਆ ਬ੍ਰੀਫਿੰਗ ਕੀਤੀ। ਉਨ੍ਹਾਂ ਦੱਸਿਆ ਕਿ ਸਿੰਦਿਰਗੀ ਸ਼ਹਿਰ ਵਿੱਚ ਤਿੰਨ ਖਾਲੀ ਇਮਾਰਤਾਂ ਅਤੇ ਇੱਕ ਦੋ ਮੰਜ਼ਿਲਾ ਦੁਕਾਨ ਢਹਿ ਗਈ। ਸ਼ਕਤੀਸ਼ਾਲੀ ਭੂਚਾਲ ਨੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ, ਜਿਸ ਕਾਰਨ ਕੁਝ ਲੋਕ ਘਬਰਾ ਗਏ ਅਤੇ ਚੱਕਰ ਆਉਣ ਲੱਗ ਪਏ। ਸਿੰਦਿਰਗੀ ਵਿੱਚ ਦੋ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਬਾਲੀਕੇਸਿਰ ਦੇ ਗਵਰਨਰ ਇਸਮਾਈਲ ਉਸਤਾਓਗਲੂ ਦੇ ਅਨੁਸਾਰ, ਘਬਰਾਹਟ ਕਾਰਨ ਪੈਰਾਂ ਤੋਂ ਡਿੱਗਣ ਕਾਰਨ 22 ਲੋਕ ਜ਼ਖਮੀ ਹੋ ਗਏ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market 20 Red Maple Dr. Brampton
Indian Food Land 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

ਪੰਜਾਬ ਸਟਾਰ
PUNJABSTAR.COM

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਸੁਰਿੰਦਰਜੀਤ ਕੌਰ ਦੀ ਨਵ-ਪ੍ਰਕਾਸ਼ਿਤ ਪੁਸਤਕ 'ਬੱਚੇ ਮਿੱਠੜੇ ਮੇਵੇ' ਬੱਚਿਆਂ ਲਈ ਅਨਮੁੱਲਾ 'ਤੋਹਫ਼ਾ'...

ਬੱਚਿਆਂ ਲਈ ਲਿਖਣਾ ਬਹੁਤ ਮੁਸ਼ਕਲ ਕਾਰਜ ਹੈ। ਇਸ ਦੇ ਲਈ ਲੇਖਕ ਨੂੰ ਪਹਿਲਾਂ ਉਨ੍ਹਾਂ ਦੇ ਪੱਧਰ 'ਤੇ ਜਾ ਕੇ ਸੋਚਣਾ ਪੈਂਦਾ ਹੈ ਤੇ ਫਿਰ ਉਸ ਤੋਂ ਬਾਅਦ ਹੀ ਕੁਝ ਲਿਖਣ ਦਾ ਮਨ ਬਨਾਉਣਾ ਪੈਂਦਾ ਹੈ। ਸ਼ਾਇਦ ਏਸੇ ਲਈ ਹੀ ਬੱਚਿਆਂ ਲਈ ਪੁਸਤਕ ਲਿਖਣ ਵਾਲੇ ਲੇਖਕਾਂ ਦੀ ਗਿਣਤੀ ਬਹੁਤ ਘੱਟ ਹੈ। ਬਾਲ-ਪੁਸਤਕਾਂ ਦੇ ਲੇਖਕਾਂ ਡਾ. ਦਰਸ਼ਨ ਸਿੰਘ ਆਂਸ਼ਟ, ਡਾ. ਸੰਤੋਖ ਸਿੰਘ ਸ਼ਹਰਯਾਰ, ਸੁਖਦੇਵ ਮਾਦਪੁਰੀ, ਕਮਲਜੀਤ ਨੀਲੋਂ, ਬੀਬਾ ਬਲਵੰਤ, ਮਲਵਿੰਦਰ ਨਾਲ ਉਂਗਲਾਂ 'ਤੇ ਗਿਣਨ-ਯੋਗ ਲੇਖਕਾਂ ਵਿੱਚ ਇੱਕ ਮਹੱਤਵਪੂਰਨ ਨਾਂ ਡਾ. ਸੁਰਿੰਦਰਜੀਤ ਕੌਰ ਦਾ ਹੈ। ਮੈਡਮ ਸੁਰਿੰਦਰਜੀਤ ਦੀ ਬਾਲ-ਪੁਸਤਕ 'ਬੱਚੇ ਮਿੱਠੜੇ ਮੇਵੇ' ਉਨ੍ਹਾਂ ਦੀਆਂ ਅੱਠਵੀਂ ਜਮਾਤ ਤੱਕ ਦੇ ਪੱਧਰ ਦੇ ਬੱਚਿਆਂ ਲਈ ਛਪੀਆਂ ਪੰਜ ਛੋਟੀਆਂ ਪੁਸਤਕਾਂ 'ਪ੍ਰਕਿਰਤੀ ਤੇ ਵਾਤਾਵਰਨ', 'ਪੰਛੀਆਂ ਨੇ ਧਰਤ ਸਜਾਈ', 'ਰੁੱਖਾਂ ਹੇਠ ਹੋਈਏ ਇੱਕ-ਮਿੱਕ', 'ਸ਼ਾਲ ਵਾਲਾ ਛੇਲਾ' ਅਤੇ 'ਖੋਜੀ ਬਾਬਾ' ਦਾ ਸੰਗ੍ਰਹਿ ਹੈ ਜੋ 2024 ਵਿਚ 'ਪੰਜ ਨਦ ਪ੍ਰਕਾਸ਼ਨ, ਲਾਂਬੜਾ' (ਜਲੰਧਰ) ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਅੱਠ ਕਵਿਤਾਵਾਂ, ਕਹਾਣੀਆਂ ਤੇ ਲਲਿਤ ਨਿਬੰਧਾਂ ਦੀਆਂ 1998 ਤੋਂ 2008 ਦਰਮਿਆਨ ਛਪ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ ਤਿੰਨ 'ਜਦੋਂ ਸੂਰਜ ਚੜ੍ਹਦਾ ਹੈ' (2007), 'ਨਿੱਕੇ-ਨਿੱਕੇ ਮਣਕੇ' (2008) ਅਤੇ 'ਬ੍ਰਹਿਮੰਡ ਦੀ ਘਟਨਾ'(2008) ਬੱਚਿਆਂ ਲਈ ਹਨ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਵੱਲੋਂ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ ਕੀਤਾ ਗਿਆ ਬਾਲ-ਨਾਵਲ 'ਰਾਜਾ ਜੋ ਬੰਟੇ ਖੇਡਦਾ ਸੀ' ਨੈਸ਼ਨਲ ਬੁੱਕ ਟਰੱਸਟ ਆਫ਼ ਇੰਡੀਆ ਵੱਲੋਂ 2005 ਵਿੱਚ ਛਾਪਿਆ ਗਿਆ।

ਉਨ੍ਹਾਂ ਕਈ ਹੋਰ ਪੁਸਤਕਾਂ ਸੰਪਾਦਿਤ ਵੀ ਕੀਤੀਆਂ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮੈਡਮ ਸੁਰਿੰਦਰਜੀਤ ਦੀ ਬਾਲ-ਸਾਹਿਤ ਉੱਪਰ ਕਾਫ਼ੀ ਪਕੜ ਹੈ ਅਤੇ ਬੱਚਿਆਂ ਪ੍ਰਤੀ ਉਹ ਇਹ ਸੇਵਾ ਨਿਰੰਤਰ ਨਿਭਾਅ ਰਹੇ ਹਨ। ਹਥਲੀ ਪੁਸਤਕ ਬਾਰੇ ਗੱਲ ਕਰੀਏ ਤਾਂ ਸਹਿਜੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਬੱਚਿਆਂ ਦੇ ਪੱਧਰ 'ਤੇ ਜਾ ਕੇ ਮਾਵਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ 'ਲੋਰੀਆਂ' ਦੇ ਰੂਪ ਵਿਚ ਬਾਲ-ਕਵਿਤਾਵਾਂ ਅਤੇ ਦਾਦਾ-ਦਾਦੀ/ਨਾਨਾ-ਨਾਨੀ ਵੱਲੋਂ ਰਾਤਾਂ ਨੂੰ 'ਬਾਤਾਂ' ਦੇ ਰੂਪ ਵਿਚ ਰੁੱਖਾਂ, ਪੰਛੀਆਂ ਤੇ ਜਾਨਵਰਾਂ ਬਾਰੇ ਬਾਲ-ਕਹਾਣੀਆਂ ਸਿਰਜ ਕੇ ਸੁਰਿੰਦਰਜੀਤ ਨੇ ਬੱਚਿਆਂ ਦੇ ਲਈ ਇਹ ਅਣਮੁੱਲਾ ਤੋਹਫ਼ਾ ਤਿਆਰ ਕੀਤਾ ਹੈ। ਪੁਸਤਕ ਦਾ ਆਰੰਭ "ਦਾਮਨ ਸੰਕੋਚ ਚਲੋ" ਸਿਰਲੇਖ ਹੇਠ ਲੇਖਿਕਾ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਆਪਣੇ ਪੋਤਰੇ ਗੁਰੂ ਹਰਰਾਇ ਜੀ ਨੂੰ ਕੀਤੀ ਗਈ 'ਨਸੀਹਤ' ਨਾਲ ਬੜੇ ਵਧੀਆ ਢੰਗ ਨਾਲ ਕੀਤਾ ਗਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਆਪਣੇ ਪੋਤਰੇ ਸਤਵੇਂ ਗੁਰੂ ਹਰਰਾਇ ਸਾਹਿਬ ਨਾਲ ਇੱਕ ਦਿਨ ਕੀਰਤਪੁਰ ਸਾਹਿਬ ਵਿੱਚ ਸੈਰ ਕਰ ਰਹੇ ਸਨ। ਸੈਰ ਕਰਦਿਆਂ ਗੁਰੂ ਹਰ ਰਾਇ ਜੀ ਦੇ ਲੰਮੇ ਚੋਲ਼ੇ ਦੀ ਕੰਨੀ ਨਾਲ ਅੜ ਕੇ ਇਕ ਟਹਿਕਦਾ ਫੁੱਲ ਟੁੱਟ ਕੇ ਜ਼ਮੀਨ 'ਤੇ ਡਿੱਗ ਗਿਆ। ਉਸ ਡਿੱਗੇ ਹੋਏ ਫੁੱਲ ਨੂੰ ਵੇਖ ਕੇ ਗੁਰੂ ਹਰ ਰਾਇ ਜੀ ਉਦਾਸ ਹੋ ਗਏ ਅਤੇ ਉਨ੍ਹਾਂ ਨੂੰ ਉਦਾਸ ਵੇਖ ਕੇ ਗੁਰੂ ਹਰ ਗੋਬਿੰਦ ਸਿੰਘ ਜੀ ਕਹਿਣ ਲੱਗੇ, "ਜੇਕਰ ਵੱਡਾ ਚੋਲ਼ਾ ਪਹਿਨਣਾ ਹੈ ਤਾਂ ਦਾਮਨ ਸੰਕੋਚ ਕੇ ਚੱਲਣਾ ਚਾਹੀਦਾ ਹੈ।" ਭਾਵ, ਜਿੰਨੀ ਵੱਡੀ ਜ਼ਿੰਮੇਂਵਾਰੀ ਹੋਵੇ, ਸਾਨੂੰ ਓਨਾ ਹੀ ਸੁਚੇਤ ਹੋ ਕੇ ਰਹਿਣਾ ਚਾਹੀਦਾ ਹੈ।

ਲੇਖਿਕਾ ਦਾ ਕਹਿਣਾ ਹੈ ਕਿ ਬਚਪਨ ਦੀ ਇਸ ਸਿੱਖਿਆ ਦਾ ਗੁਰੂ ਹਰਰਾਇ ਜੀ ਉੱਪਰ ਏਨਾ ਅਸਰ ਹੋਇਆ ਕਿ ਉਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਵਾਤਾਵਰਣ ਦੀ ਸ਼ੁੱਧਤਾ ਤੇ ਹਰਿਆਵਲ ਲਈ ਅਨੇਕਾਂ ਹੀ ਬਾਗ਼-ਬਗ਼ੀਚੇ ਲਗਵਾਏ। ਪੁਸਤਕ ਦੀ ਇੱਕ ਹੋਰ ਖ਼ੂਬੀ ਇਹ ਵੀ ਹੈ ਕਿ ਇਸਦਾ ਮੁੱਖ-ਬੰਦ ਵੀ 'ਬੱਚੇ, ਫੁੱਲ ਤੇ ਫ਼ਸਲਾਂ' ਦੇ ਸਿਰਲੇਖ ਨਾਲ ਕਾਵਿਕ ਰੂਪ ਵਿੱਚ ਲਿਖਿਆ ਗਿਆ ਹੈ। ਪੁਸਤਕ ਦੇ ਪਹਿਲੇ ਭਾਗ 'ਪ੍ਰਕਿਰਤੀ ਤੇ ਪਰਿਆਵਰਨ' ਵਿਚ ਛੇ ਬਾਲ-ਲੇਖ ਸ਼ਾਮਲ ਕਿਤੇ ਗਏ ਹਨ। ਪਹਿਲੇ ਲੇਖ 'ਕੀੜੀਆਂ ਨੇ ਸਲਾਹ ਕੀਤੀ' ਵਿਚ ਕੀੜੀਆਂ ਇਕੱਠੀਆਂ ਹੋ ਕੇ ਕੰਡਿਆਲੇ ਕੀੜੇ ਦਾ ਡੱਟ ਕੇ ਮੁਕਾਬਲਾ ਕਰਦੀਆਂ ਹਨ ਜੋ ਉਨ੍ਹਾਂ ਨੂੰ ਇਕੱਲੀ-ਇਕੱਲੀ ਨੂੰ ਮਾਰ ਕੇ ਖਾਣਾ ਚਾਹੁੰਦਾ ਹੈ ਪਰ ਉਨ੍ਹਾਂ ਦੇ 'ਏਕੇ' ਅੱਗੇ ਉਸ ਦੀ ਕੋਈ ਪੇਸ਼ ਨਹੀਂ ਜਾਂਦੀ ਅਤੇ ਕੀੜੀਆਂ ਉਸ ਨੂੰ ਮਾਰ ਕੇ ਆਪਣੀ ਰੱਖਿਆ ਕਰਦੀਆਂ ਹਨ। ਦੂਸਰੇ ਲੇਖ ਪ੍ਰਕਿਰਤੀ ਤੇ ਪਰਿਆਵਰਨ' ਵਿੱਚ 'ਮੋਮਜਾਮੇ' (ਪਲਾਸਟਿਕ) ਦੇ ਲਿਫ਼ਾਫ਼ਿਆਂ ਦੀ ਥਾਂ ਕਾਗ਼ਜ਼ ਦੇ ਲਿਫ਼ਾਫ਼ੇ ਵਰਤਣ ਦਾ ਸੁਹਿਰਦ ਮਸ਼ਵਰਾ ਦਿੱਤਾ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਅਮਰੀਕਾ ਦੀ ਇੱਕ ਕੰਪਨੀ ਨੇ ਮੱਕੀ ਦੀ ਅਜਿਹੀ ਕਿਸਮ ਤਿਆਰ ਕੀਤੀ ਹੈ ਜਿਸ ਤੋਂ ਪਾਣੀ ਵਿੱਚ ਜਲਦੀ ਹੀ ਘੁਲ-ਮਿਲ ਜਾਣ ਲਿਫ਼ਾਫ਼ੇ ਬਣਾਏ ਜਾਂਦੇ ਹਨ। ਇਸ ਤੋਂ ਅਗਲਾ ਲੇਖ ਨਿੰਮ ਦੇ ਗੁਣਕਾਰੀ ਰੁੱਖ ਬਾਰੇ ਹੈ ਜੋ ਵਾਤਾਵਰਣ ਵਿਚ ਫ਼ੈਲੀ ਗੰਦੀ ਹਵਾ ਨੂੰ ਸਾਫ਼ ਕਰਦਾ ਹੈ ਅਤੇ ਇਸ ਦੇ ਪੱਤਿਆਂ, ਛਿੱਲ ਤੇ ਜੜ੍ਹਾਂ ਤੋਂ ਉਪਯੋਗੀ ਦਵਾਈਆਂ ਬਣਾਈਆਂ ਜਾਂਦੀਆਂ ਹਨ। ਏਸੇ ਤਰ੍ਹਾਂ 'ਧਰਤੀ ਅੰਦਰਲਾ ਖ਼ਜ਼ਾਨਾ' ਨਾਮਕ ਲੇਖ ਵਿੱਚ ਸਖ਼ਤ ਮਿਹਨਤ ਨਾਲ ਧਰਤੀ ਵਿੱਚੋਂ ਫ਼ਸਲਾਂ ਰੂਪੀ 'ਖ਼ਜ਼ਾਨਾ' ਲੱਭਣ ਦੀ ਗੱਲ ਬਾਖ਼ੂਬੀ ਕੀਤੀ ਗਈ ਹੈ। ਪੰਜਵੇਂ ਲੇਖ 'ਨਜ਼ਰ' ਵਿੱਚ ਗ਼ਰੀਬਾਂ ਦੇ ਬੱਚਿਆਂ ਦੀ ਤਰਸਯੋਗ ਹਾਲਤ ਦਰਸਾਈ ਗਈ ਹੈ ਅਤੇ ਅਖ਼ੀਰਲੇ ਲੇਖ 'ਗੁਟਾਰਾਂ ਪੀਂਘਾਂ ਝੂਟਦੀਆਂ' ਵਿੱਚ ਰੁੱਖਾਂ ਦੀਆਂ ਟਾਹਣੀਆਂ ਨਾਲ ਲਮਕਦੀਆਂ ਗੁਟਾਰਾਂ ਦੇ ਨਾਲ ਘੁੱਗੀਆਂ, ਤੋਤਿਆਂ ਤੇ ਚਿੜੀਆਂ ਦੇ ਮਿਲ਼ ਕੇ ਖੇਡਣ ਨੂੰ ਬੜੇ ਰੌਚਕ ਢੰਗ ਨਾਲ ਵਿਖਾਇਆ ਗਿਆ ਹੈ।

ਕਵਿਤਾਵਾਂ ਵਾਲੇ ਦੂਸਰੇ ਤੇ ਤੀਸਰੇ ਭਾਗ ਵਿੱਚ ਪੰਛੀਆਂ, ਫੁੱਲਾਂ, ਰੁੱਖਾਂ ਤੇ ਜਾਨਵਰਾਂ ਦੀ ਗੱਲ ਹੋਰ ਵੀ ਰੌਚਕਤਾ ਤੇ ਖ਼ੂਬਸੂਰਤੀ ਨਾਲ ਕੀਤੀ ਗਈ ਹੈ। ਇਨ੍ਹਾਂ ਵਿਚਲੀਆਂ ਕਵਿਤਾਵਾਂ ਦੇ ਸਿਰਲੇਖ 'ਬੱਚੇ, ਰੁੱਖ ਤੇ ਪੰਛੀ', 'ਰੁੱਖਾਂ ਹੇਠ ਹੋਈਏ ਇੱਕ ਮਿੱਕ ਇੱਕ', 'ਉੱਡ ਨੀ ਚਿੜੀਏ', 'ਚਿੜੀ ਦੇ ਬੋਟ', 'ਕੋਇਲ', 'ਘੁੱਗੀ ਦੇ ਬੱਚੜੇ ਟੂਣੋ-ਮੁਣੋ', 'ਨੱਚ ਘੁੱਗੀਏ', 'ਬਲੂੰਗੜੇ', ਆਦਿ ਇਸ ਦੀ ਭਰਪੂਰ ਹਾਮੀ ਭਰਦੇ ਹਨ। ਕਵਿਤਾ 'ਖਿੱਚੜ-ਭੱਪਾ' ਵਿੱਚ ਵੀ ਅਮਨ ਤੇ ਸ਼ਾਂਤੀ ਦੀ ਪ੍ਰਤੀਕ ਘੁੱਗੀ ਦੇ ਬੱਚੜੇ 'ਟੂਣੂ' ਤੇ 'ਮੁਣੂ' ਹਨ। 'ਮਛਲੀ' ਕਵਿਤਾ ਵਿੱਚ ਮਛਲੀ ਗਿੱਟੇ-ਗਿੱਟੇ, ਗੋਡੇ-ਗੋਡੇ, ਮੋਢੇ-ਮੋਢੇ ਪਾਣੀ ਵਿੱਚ ਤਰਦੀ ਜਾਂਦੀ ਹੈ। ਕਹਿਣ ਤੋਂ ਭਾਵ ਹੈ ਕਿ ਇਸ ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਰੁੱਖਾਂ, ਪੰਛੀਆਂ ਤੇ ਜਾਨਵਰਾਂ ਦੇ ਆਲ਼ੇ-ਦੁਆਲ਼ੇ ਘੁੰਮਦੀਆਂ ਹਨ, ਕਿਉਂਕਿ ਇਹ ਸਾਰੇ ਬੱਚਿਆਂ ਦੇ ਦੋਸਤ ਹਨ ਤੇ ਬੱਚੇ ਇਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ। ਹੋਰ ਕਵਿਤਾਵਾਂ ਵਿੱਚ ਆਸਮਾਨ, ਟੈਲੀਵਿਜ਼ਨ, ਪਾਲਕੀ ਝੂਲਾ (ਪੀਂਘ) ਅਤੇ ਬੱਚਿਆਂ ਦੇ ਰੇਤ ਨਾਲ ਖੇਡਣ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ 'ਅੰਮ੍ਰਿਤਸਰ ਦੀ ਸੈਰ' ਅਤੇ 'ਵਿਸਾਖੀ ਦਾ ਗੀਤ',ਆਦਿ ਕਵਿਤਾਵਾਂ ਬੱਚਿਆਂ ਨੂੰ ਮਨੋਰੰਜਨ ਦੇ ਨਾਲ ਨਾਲ ਇਤਿਹਾਸਕ ਤੇ ਸੱਭਿਆਚਾਰਕ ਜਾਣਕਾਰੀ ਵੀ ਪ੍ਰਦਾਨ ਕਰਦੀਆਂ ਹਨ।




ਕਹਾਣੀਆਂ ਦੇ ਚੌਥੇ ਤੇ ਪੰਜਵੇਂ ਭਾਗ ਵਿਚਲੀਆਂ ਕਹਾਣੀਆਂ ਮਨ ਪ੍ਰਚਾਉਣ ਦੇ ਨਾਲ ਨਾਲ ਬੱਚਿਆਂ ਦੀ ਜੀਵਨ- ਸ਼ੈਲੀ ਨੂੰ ਉਸਾਰੂ ਬਨਾਉਣ ਲਈ ਕਈ ਸਾਰਥਿਕ ਸੁਨੇਹੇ ਦਿੰਦੀਆਂ ਹਨ। ਉਦਾਹਰਣ ਵਜੋਂ, ਪਹਿਲੀ ਕਹਾਣੀ 'ਬਗ਼ੀਚਾ' ਵਿੱਚ ਬਗ਼ੀਚਾ ਸਿੰਘ ਉਰਫ਼ 'ਬਾਬਾ ਬਗ਼ੀਚਾ' ਆਪਣੇ ਪਰਿਵਾਰ ਦੇ ਜੀਆਂ ਨਾਲ ਮਿਲ਼ ਕੇ ਪਹਿਲਾਂ ਸਜਾਵਟੀ ਫੁੱਲਾਂ ਦੀ ਪਨੀਰੀ ਬੀਜਦਾ ਹੈ ਅਤੇ ਫਿਰ ਨਿੱਕੇ-ਨਿੱਕੇ ਬੂਟਿਆਂ ਨੂੰ ਗਮਲਿਆਂ ਵਿੱਚ ਲਗਾ ਕੇ ਰੰਗ-ਬਰੰਗੇ ਫੁੱਲਾਂ ਤੇ ਫਲ਼ਾਂ ਦੇ ਪੌਦੇ ਤਿਆਰ ਕਰਦਾ ਹੈ। 'ਕਲਗੀ ਵਾਲੀ ਚਿੜੀ' ਵਿੱਚ ਰੁੱਖਾਂ ਨੂੰ ਕੱਟੇ ਜਾਣ ਦੀ ਗੱਲ ਬਹੁਤ ਵਧੀਆ ਤਰ੍ਹਾਂ ਕੀਤੀ ਗਈ ਹੈ। 'ਬਗ਼ੀਚਾ ਸਿੰਘ' ਨਾਂ ਦਾ ਪਾਤਰ ਇਸ ਕਹਾਣੀ ਵਿੱਚ ਅਤੇ ਇਸ ਤੋਂ ਅਗਲੀ ਕਹਾਣੀ 'ਜੰਗਲ ਵੱਸਦੇ ਰਹਿਣ' ਵਿੱਚ ਜੰਗਲਾਂ ਦੇ ਕੱਟੇ ਜਾਣ ਦੇ ਵਿਰੁੱਧ ਆਪਣੀ ਆਵਾਜ਼ ਉਠਾਉਂਦਾ ਹੈ। 'ਝਾਂਜਰਾਂ ਵਾਲੀ ਪਰੀ' ਵਿੱਚ ਪਾਣੀ ਦੇ ਪਰਦੂਸ਼ਣ ਦੀ ਸਮੱਸਿਆ ਨੂੰ ਬਹੁਤ ਵਧੀਆ ਉਭਾਰਿਆ ਗਿਆ ਹੈ। 'ਖੋਜੀ ਬਾਬਾ' ਅਤੇ 'ਸ਼ਾਲ ਵਾਲਾ ਛੇਲਾ' ਪੁਸਤਕ ਦੀਆਂ ਸਿਰਮੌਰ ਕਹਾਣੀਆਂ ਹਨ। ਇਨ੍ਹਾਂ ਵਿੱਚ 'ਸ਼ੈਤਾਨ' ਆਪਣੇ 'ਸ਼ੈਤਾਨਪੁਣੇ' ਦਾ ਜਾਦੂ ਇਸਤੇਮਾਲ ਕਰਦਾ ਹੈ। ਪਹਿਲੀ ਕਹਾਣੀ 'ਖੋਜੀ ਬਾਬਾ' ਵਿੱਚ ਉਹ ਮਨੁੱਖਾਂ, ਰੁੱਖਾਂ ਅਤੇ ਪੰਛੀਆਂ ਵਿਚਕਾਰ ਪਾੜ ਪਾਉਂਦਾ ਹੈ। ਉਹ ਮਨੁੱਖ ਨੂੰ ਗੰਦੀਆਂ ਗਾਲਾਂ ਕੱਢਣੀਆਂ ਸਿਖਾਉਂਦਾ ਹੈ ਅਤੇ ਉਸ ਨੂੰ ਰੁੱਖਾਂ ਤੇ ਪੰਛੀਆਂ ਵਿਰੁੱਧ ਭੜਕਾਉਂਦਾ ਹੈ। ਅਖ਼ੀਰ, ਖੋਜੀ ਬਾਬਾ ਆਪਣੀ ਕਲਮ ਚੁੱਕਦਾ ਹੈ ਅਤੇ ਸ਼ੈਤਾਨ ਦੇ ਵਿਰੁੱਧ ਲਿਖ ਕੇ ਉਸ ਦੀ ਅਸਲੀਅਤ ਉਘਾੜਦਾ ਹੈ। ਦੂਸਰੀ ਕਹਾਣੀ 'ਸ਼ਾਲ ਵਾਲਾ ਛੇਲਾ' ਵਿੱਚ 'ਵਣ-ਦੇਵਤਾ' ਜਾਨਵਰਾਂ ਨੂੰ ਰੰਗ-ਬਰੰਗੀਆਂ ਪੁਸ਼ਾਕਾਂ ਪਹਿਨਾਅ ਕੇ ਘਰਾਂ ਨੂੰ ਤੋਰਦਾ ਹੈ ਪਰ ਸ਼ੈਤਾਨ ਰਾਤ ਨੂੰ ਉਨ੍ਹਾਂ ਦੇ ਸੁੱਤੇ ਹੋਣ 'ਤੇ ਸਾਰੇ ਕੱਪੜੇ ਚੁੱਕ ਕੇ ਦੇਵਤੇ ਕੋਲ਼ ਆ ਜਾਂਦਾ ਹੈ ਅਤੇ ਆਪਣੇ ਲਈ ਕੱਪੜਿਆਂ ਦੀ ਮੰਗ ਕਰਦਾ ਹੈ। ਵਣ-ਦੇਵਤਾ ਉਸ ਨੂੰ ਡਰਾਉਣਾ ਤੇ ਭਿਆਨਕ ਚਿਹਰਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਤੈਨੂੰ ਹੋਰ ਕੱਪੜਿਆਂ ਦੀ ਲੋੜ ਨਹੀਂ ਹੈ। ਸਾਰੇ ਜਾਨਵਰ ਸਵੇਰੇ ਆਪਣੇ ਕੱਪੜੇ ਗਾਇਬ ਵੇਖ ਕੇ ਦੇਵਤੇ ਕੋਲ਼ ਜਾਂਦੇ ਹਨ ਤੇ ਉਸ ਨੂੰ ਫ਼ਰਿਆਦ ਕਰਦੇ ਹਨ। ਓਧਰ ਮਨੁੱਖ ਦਾ ਪਰਿਵਾਰ ਸਰਦੀ ਨਾਲ ਕੰਬ ਰਿਹਾ ਹੈ ਅਤੇ ਉਹ ਵੀ ਆਪਣੇ ਨੇੜੇ ਰਹਿੰਦੇ ਛੇਲੇ ਦੇ ਨਾਲ ਉੱਥੇ ਪਹੁੰਚ ਜਾਂਦਾ ਹੈ। ਮਨੁੱਖ ਨੂੰ ਉਸ ਦੇਵਤੇ ਨੇ ਕੂਲੀ ਚਮੜੀ ਦਿੱਤੀ ਅਤੇ ਨਾਲ ਹੀ ਸੋਚਣ ਵਾਲਾ ਦਿਮਾਗ਼ ਦਿੱਤਾ ਜਿਸ ਨਾਲ ਉਹ ਬਦਲਦੀਆਂ ਰੁੱਤਾਂ ਨਾਲ ਸਰਦੀ ਤੇ ਗਰਮੀ ਤੋਂ ਬਚਣ ਲਈ ਖ਼ੁਦ ਆਪਣੇ ਕੱਪੜੇ ਤਿਆਰ ਕਰਨ ਲੱਗਾ। ਇਸ ਤਰ੍ਹਾਂ ਇਹ ਸਾਰੀਆਂ ਕਹਾਣੀਆਂ ਬੱਚਿਆਂ ਲਈ ਬੜੀਆਂ ਦਿਲਚਸਪ ਤੇ ਸਿਖਿਆਦਾਇਕ ਹਨ।



ਡਾ. ਸੁਖਦੇਵ ਸਿੰਘ, ਝੰਡ
+1 647-567-9128
sjhand121@gmail.com

ਰੂਪਕ ਪੱਖੋਂ ਵੇਖਿਆ ਜਾਏ ਤਾਂ ਲੇਖਿਕਾ ਵੱਲੋਂ ਇਸ ਪੁਸਤਕ ਵਿੱਚ ਤਿੰਨ ਸਾਹਿਤਕ-ਵਿਧਾਆਂ ਕਵਿਤਾਵਾਂ, ਕਹਾਣੀਆਂ ਤੇ ਬਾਲ-ਲੇਖਾਂ ਵਿਚ ਮੁੱਖ ਤੌਰ 'ਤੇ ਤਿੰਨ ਵਿਸ਼ੇ ਵਾਤਾਵਰਣ, ਰੁੱਖਾਂ ਅਤੇ ਪੰਛੀਆਂ ਦੇ ਲਏ ਗਏ ਹਨ। ਪੁਸਤਕ ਵਿਚ ਪਿੱਪਲ ਤੇ ਬੋਹੜ ਵਰਗੇ ਸੰਘਣੀ ਛਾਂ ਦੇਣ ਵਾਲੇ ਰੁੱਖਾਂ ਅਤੇ ਨਿੰਮ ਵਰਗੇ ਗੁਣਕਾਰੀ ਰੁੱਖਾਂ ਦੀ ਦਿਨੋਂ-ਦਿਨ ਘਟ ਰਹੀ ਗਿਣਤੀ ਉੱਪਰ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਵੱਡੀ ਗਿਣਤੀ ਵਿੱਚ ਰੁੱਖਾਂ ਦੇ ਕੱਟੇ ਜਾਣ ਕਾਰਨ ਘੁੱਗੀਆਂ, ਗੁਟਾਰਾਂ, ਚਿੜੀਆਂ, ਬਿਜੜਿਆਂ, ਕਾਵਾਂ, ਕਬੂਤਰਾਂ, ਮੋਰਾਂ ਤੇ ਕੋਇਲਾਂ, ਆਦਿ ਦੇ 'ਰੈਣ-ਬਸੇਰੇ' ਲਈ ਜਗ੍ਹਾ ਨਾ ਹੋਣ ਕਰਕੇ ਇਹ ਪੰਛੀ ਅਲੋਪ ਹੁੰਦੇ ਜਾ ਰਹੇ ਹਨ ਜੋ ਸਾਡੇ ਸਾਰਿਆਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਸ਼ਬਦ-ਜੋੜਾਂ ਦੀਆਂ ਛੋਟੀਆਂ-ਮੋਟੀਆਂ ਕੁਝ ਕੁ ਗ਼ਲਤੀਆਂ ਦੇ ਬਾਵਜੂਦ ਇਹ ਪੁਸਤਕ ਬੱਚਿਆਂ ਲਈ ਬੜੀ ਉਪਯੋਗੀ ਹੈ। ਇਹ ਗ਼ਲਤੀਆਂ ਵੀ ਇਸ ਦੇ ਅਗਲੇ ਸੰਸਕਰਣ ਵਿੱਚ ਦੂਰ ਕੀਤੀਆਂ ਜਾ ਸਕਦੀਆਂ ਹਨ। ਬੱਚਿਆਂ ਲਈ ਇਹ ਮਹੱਤਵਪੂਰਨ ਪੁਸਤਕ ਲਿਆਉਣ 'ਤੇ ਮੈਂ ਮੈਡਮ ਸੁਰਿੰਦਰਜੀਤ ਕੌਰ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਬੱਚਿਆਂ ਲਈ ਅੱਗੋਂ ਹੋਰ ਵੀ ਵਧੀਆ 'ਤੋਹਫ਼ੇ' ਲਿਆਉਣਗੇ।

## ਬੁੱਧ ਬਾਣ

# ਕੇਹਾ ਕਰਨਾ ਲੋੜੀਏ...?




ਹੁਣ ਤੇ ਕੋਈ ਸ਼ੱਕ ਨਹੀਂ ਰਿਹਾ ਕਿ ਟਕਸਾਲੀ, ਅਬਦਾਲੀ, ਅਫਗਾਨੀ, ਹਿਲਟਰ, ਫਿਲਟਰ, ਸਭ ਭਗਵਿਆਂ ਦੀ ਸ਼ਰਨ ਵਿੱਚ "ਆਤਮ ਸਮਰਪਣ " ਹੋ ਗਏ ਹਨ। ਸਭ ਹੁਣ ਉਹਨਾਂ ਦੀ ਬੋਲੀ ਬੋਲਦੇ ਹਨ। ਲੋਕ ਚੁੱਪ ਹਨ। ਉਹ ਬੋਲਦੇ ਹੀ ਨਹੀਂ ਵੱਢ ਦੇ ਵੀ ਹਨ ਤੇ ਕੁੱਟਦੇ ਹਨ। ਰੋਣ ਨਹੀਂ ਦੇਂਦੇ। ਰਾਜਸੀ ਸੰਗਠਨ, ਸਿਵਲ ਤੇ ਪੁਲਿਸ ਪ੍ਰਸ਼ਾਸਨ ਲੋਕਾਂ ਨੂੰ ਦੋਵੇਂ ਹੱਥਾਂ ਨਾਲ ਲੁੱਟ ਤੇ ਕੁੱਟ ਰਿਹਾ ਹੈ।

ਪੰਜਾਬ ਦੇ ਕੁੱਝ ਜਾਗਦੇ ਲੋਕਾਂ ਨੇ ਖੁਰ ਰਹੇ ਤੇ ਵੇਚੇ ਜਾ ਰਹੇ ਲੋਕਾਂ ਨੂੰ ਜਗਾਣ ਦਾ ਉਪਰਾਲਾ ਕੀਤਾ ਹੈ।

**ਪੰਜਾਬੀਓ ! ਭਾਰਤੀਓ ! ਲੋਕੋ !**

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਖੁਰ ਜਾਣ ਤੋਂ ਬਹੁਤ ਹੀ ਚਿੰਤੁਤ ਹਨ ਪਰ ਕੀਤਾ ਕੀ ਜਾਵੇ ? ਕੀ ਕਰਨ ? ਇਸ ਸੰਬੰਧੀ ਵਿਚਾਰ ਚਰਚਾ ਕਰਨ ਲਈ ਲੋਕਾਈ ਦਾ ਇਕੱਠੇ ਹੋਣਾ ਜਰੂਰੀ ਹੈ। ਤਾਂ ਕਿ ਪੰਜਾਬ ਤੇ ਦੇਸ਼ ਨੂੰ ਸੰਭਾਲਿਆ ਤੇ ਬਚਾਇਆ ਜਾ ਸਕੇ ? ਹੋਣਾ ਕੀ ਚਾਹੀਦਾ ਹੈ ਤੇ ਹੁੰਦਾ ਕੀ ਹੈ? ਤੇ ਲੋਕ ਕੀ ਚਾਹੁੰਦੇ ਤੇ ਕਰਦੇ ਹਨ? ਵਿਚਾਰਨ ਦੀ ਲੋੜ ਹੈ ਕਿ ਨਹੀਂ ?

##

**ਸੋਚੋ ਜਰਾ ਪਿਆਰੇ ਲੋਕੋ !**

ਜਦੋਂ ਲੋਕ ਹਰ ਤਰ੍ਹਾਂ ਦਾ ਟੈਕਸ ਦੇਂਦੇ ਹਨ ਫੇਰ ਨਾ ਬੱਚਿਆਂ ਨੂੰ ਸਿਖਿਆ ਤੇ ਨਾ ਨੌਜਵਾਨਾਂ ਨੂੰ ਰੁਜ਼ਗਾਰ ਤੇ ਸਿਆਸਤ ਕਰੇ ਵਪਾਰ ਨਾ ਮੋਹ ਨਾ ਪਿਆਰ ਫੇਰ ਕੀ ਕੀਤਾ ਜਾਵੇ ?

ਨੌਜਵਾਨ ਹੱਥਾਂ ਵਿੱਚ ਚੁੱਕੀ ਫਿਰਦੇ ਹਨ ਡਿਗਰੀਆਂ, ਨਸ਼ਾ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ, ਧੱਕੇਸ਼ਾਹੀ. ਖੁਦਕੁਸ਼ੀਆ ਤੇ ਦੁਰਕਾਰ, ਪਾਣੀ ਦਾ ਡਿੱਗ ਰਿਹਾ ਮਿਆਰ। ਸਰਕਾਰ ਦੇ ਰਹੀ ਹੈ ਘਟੀਆ ਸਿਸਟਮ, ਪੰਜਾਬ ਬਣਿਆ ਪੁਲਸੀਆ ਰਾਜ ਤੇ ਡਾਂਗ ਦਾ ਸੱਭਿਆਚਾਰ, ਪੰਜਾਬ ਵਿੱਚ ਵਧਿਆ ਲੋਟੂ ਮਾਫੀਆ ਤੇ ਸਰਕਾਰ। ਸਿਆਸਤਦਾਨ ਦੇ ਲਾਰੇ ਹਨ ਤੇ ਵੱਧ ਰਹੇ ਅਪਰਾਧ ਤੇ ਡਿੱਗ ਰਿਹਾ ਇਖਲਾਕ।

###

**ਆਓ ਕਰੀਏ ਵਿਚਾਰ !**

ਕੀ ਏ ਆਪਣਾ ਇਹ ਸੱਭਿਆਚਾਰ? ਮਨਾਂ ਦੇ ਅੰਦਰ ਉਠਦੇ ਸਵਾਲ ਜਿਹਨਾਂ ਦੇ ਜਵਾਬ ਦੀ ਤਲਾਸ਼ ਸਿਆਸਤਦਾਨਾਂ ਦੇ ਜੁਲਮੇ ਤੇ ਗੱਪਾ ਸੁਣ ਅੱਕ ਤੇ ਥੱਕ ਗਏ ਹਾਂ। ਕੀ ਹੋਇਆ ਹੈ? ਕੀ ਦੱਸਾਂ ਤੁਸੀਂ ਵੱਧ ਜਾਣਦੇ ਹੀ ਹੋ।

ਜਿਹਨਾਂ ਨੇ ਲੋਕਾਂ ਦਾ ਜੋ ਨਾਸ ਮਾਰਿਆ ਹੈ ਤੇ ਮਾਰ ਰਹੇ ਹਨ।

ਲੋਕੋ ਤੁਸੀਂ ਜੋ ਮੁੱਲ ਤਾਰਿਆ। ਸਭ ਜਾਣਦੇ ਹੋ !

###

**ਹੁਣ ਤਾਂ ਹਰ ਕੋਈ ਗਾਵੇ, ਕੀਤਾ ਕੀ ਜਾਵੇ...ਕਰੀਏ ਕੀ ?**

ਕੀਤਾ ਕੀ ਜਾਵੇ ? ਕੀ ਕਰੀਏ ?

ਕਿਵੇਂ ਕਰੀਏ ?...ਇਹ ਸਵਾਲ ਦੇ ਹਨ। ਹਰ ਇਕ ਦੇ ਮਨ ਦੇ ਅੰਦਰ ਪਰ ਕੋਈ ਨਾਇਕ ਨਜ਼ਰ ਨਹੀਂ ਆ ਰਿਹਾ ਤੇ ਸਭ ਖਲਨਾਇਕ ਹਨ। ਕੋਈ ਨਾਇਕ ਕਿਉ ਨਹੀਂ ਬਣ ਰਿਹਾ ?

.ਤੁਸੀਂ ਜਾਣਦੇ ਹੀ ਜੇ ਨਹੀ ਤਾਂ ਸੁਣੋ ਤੇ ਸੋਚੋ !

ਬੇਰੁਜ਼ਗਾਰੀ ਤੇ ਬੇਕਾਰੀ ਨੇ ਘਰਾਂ ਦੇ ਘਰ ਤਬਾਹ ਕਰ ਦਿੱਤੇ ਹਨ। ਹਰ ਰੋਜ਼ ਨੌਜਵਾਨ ਵਿਦੇਸ਼ਾਂ ਨੂੰ ਰਹੇ ਹਨ ਤੇ ਸਰਕਾਰ ਗੱਲਾਂ ਦਾ ਕੜਾਹ ਛਕਾ ਰਹੀ ਹੈ । ਹਰ ਰੋਜ਼ ਨਵੀਂ ਗੱਪ ਮਾਰੀ ਜਾ ਰਹੀ ਹੈ.ਮੀਟਿੰਗਾਂ ਹੋ ਰਹੀਆਂ ਹਨ। ਮਗਰਮੱਛ ਸ਼ਰੇਆਮ ਨਸ਼ੇ ਵੇਚ ਰਹੇ ਹਨ। ਹਰ ਪਿੰਡ ਤੇ ਘਰਾਂ ਤੱਕ ਮਾਲ ਪੁੱਜਦਾ ਕਰਵਾਉਣ ਦੀ ਪਹੁੰਚ ਹੈ।ਲੋਕ ਪੁਲਿਸ ਨੂੰ ਤਸਕਰਾਂ ਦੇ ਨਾਮ ਦੱਸਦੇ ਹਨ। ਵੇਚਣ ਵਾਲਿਆਂ ਨੂੰ ਫੜਕੇ ਪੁਲਿਸ ਦੇ ਹਵਾਲੇ ਵੀ ਕਰਦੇ ਹਨ ਪਰ ਫੇਰ ਵੀ ਕੋਈ ਡਰ ਨਹੀਂ.ਪੁਲਿਸ ਕਾਗਜ਼ਾਂ ਦਾ ਢਿੱਡ ਭਰਦੀ ਹੈ। ਜਨਤਕ ਇਕੱਠ ਕਰਦਿਆਂ ਲੋਕਾਂ ਨੂੰ ਸੂਚਨਾ ਦੇਣ ਦੀ ਸਲਾਹ ਦੇਂਦੀ ਹੈ। ਭਲਾ ਪੁਲਿਸ ਨੂੰ ਪਤਾ ਨਹੀਂ ਕਿ ਉਸਦੇ ਇਲਾਕੇ ਦੇ ਵਿੱਚ ਕੌਣ ਕੀ ਕਰਦੇ ? ਕਿਹੜਾ ਕੀ ਚਰਦਾ ਹੈ ?ਸਭ ਨੂੰ ਸਭ ਦਾ ਪਤਾ ਹੈ ਪਰ ਕੰਨਾਂ ਵਿੱਚ ਰੂੰ ਪਾਈ ਹੋਈ ਹੈ ਕਿਉਂਕਿ ਜੇ ਮਗਰਮੱਛ ਫੜ ਲਏ ਤਾਂ ਖਰਚ ਪਾਣੀ ਕਿਵੇਂ ਚੱਲੂ? ਪਰ ਲੋਕ ਹੁਣ ਕਿਧਰ ਜਾਣ ?

##

ਇਹਨਾਂ ਮਸਲਿਆਂ ਨੇ ਸਾਰੇ ਲੋਕ ਦੁਖੀ ਕੀਤੇ ਹਨ...ਪਰ ਇਹਨਾਂ ਮਸਲਿਆਂ ਦਾ ਹਲ ਕੀ ਕਰੀਏ ? ਇਹ ਮਸਲੇ ਵਿਚਾਰ ਕਰਨ ਦੇ ਲਈ ਪੰਜਾਬ ਨੂੰ ਹੱਸਦਾ ਵਸਦਾ ਦੇਖਣ ਦੀ ਉਮੀਦ ਰੱਖਦੇ ਆਗਾਂਹਵਧੂ ਸੁਚੇਤ ਤੇ ਸੂਝਵਾਨ ਚਿੰਤਕਾਂ ਨੂੰ ਇਕ ਮੰਚ ਤੇ ਵਿਚਾਰ ਸਾਂਝਾ ਕਰਨ ਤੇ ਕੋਈ ਨਵੀਂ ਰਣਨੀਤੀ ਤਿਆਰ ਕਰਨ ਦੀ ਲੋੜ ਹੈ ਕਿ ਕੋਈ ਤਾਂ ਉਠੇ ਮਰਦ ਤੇ ਬਦਲੇ ਲੋਕਾਂ ਦੀ ਤਕਦੀਰ ! ਇਸ ਕਾਰਜ ਲਈ ਪੰਜਾਬ ਦੇ ਹਰ ਖੇਤਰ ਵਿੱਚ ਕਾਰਜ ਕਰਨ ਲਈ ਸਮਾਜ ਸੇਵੀ ਸੰਸਥਾਵਾਂ, ਕਾਲਮਨਵੀਸ, ਪੱਤਰਕਾਰ, ਬੁੱਧੀਜੀਵੀ, ਵਿਦਿਆਰਥੀ, ਧਾਰਮਿਕ ਸੰਸਥਾਵਾਂ ਦੇ ਅਗਾਂਹਵਧੂ ਸੋਚ ਦੇ ਸੁਚੇਤ ਵਰਗ ਦੇ ਜਿਉਂਦੇ ਤੇ ਜਾਗਦੇ ਲੋਕ ਸਾਹਮਣੇ ਆਉਣ ਹੈ ਤਾਂ ਹੀ ਗੁਆਚ ਰਹੇ, ਖੁਰ ਰਹੇ, ਪਲ ਪਲ ਮਰ ਰਹੇ ਪੰਜਾਬ ਨੂੰ ਬਚਾਉਣ ਦੇ ਲਈ ਕੋਈ ਸਾਂਝਾ ਮੰਚ ਬਣਾਇਆ ਜਾ ਸਕੇਗਾ ।

##

ਪੰਜਾਬ ਦਾ ਹਰ ਮਨੁੱਖ ਵਿਅਕਤੀਗਤ ਤੇ ਪਰੇਸ਼ਾਨ ਤਾਂ ਹੈ ਪਰ ਕੀ ਕਰੀਏ ? ਕਿਵੇਂ ਪੰਜਾਬ ਨੂੰ ਬਚਾਇਆ ਜਾਵੇ ਸਬੰਧੀ ਦੁਬਿਧਾ ਵਿੱਚ ਹੈ.ਇਹ ਸੱਚ ਹੈ ਕਿ ਹੁਣ ਘਰਾਂ ਵਿੱਚ ਬੈਠ ਕੇ ਆਪਣੀ ਮੌਤ ਦੀ ਉਡੀਕ ਕਰਨ ਦੇ ਨਾਲੋਂ ਕਿਸੇ ਸੰਘਰਸ਼ ਦੇ ਵਿੱਚ ਲੜਨ ਦੀ ਲੋੜ ਹੈ।

ਸਿਆਸਤਦਾਨ ਪੰਜਾਬ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ ਤੇ ਬਹੁਗਿਣਤੀ ਲੋਕ ਲੁੱਟੇ ਜਾ ਰਹੇ ਹਨ.



ਬੁੱਧ ਸਿੰਘ ਨੀਲੋਂ
94643 70823

ਪਰ ਹੁਣ ਸਮਾਂ ਲੰਘਦਾ ਜਾ ਰਿਹਾ ਹੈ..ਹੁਣ ਚੁਪ ਕਰਕੇ ਬੈਠ ਜਾਣਦਾ ਸਮਾਂ ਨਹੀਂ । ਸਿਰ ਜੋੜਨਾ ਦਾ ਵੇਲਾ ਹੈ। ਧੜੇਬੰਦੀਆਂ ਛੱਡਕੇ ਧੌਣ ਵਿੱਚੋ ਹੰਕਾਰ ਦੇ ਕੀਲੇ ਤੇ ਸਰੀਏ ਕੱਢ ਕੇ ਜੁੜੋ ਤੇ ਰਲ ਕੇ ਤੁਰੋ। ਹੁਣ ਜੁੜਿਆ ਬਿਨ ਸਰਨਾ ਨਹੀਂ ਤੇ ਬਿਨ ਮੌਤ ਮਰਨਾ ਨਹੀਂ ! ਲੋਕਤੰਤਰ ਦਾ ਬਦਲ ਪੂਰਨ ਸਵਰਾਜ ਹੈ। ਕਦੇ ਬਾਬੇ ਨਾਨਕ ਨੇ ਆਖਿਆ ਸੀ

ਰਾਜੇ ਸੀਹ ਮੁਕਦਮ ਕੁੱਤੇ
ਪਰ ਹੁਣ ਕੌਣ ਆਖੇ ?
ਏਹੀ ਮਾਰ ਪਈ ਕੁਰਲਾਣੇ
ਤੈ ਕੀ ਦਰਦ ਨਾ ਆਇਆ
ਬਾਬੇ ਨੇ ਕਿਰਤ ਕੀ ਤੇ ਆਖਿਆ
ਕਿਰਤ ਕਰੋ ਵੰਡ ਛਕੋ ਤੇ ਨਾਮ ਜਪੋ

ਪਰ ਹਾਕਮਾਂ ਨੇ ਤੁਹਾਨੂੰ ਭਿਖਾਰੀ ਬਣਾ ਦਿੱਤਾ,

ਕਿਰਤ ਖੋ ਕੇ ਭਿਖਾਰੀਆਂ ਦੀ ਕਤਾਰ ਵਿੱਚ ਖੜ੍ਹਾ ਦਿੱਤਾ ।
ਆਟਾ ਦਾਲ ਮੰਗਣ ਲਾ ਦਿੱਤਾ ।

ਪਰ ਲੋਕੋ ਹੁਣ ਕਿਰਤ ਤੇ ਰੁਜ਼ਗਾਰ ਮੰਗੋ ਤੇ ਕਿਰਤ ਦੀ ਰਾਖੀ ਕਰਨੀ ਸਮਝੋ । ਪੰਜਾਬੀਆਂ ਦਾ ਫਰਜ਼ ਐ ਕਿ ਉਹ ਆਪਣੀ ਵਿਰਾਸਤ ਨੂੰ ਯਾਦ ਕਰਨ ਤੇ ਉਸਦੇ ਉਪਰ ਪਹਿਰਾ ਦੇਣ !

###

ਆਓ! ਆਪੋ ਆਪਣੀ ਹਉਮੈ ਨੂੰ ਛੱਡਕੇ ਪੰਜਾਬ ਦੇ ਲਈ ਇਕ ਸਾਂਝਾ ਮੰਚ ਬਣਾਇਆ ਜਾਵੇ ਤਾਂ ਹੀ ਪੰਜਾਬ ਬਚ ਸਕਦਾ ਹੈ...ਨਹੀ...ਤਾਂ ਸਭ ਕੁੱਝ ਤੁਹਾਡੇ ਸਾਹਮਣੇ ਹੈ। ਕੀ ਹਾਲ ਹੋਇਆ ਹੈ ਪੰਜਾਬ ਦੇ ਲੋਕਾਂ ਦਾ?

ਪੰਜਾਬ ਨੂੰ ਬਚਾਉਣ ਲਈ ਆਓ ਰਲਮਿਲ ਕੇ ਇੱਕ ਹੰਭਲਾ ਮਾਰੀਏ।

ਤੇ ਆਪਣੇ ਜਿਉਂਦੇ ਹੋਣ ਦੀ ਸ਼ਹਾਦਤ ਦੇਈਏ !
ਮੁੱਠੀ ਵਿਚੋ ਕਿਰਦੇ ਪੰਜਾਬ ਤੇ ਦੇਸ਼ ਨੂੰ ਬਚਾਈਏ।

##

ਹੁਣ ਲੜਨ ਦੀ ਲੋੜ ਹੈ
ਜਿਉਣ ਦੀ ਲੋੜ ਹੈ
ਨਾ ਕਿ ਮਰਨ ਦੀ ਨਹੀਂ ,
ਭਵਸਾਗਰ ਤਰਨ ਦੀ ਲੋੜ ਹੈ,
ਕਿਛੁ ਕਹੀਏ ਕਿਛੁ ਸੁਣੀਏ,
ਨਵੇਂ ਵਸਤਰ ਬੁਣੀਏ।
ਆਓ ਪੰਜਾਬੀਓ ਆਓ,
ਨਾ ਬਦੇਸ਼ਾਂ ਨੂੰ ਭੱਜੀ ਜਾਓ,
ਆਓ ਸਿਰ ਜੋੜੀਏ,
ਕੇਹਾ ਕਰਨਾ ਲੋੜੀਏ,
ਕੋਈ ਕਾਫਲਾ ਤੋਰੀਏ,
ਉਡੀਕਦਾ ਪੰਜਾਬ ਹੈ,
ਮੰਗਦਾ ਹਿਸਾਬ ਹੈ ।
ਬੁੱਧ ਬੋਲ
ਵਜਾਓ ਢੋਲ
ਖੋਲ੍ਹਦਾ ਪੋਲ
ਆਓ ਪੰਜਾਬੀਓ ਪੰਜਾਬ ਬਚਾਈਏ ।
ਦੇਸ਼ ਬਚਾਈਏ। ਮਨੁੱਖਤਾ ਬਚਾਈਏ !

### ਬੁੱਧ ਕਾਵਿ

## ਮਨ ਦੇ ਬੂਹੇ ਬਾਰੀਆਂ !

ਤੇਰੇ ਤਨ ਤੋਂ ਮੇਰੇ ਤਨ ਤੱਕ
ਇਹ ਜਿਹੜੀ ਦੂਰੀ ਹੈ
ਇਸ ਦੂਰੀ ਦੇ ਨਾਲ
ਜਿਹੜੀ ਮਜਬੂਰੀ ਹੈ
ਬੂਹੇ ਦੇ ਨਾਲ ਜਿਹੜੀ ਬਾਰੀ ਹੈ
ਇਸ ਦੇ ਨਾਲ ਹੀ ਵਲਗਣਾਂ ਦੀ ਕੰਧ ਹੈ
ਰਿਸ਼ਤਿਆਂ ਦੀ ਤ੍ਰਾਸਦੀ ਹੈ
ਇਹਨਾਂ ਅਣ ਦਿਖਦੀਆਂ ਕੰਧਾਂ ਵਿੱਚ
ਹਰ ਵੇਲੇ ਵੱਜਦੇ ਹਾਂ
ਕਦੇ ਮੱਥਾ ਕਦੇ ਮਨ
ਭੰਨਦੇ ਹਾਂ
ਕਿਸੇ ਕੋਲ ਕਦੇ
ਜ਼ਿਕਰ ਨਹੀਂ ਕਰਦੇ
ਬੇਇੱਜ਼ਤੀ ਤੋਂ ਡਰਦੇ ਹਾਂ
ਆਪਣੇ ਆਪ ਨੂੰ ਸਵਾਲ ਕਰਦੇ ਹਾਂ
ਐਂ ਕੀਤਾ ਇਉਂ ਕੀਤਾ ਤਾਂ
ਲੋਕ ਕੀ ਕਹਿਣਗੇ
ਇਹਨਾਂ ਸਵਾਲਾਂ ਦੇ ਆਪੇ ਉਤਰ
ਦੇਂਦੇ ਰਹਿੰਦੇ ਹਾਂ
ਤਨ ਤੇ ਮਨ ਨਾਲ ਲੜਦੇ ਰਹਿੰਦੇ ਹਾਂ
ਬੀਮਾਰੀਆਂ ਦਾ ਹੋ ਕੇ ਸ਼ਿਕਾਰ
ਡਾਕਟਰਾਂ ਦਾ ਘਰ ਭਰਦੇ ਹਾਂ
ਇਹ ਕੋਈ ਤਨ ਦਾ ਰੋਗ ਨਹੀਂ
ਮਨ ਦੀਆਂ ਸੱਧਰਾਂ ਦਾ ਕਤਲ ਹੈ
ਅਸੀਂ ਖ਼ੁਦ ਦੇ ਖ਼ੁਦ ਹੀ ਕਾਤਲ ਹਾਂ
ਬਿਨਾਂ ਹੱਥਕੜੀਆਂ ਦੇ
ਖ਼ੁਦ ਦੇ ਕੈਦੀ ਬਣ ਕੇ
ਤਰੀਕਾ ਭੁਗਤਦੇ ਹਾਂ
ਅਸੀਂ ਤਰੀਕਾ ਭੁਗਤਦੇ
ਤੁਰ ਜਾਂਦੇ ਹਾਂ ਲੰਮੀ ਯਾਤਰਾ ਤੇ
ਅਸੀਂ ਮਨ ਦੇ ਬੂਹੇ ਬਾਰੀਆਂ ਨੂੰ
ਬੰਦ ਰੱਖਦੇ ਹਾਂ
ਇਸੇ ਕਰਕੇ ਜਿਉਂਦੇ ਜੀਅ ਮਰਦੇ ਹਾਂ
ਜਿਉਂਦੇ ਵਸਦੇ ਰਹਿਣ ਲਈ
ਮਨ ਦੇ ਬੂਹੇ ਬਾਰੀਆਂ ਖੋਲ੍ਹ ਕੇ ਰੱਖੋ
ਦੁਨੀਆਂ ਨੂੰ ਖੁੱਲ੍ਹ ਕੇ ਤੱਕੋ
ਖੁੱਲ੍ਹ ਕੇ ਹੱਸੋ
ਹੱਸਦਿਆਂ ਦੇ ਘਰ ਵਸਦੇ
ਰੋਂਦਿਆਂ ਨੂੰ ਕੋਈ ਚੁੱਪ ਨਾ ਕਰਵਾਉਂਦਾ।
ਨਾ ਹੀ ਕੋਈ ਸਮਝਾਉਂਦਾ
ਆਪਣੇ ਆਪ ਨੂੰ ਖ਼ੁਦ ਹੀ
ਲੜਨਾ ਤੇ ਮਰਨਾ ਪੈਂਦਾ
ਆਓ ਆਪੋ ਆਪਣੀਆਂ
ਬੂਹੇ ਤੇ ਬਾਰੀਆਂ ਨੂੰ ਖੋਲ੍ਹੀਏ
ਤੇ ਆਪਣੇ ਪਰ ਤੋਲੀਏ
ਉਡਣ ਵਾਸਤੇ ਹੋਈਏ ਤਿਆਰ।

ਬੁੱਧ ਸਿੰਘ ਨੀਲੋਂ
9464370823

CANADIAN TRUCK TRAINING CENTRE




ਤਸੱਲੀਬਕਸ਼ ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# 'ਪਰਵਾਸੀ ਪੰਜਾਬੀ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ' ਨੇ ਆਪਣਾ ਸਲਾਨਾ ਇਜਲਾਸ ਧੂਮ-ਧਾਮ ਨਾਲ ਮਨਾਇਆ

## ਸੱਭ ਤੋਂ ਵੱਡੀ ਉਮਰ ਦੇ ਪੈਂਨਸ਼ਨਰ 92 ਸਾਲਾ ਪੂਰਨ ਸਿੰਘ ਪਾਂਧੀ ਨੂੰ ਐਸੋਸੀਏਸ਼ਨ ਵੱਲੋਂ ਕੀਤਾ ਗਿਆ ਸਨਮਾਨਿਤ






ਬਰੈਂਪਟਨ, (ਡਾ.ਝੰਡ)- ਪਰਵਾਸੀ ਪੰਜਾਬੀ ਪੈਂਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਟੋਰਾਂਟੋ ਵੱਲੋਂ ਆਪਣਾ ਸਲਾਨਾ ਇਜਲਾਸ ਲੰਘੇ ਸ਼ਨੀਵਾਰ 25 ਅਕਤੂਬਰ 2025 ਨੂੰ ਬਰੈਂਪਟਨ ਸਥਿਤ 'ਵਿਸ਼ਵ ਪੰਜਾਬੀ ਭਵਨ' ਵਿੱਚ ਬੜੇ ਸੰਜੀਦਗੀ ਭਰਪੂਰ ਮਾਹੌਲ 'ਚ ਸੰਪੰਨ ਕੀਤਾ ਗਿਆ। ਪੰਜਾਬ ਸਰਕਾਰ ਨਾਲ ਸਬੰਧਿਤ ਮੰਗਾਂ ਤੋਂ ਇਲਾਵਾ ਐਸੋਸੀਏਸ਼ਨ ਦੀਆਂ ਕੈਨੇਡਾ ਨਾਲ ਜੁੜੀਆਂ ਮੰਗਾਂ ਨੂੰ ਫ਼ੈੱਡਰਲ, ਪ੍ਰੋਵਿੰਸ਼ੀਅਲ, ਸਿਟੀ ਪੱਧਰ ਤਿੰਨ ਭਾਗਾਂ 'ਚ ਵੰਡ ਕੇ ਐਸੋਸੀਏਸ਼ਨ ਦੇ ਵੱਖ-ਵੱਖ ਅਹੁਦੇਦਾਰਾਂ ਵੱਲੋਂ ਇਨ੍ਹਾਂ ਸਬੰਧੀ ਜਾਣਕਾਰੀ ਮੈਂਬਰਾਂ ਨਾਲ ਸਾਂਝੀ ਕੀਤੀ ਗਈ, ਜਿਸ ਦੇ ਬਾਰੇ ਵਿਸਤ੍ਰਿਤ 'ਡੀਮਾਂਡ-ਚਾਰਟਰ' ਐਸੋਸੀਏਸ਼ਨ ਵੱਲੋਂ ਸਬੰਧਿਤ ਧਿਰਾਂ ਨੂੰ ਪਹਿਲਾਂ ਹੀ ਭੇਜੇ ਜਾ ਚੁੱਕੇ ਹਨ।

ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਇੰਜੀ. ਬਲਦੇਵ ਸਿੰਘ ਬਰਾੜ, ਉਪ-ਪ੍ਰਧਾਨ ਮੋਹਿੰਦਰ ਸਿੰਘ ਮੋਹੀ, ਚੇਅਰਮੈਨ ਡਾ. ਪਰਮਜੀਤ ਸਿੰਘ ਢਿੱਲੋਂ, ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ, ਸਕੱਤਰ ਅੰਮ੍ਰਿਤਪਾਲ ਸਿੰਘ ਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰ ਸਤਪਾਲ ਸਿੰਘ ਜੌਹਲ ਜੁੜ ਬੈਠੇ ਸਨ ਅਤੇ ਕੁਝ ਸਮੇਂ ਬਾਅਦ ਪਾਰਲੀਮੈਂਟ ਮੈਂਬਰ ਅਮਨਦੀਪ ਸੋਢੀ ਤੇ ਸਿਟੀ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਵੀ ਉਨ੍ਹਾਂ ਨਾਲ ਸ਼ਾਮਲ ਹੋ ਗਏ। ਮੰਚ-ਸੰਚਾਲਕ ਦੀ ਭੂਮਿਕਾ ਨਿਭਾਉਂਦਿਆਂ ਹੋਇਆਂ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਸੁਆਗਤ ਕਰਦਿਆਂ ਸੱਭ ਤੋਂ ਪਹਿਲਾਂ ਐਸੋਸੀਏਸ਼ਨ ਦੀਆਂ ਪਿਛਲੇ ਸਾਲ ਦੌਰਾਨ ਹੋਈਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਮੈਂਬਰਾਂ ਵੱਲੋਂ ਹੱਥ ਹਿਲਾ ਕੇ ਪ੍ਰਵਾਨ ਕੀਤਾ ਗਿਆ। ਉਪਰੰਤ, ਉਨ੍ਹਾਂ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਪ੍ਰਿਤਪਾਲ ਸਿੰਘ ਸਚਦੇਵਾ ਨੂੰ ਮੰਚ 'ਤੇ ਆਉਣ ਲਈ ਕਿਹਾ, ਜਿਨ੍ਹਾਂ ਨੇ ਪੈੱਨਸ਼ਨਰਾਂ ਦੀਆਂ ਪੰਜਾਬ ਸਰਕਾਰ ਨਾਲ ਸਬੰਧਿਤ ਮੰਗਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਪੈੱਨਸ਼ਨਾਂ ਵਿਚ 2.59 ਫ਼ਾਰਮੂਲੇ ਅਨੁਸਾਰ ਵਾਧੇ ਅਤੇ ਹੋਰ ਮੰਗਾਂ ਬਾਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਚੱਲ ਰਹੇ ਕੇਸਾਂ ਬਾਰੇ ਸੰਖੇਪ ਵਿਚ ਦੱਸਿਆ।

ਪੰਜਾਬ ਸਰਕਾਰ ਨਾਲ ਸਬੰਧਿਤ ਮੰਗਾਂ ਨੂੰ ਅੱਗੇ ਵਧਾਉਂਦਿਆਂ ਹੋਇਆਂ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਬਰਾੜ ਵੱਲੋਂ ਐੱਨ.ਆਰ. ਆਈਜ਼ ਦੀਆਂ ਜ਼ਮੀਨਾਂ ਦੇ 'ਮੁਸ਼ਤਰਕਾ-ਖ਼ਾਤਿਆਂ' ਦੀ ਅੱਗੋਂ ਵੰਡ ਅਤੇ ਉਨ੍ਹਾਂ ਦੀਆਂ ਜ਼ਮੀਨਾਂ, ਘਰਾਂ ਤੇ ਹੋਰ ਜਾਇਦਾਦਾਂ ਦੀ ਸੁਰੱਖਿਆ ਬਾਰੇ ਅਹਿਮ ਮੰਗ ਦੀ ਗੱਲ ਕੀਤੀ ਗਈ। ਕੈਨੇਡਾ ਦੀ ਫ਼ੈੱਡਰਲ ਸਰਕਾਰ ਨਾਲ ਜੁੜੀਆਂ ਮੰਗਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਇੱਥੇ ਸੀਨੀਅਰਾਂ ਦੇ ਲਈ 'ਓਲਡ ਏਜ ਸਕਿਉਰਿਟੀ' ਹੀ ਆਮਦਨ ਦਾ ਵਸੀਲਾ ਹੈ ਅਤੇ ਵੱਧ ਰਹੀ ਮਹਿੰਗਾਈ ਦੇ ਹਿਸਾਬ ਨਾਲ ਇਸ ਵਿੱਚ ਯੋਗ ਵਾਧਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 'ਓਲਡ ਏਜ ਸਕਿਉਰਿਟੀ' ਨਾਲ ਜੁੜਿਆ ਹੋਇਆ 'ਜੀ.ਆਈ.ਐੱਸ.' ਸਰਕਾਰ ਵੱਲੋਂ ਕਿਸੇ ਸਮੇਂ ਵੀ ਘਟਾਇਆ ਜਾ ਸਕਦਾ ਹੈ ਜਾਂ ਇਹ ਬੰਦ ਵੀ ਕੀਤਾ ਜਾ ਸਕਦਾ ਹੈ। ਇਸ ਲਈ 'ਓਲਡ ਏਜ ਸਕਿਉਰਿਟੀ' ਵਿੱਚ ਵਾਧਾ ਕੀਤਾ ਜਾਣਾ ਜ਼ਰੂਰੀ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਸੀਨੀਅਰਾਂ ਦੇ ਲਈ ਇਕ ਜਾਂ ਦੋ ਬੈੱਡ-ਰੂਮਜ਼ ਵਾਲੇ ਛੋਟੇ ਘਰ ਬਨਾਉਣ ਦੀ ਮੰਗ 'ਤੇ ਜ਼ੋਰ ਦਿੱਤਾ ਅਤੇ ਡੈਂਟਲ ਕੇਅਰ ਤੇ ਹੈੱਲਥ ਕੇਅਰ ਦੇ ਘੇਰੇ ਵਿੱਚ ਵਾਧੇ ਦੀ ਮੰਗ ਵੀ ਉਠਾਈ।

ਬਰੈਂਪਟਨ ਸਿਟੀ ਨਾਲ ਸਬੰਧਿਤ ਮੰਗਾਂ ਬਾਰੇ ਐਸੋਸੀਏਸ਼ਨ ਦੇ ਚੇਅਰਮੈਨ ਡਾ. ਪਰਮਜੀਤ ਸਿੰਘ ਢਿੱਲੋਂ ਨੇ ਗੱਲ ਕਰਦਿਆਂ ਕਿਹਾ ਕਿ ਸਿਟੀ ਵੱਲੋਂ ਘਰਾਂ ਉੱਪਰ ਪ੍ਰਾਪਰਟੀ ਟੈਕਸ ਵਿੱਚ ਭਾਰੀ ਵਾਧਾ ਕੀਤਾ ਜਾ ਰਿਹਾ ਹੈ ਜੋ ਸਹੀ ਨਹੀਂ ਹੈ। ਉਨ੍ਹਾਂ ਕਿਹਾ ਘਰਾਂ ਵਿੱਚ ਇੱਕ ਬੈੱਡ-ਰੂਮ ਗਰਾਊਂਡ-ਫਲੋਰ 'ਤੇ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਜੋ ਬਜ਼ੁਰਗਾਂ ਨੂੰ ਪੌੜੀਆਂ ਚੜ੍ਹਨ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਉਨ੍ਹਾਂ ਸਿਟੀ ਵੱਲੋਂ ਬਣਾਏ ਜਾ ਰਹੇ ਨਵੇਂ ਘਰਾਂ ਦੇ 'ਡਰਾਈਵ-ਵੇਅ' ਛੋਟੇ ਕੀਤੇ ਜਾਣ 'ਤੇ ਵੀ ਚਿੰਤਾ ਪ੍ਰਗਟ ਕੀਤੀ। ਪ੍ਰੋਵਿੰਸ਼ੀਅਲ ਸਰਕਾਰ ਨਾਲ ਜੁੜੀਆਂ ਮੰਗਾਂ ਬਾਰੇ ਗੱਲ ਕਰਦਿਆਂ ਐਸੋਸੀਏਸ਼ਨ ਦੇ ਸਕੱਤਰ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਬਰੈਂਪਟਨ ਵਿੱਚ 'ਆਟੋ ਇੰਸ਼ੋਅਰੈਂਸ' ਬਹੁਤ ਜ਼ਿਆਦਾ ਹੈ ਅਤੇ ਪ੍ਰਾਈਵੇਟ ਹੱਥਾਂ 'ਚ ਹੋਣ ਕਰਕੇ ਇਹ ਹਰ ਸਾਲ ਵੱਧਦੀ ਹੀ ਜਾ ਰਹੀ ਹੈ।

ਅਲਬਰਟਾ, ਬੀ.ਸੀ. ਤੇ ਇਕ-ਦੋ ਹੋਰ ਸੂਬਿਆਂ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਇੱਥੇ ਬਰੈਂਪਟਨ ਵਿੱਚ ਵੀ ਇਸ ਦਾ ਕੰਟਰੋਲ ਸੂਬਾ ਸਰਕਾਰ ਕੋਲ ਹੋਣਾ ਚਾਹੀਦਾ ਹੈ। ਘਰਾਂ ਦੀ ਸਮੱਸਿਆ, ਹੈੱਲਥ ਕੇਅਰ ਤੇ ਡੈਂਟਲ ਕੇਅਰ ਵਿੱਚ ਸੁਧਾਰ ਕਰਨ ਬਾਰੇ ਉਨ੍ਹਾਂ ਵੱਲੋਂ ਆਪਣੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ 'ਹੀਅਰਰਿੰਗ ਏਡਜ਼' ਅਤੇ 'ਮੋਬਾਇਲ ਸਕੂਟਰ' ਬਹੁਤ ਮਹਿੰਗੇ ਹਨ ਅਤੇ ਇਨ੍ਹਾਂ ਉੱਪਰ ਸੀਨੀਅਰਜ਼ ਲਈ 75% ਤੋਂ 90% ਤੱਕ ਸਬਸਿਡੀ ਹੋਣੀ ਚਾਹੀਦੀ ਹੈ।

ਅਜੋਕੇ ਸਮੇਂ ਵਿੱਚ ਘਰਾਂ ਦੀ ਅਹਿਮੀਅਤ ਬਾਰੇ ਗੱਲ ਕਰਦਿਆਂ ਪ੍ਰੋ. ਇੰਦਰਦੀਪ ਸਿੰਘ ਕਿਹਾ ਕਿ ਘਰ ਇੱਕ 'ਵੇਚਣਯੋਗ ਵਸਤੂ' (Salable Commodity) ਹੈ ਅਤੇ ਘਰ ਦੇ ਮਾਲਕ ਨੂੰ ਇਸ ਦਾ ਪੂਰਾ ਇਹਸਾਸ ਤੇ ਮਾਣ ਹੁੰਦਾ ਹੈ। ਉਹ ਭਾਵੇਂ ਘਰ ਨਾ ਵੀ ਵੇਚਣਾ ਚਾਹੁੰਦਾ ਹੋਵੇ ਪਰ ਫਿਰ ਵੀ ਉਹ ਹਮੇਸ਼ਾ ਇਹ ਹਿਸਾਬ-ਕਿਤਾਬ ਲਗਾਉਂਦਾ ਰਹਿੰਦਾ ਹੈ ਕਿ ਹੁਣ ਇਹ 'ਏਨੇ' ਦਾ ਹੋ ਗਿਆ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ 'ਪੋਸਟ ਡੈਮੋਕਰੈਟਿਕ ਸਿਸਟਮ' ਦੀ ਗੱਲ ਬਾਖ਼ੂਬੀ ਕੀਤੀ। ਏਸੇ ਤਰ੍ਹਾਂ ਬੈਕਿੰਗ-ਖੇਤਰ ਨਾਲ ਸਬੰਧਿਤ ਰਹੇ ਸਟੇਟ ਬੈਂਕ ਆਫ਼ ਇੰਡੀਆ ਦੇ ਸਾਬਕਾ ਅਧਿਕਾਰੀ ਸੁਰਿੰਦਰ ਸਿੰਘ ਸਿੱਧੂ ਨੇ ਬੈਂਕਾਂ ਦੇ ਖਾਤਿਆਂ ਵਿੱਚ 'ਨਾਮੀਨੇਸ਼ਨ' ਕਰਵਾਉਣ ਦੀ ਲੋੜ ਬਾਰੇ ਦੱਸਦਿਆਂ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਅਤੇ ਇਸ ਦੇ ਨਾਲ ਹੀ 'ਸਕਸੈੱਸਿਵ ਨਾਮੀਨੇਸ਼ਨ' ਚਾਰ ਵਿਅੱਕਤੀਆਂ ਤੱਕ ਹੋ ਸਕਦੀ ਹੈ। ਸਬੰਧਿਤ ਵਿਅੱਕਤੀ ਦੇ ਇਸ ਸੰਸਾਰ ਤੋਂ ਜਾਣ ਬਾਅਦ 'ਨਾਮੀਨੇਟਰਾਂ' ਨੂੰ ਰਕਮ ਦੀ ਅਦਾਇਗੀ ਬੈਕਾਂ ਨੇ ਇਸ ਦੇ ਆਧਾਰ 'ਤੇ ਹੀ ਕਰਨੀ ਹੁੰਦੀ ਹੈ। ਐਸੋਸੀਏਸ਼ਨ ਦੇ ਖ਼ਜ਼ਾਨਚੀ ਹਰੀ ਸਿੰਘ ਦੇ ਪੰਜਾਬ ਗਏ ਹੋਣ ਕਰਕੇ ਇਸ ਦਾ ਵਿੱਤੀ ਹਿਸਾਬ-ਕਿਤਾਬ ਪ੍ਰਿਤਪਾਲ ਸਿੰਘ ਸਚਦੇਵਾ ਵੱਲੋਂ ਪੇਸ਼ ਕੀਤਾ ਗਿਆ ਜਿਸ ਨੂੰ ਮੈਂਬਰਾਂ ਵੱਲੋਂ ਸਰਬ-ਸੰਮਤੀ ਨਾਲ ਪ੍ਰਵਾਨ ਕਰ ਦਿੱਤਾ ਗਿਆ।

ਸਲਾਨਾ ਇਜਲਾਸ ਵਿੱਚ ਦੋ ਸਿਆਸਤਦਾਨਾਂ ਮੈਂਬਰ ਪਾਰਲੀਮੈਂਟ ਅਮਨਦੀਪ ਸੋਢੀ ਤੇ ਸਿਟੀ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਅਤੇ ਸਕੂਲ-ਟਰੱਸਟੀ ਸਤਪਾਲ ਸਿੰਘ ਜੌਹਲ ਜੋ ਇਸ ਸਮੇਂ ਪੀਲ ਸਕੂਲ ਡਿਸਟ੍ਰਿਕਟ ਬੋਰਡ ਦੇ ਡਿਪਟੀ ਚੇਅਰ ਹਨ, ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਕਿਸੇ ਹੋਰ ਰੁਝੇਵੇਂ ਕਾਰਨ ਇਸ ਸਮਾਗਮ ਵਿੱਚ ਨਾ ਪਹੁੰਚ ਸਕੇ। ਐਸੋਸੀਏਸ਼ਨ ਦੇ ਨਾਂ ਉਨ੍ਹਾਂ ਵੱਲੋਂ ਭੇਜਿਆ ਗਿਆ ਸਰਟੀਫੀਕੇਟ ਉਨ੍ਹਾਂ ਦੇ ਦਫ਼ਤਰੀ ਸਹਾਇਕ ਮਿਸਟਰ ਦਲਾਲ ਵੱਲੋਂ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੂੰ ਸੌਂਪਿਆ ਗਿਆ। ਇਸ ਮੌਕੇ ਐੱਮ.ਪੀ. ਅਮਨਦੀਪ ਸੋਢੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਸੀਨੀਅਰਜ਼ ਦੀਆਂ ਫ਼ੈੱਡਰਲ ਸਰਕਾਰ ਨਾਲ ਸਬੰਧਿਤ ਮੰਗਾਂ ਸਬੰਧੀ ਜ਼ੋਰਦਾਰ ਆਵਾਜ਼ ਪਾਰਲੀਮੈਂਟ ਵਿੱਚ ਉਠਾਉਂਦੇ ਰਹਿਣਗੇ, ਜਦਕਿ ਸਿਟੀ ਕੌਂਸਲਰ ਗੁਰਪ੍ਰਤਾਪ ਤੂਰ ਨੇ ਸਥਾਨਕ ਪੱਧਰ 'ਤੇ ਬਰੈਂਪਟਨ ਸ਼ਹਿਰ ਨਾਲ ਜੁੜੀਆਂ ਮੰਗਾਂ ਸਿਟੀ ਕੌਂਸਲ ਵਿੱਚ ਰੱਖਣ ਤੇ ਉਨ੍ਹਾਂ ਨੂੰ ਮੰਨਵਾਉਣ ਦਾ ਭਰੋਸਾ ਦਿਵਾਇਆ।

ਵਰਤਮਾਨ ਸਕੂਲੀ ਸਿੱਖਿਆ ਬਾਰੇ ਗੱਲ ਕਰਦਿਆਂ ਪੀਲ ਸਕੂਲ ਡਿਸਟ੍ਰਿਕਟ ਬੋਰਡ ਦੇ ਡਿਪਟੀ ਚੇਅਰ ਸਤਪਾਲ ਸਿੰਘ ਜੌਹਲ ਨੇ ਕਿਹਾ ਕਿ ਬਹੁਤ ਸਾਰੇ ਸੀਨੀਅਰਜ਼ ਆਪਣੇ ਦੋਹਤੇ/ਦੋਹਤੀਆਂ/ਪੋਤੇ/ਪੋਤੀਆਂ ਨੂੰ ਸਕੂਲ ਛੱਡਣ/ਲਿਆਉਣ ਦੀ ਡਿਊਟੀ ਬਾਖ਼ੂਬੀ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਹੁੰਦੀਆਂ 'ਪੀ.ਟੀ.ਏ. ਮੀਟਿੰਗਾਂ' (ਪੇਅਰੈਂਟਸ ਟੀਚਰਜ਼ ਐਸੋਸੀਏਸ਼ਨ ਮੀਟਿੰਗਾਂ) ਵਿੱਚ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਦਾਦੇ/ਦਾਦੀਆਂ/ਨਾਨੇ/ਨਾਨੀਆਂ ਨੂੰ ਵੀ ਭਾਗ ਲੈਣਾ ਚਾਹੀਦਾ ਹੈ। ਸਕੂਲਾਂ ਵੱਲੋਂ ਉੱਥੇ ਚਾਹ-ਪਾਣੀ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਜਾਂਦਾ ਹੈ। ਇਸ ਨਾਲ ਉਨ੍ਹਾਂ ਦੇ ਤੀਸਰੀ ਪੀੜ੍ਹੀ ਨਾਲ ਸਬੰਧ ਹੋਰ ਵੀ ਮਜ਼ਬੂਤ ਹੋਣਗੇ।

ਸਲਾਨਾ ਸਮਾਗਮ ਦੇ ਅੰਤ ਵੱਲ ਵੱਧਦਿਆਂ ਐਸੋਸੀਏਸ਼ਨ ਦੇ ਸੱਭ ਤੋਂ ਵਡੇਰੀ ਉਮਰ ਦੇ ਮੈਂਬਰ ਉੱਘੇ ਲੇਖਕ ਪੂਰਨ ਸਿੰਘ ਪਾਂਧੀ ਨੂੰ ਐਸੋਸੀਏਸ਼ਨ ਵੱਲੋਂ ਸ਼ਾਨਦਾਰ ਸਮਨਾਨ-ਚਿੰਨ੍ਹ ਤੇ ਲੋਈ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਐਸੋਸੀਏਸ਼ਨ ਵੱਲੋਂ ਉਨ੍ਹਾਂ ਦਾ ਏਡਾ ਵੱਡਾ ਮਾਣ-ਸਤਿਕਾਰ ਕੀਤਾ ਗਿਆ ਹੈ। ਅਖ਼ੀਰ ਵਿੱਚ ਐਸੋਸੀਏਸ਼ਨ ਦੇ ਉਪ-ਪ੍ਰਧਾਨ ਮੋਹਿੰਦਰ ਸਿੰਘ ਵੱਲੋਂ ਹਾਜ਼ਰ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਇਸ ਸਲਾਨਾ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਪੈੱਨਸ਼ਨਰਾਂ ਲਈ ਜੁੜ ਬੈਠਣ ਦਾ ਬਹੁਤ ਵਧੀਆ ਪਲੇਟਫ਼ਾਰਮ ਹੈ ਅਤੇ ਸਾਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਵਿੱਚ ਸ਼ਮੂਲੀਅਤ ਕਰਨੀ ਚਾਹੀਦੀ ਹੈ। ਇਸ ਮੌਕੇ ਐਸੋਸੀਏਸ਼ਨ ਦੇ ਵੱਲੋਂ ਮੈਂਬਰਾਂ ਤੇ ਮਹਿਮਾਨਾਂ ਲਈ ਚਾਹ-ਪਾਣੀ ਤੇ ਖਾਣ-ਪੀਣ ਦਾ ਬਹੁਤ

# ਬਰੈਂਪਟਨ ਸਿਟੀ ਕੌਂਸਲ ਵੱਲੋਂ ਸਮਾਜ-ਸੇਵੀ ਕਰਮਜੀਤ ਸਿੰਘ ਗਿੱਲ ਤੇ ਸੁਖਦੇਵ ਸਿੰਘ ਸਿੱਧੂ ਨੂੰ ਕੀਤਾ ਗਿਆ ਸਨਮਾਨਿਤ



ਬਰੈਂਪਟਨ, (ਡਾ. ਝੰਡ) - ਲੰਘੇ ਸ਼ੁਕਰਵਾਰ 24 ਅਕਤੂਬਰ ਨੂੰ ਸਮਾਜ-ਸੇਵੀ ਕਰਮਜੀਤ ਸਿੰਘ ਗਿੱਲ ਨੂੰ ਬਰੈਂਪਟਨ ਸਿਟੀ ਕੌਂਸਲ ਵੱਲੋਂ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਉਹ ਅਤੇ ਉਨ੍ਹਾਂ ਦਾ ਦੋਸਤ ਸੁਖਦੇਵ ਸਿੰਘ ਸਿੱਧੂ ਦੋਵੇਂ ਪਿਛਲੇ ਲੰਮੇਂ ਸਮੇਂ ਤੋਂ ਮਿਲ਼ ਕੇ ਗੁਰਦੁਆਰਾ ਨਾਨਕਸਰ ਸਾਹਿਬ ਦੇ ਨਜ਼ਦੀਕ ਮੈਕਲਾਗਲਿਨ ਰੋਡ ਨੇੜਲੇ 'ਹਿੱਕਰੀਵੁੱਡ ਪਾਰਕ' ਅਤੇ ਇਸ ਦੇ ਆਸ-ਪਾਸ ਦੇ ਘਰਾਂ ਦੇ ਬਾਹਰ ਖਿਲਰੇ ਹੋਏ ਕੂੜੇ-ਕਰਕਟ ਨੂੰ ਚੁੱਕ ਕੇ ਆਲ਼ੇ- ਦੁਆਲੇ ਨੂੰ ਸਾਫ਼ ਰੱਖਣ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਸਮਾਜ ਪ੍ਰਤੀ ਉਨ੍ਹਾਂ ਦੀ ਇਸ ਸੇਵਾ ਦੀ ਬਰੈਂਪਟਨ ਸਿਟੀ ਕੌਂਸਲ ਵੱਲੋਂ ਕਾਫ਼ੀ ਸਰਾਹਨਾ ਕੀਤੀ ਗਈ। ਉਸ ਦੇ ਵੱਲੋਂ ਉਨ੍ਹਾਂ ਦੋਹਾਂ ਨੂੰ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਅਤੇ ਇਸ ਮੰਤਵ ਲਈ 24 ਅਕਤੂਬਰ ਨੂੰ ਦੁਪਹਿਰ 12.00 ਸਿਟੀ ਹਾਲ ਵਿਚ ਆਉਣ ਦਾ ਸੱਦਾ ਦਿੱਤਾ ਗਿਆ।

ਇੱਥੇ ਬਰੈਂਪਟਨ ਸਿਟੀ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਗੁਰਪ੍ਰਤਾਪ ਸਿੰਘ ਤੂਰ ਵੱਲੋਂ ਕਰਮਜੀਤ ਸਿੰਘ ਗਿੱਲ ਨੂੰ ਸ਼ਾਨਦਾਰ ਸਰਟੀਫ਼ੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਸਾਥੀ ਸੁਖਦੇਵ ਸਿੰਘ ਸਿੱਧੂ ਏਹਨੀ ਦਿਨੀਂ ਪੰਜਾਬ ਗਏ ਹੋਣ ਕਰਕੇ ਇਸ ਸਨਮਾਨ ਸਮਾਰੋਹ ਵਿੱਚ ਸ਼ਾਮਲ ਨਹੀਂ ਹੋ ਸਕੇ ਅਤੇ ਉਨ੍ਹਾਂ ਨੂੰ ਦਿੱਤਾ ਜਾਣ ਵਾਲਾ ਸਰਟੀਫ਼ੀਕੇਟ ਵੀ ਕਰਮਜੀਤ ਗਿੱਲ ਦੇ ਹਵਾਲੇ ਕੀਤਾ ਗਿਆ ਤਾਂ ਜੋ ਉਨ੍ਹਾਂ ਦੇ ਵਾਪਸ ਆਉਣ 'ਤੇ ਉਹ ਇਹ ਸਿੱਧੂ ਸਾਹਿਬ ਨੂੰ ਪਹੁੰਚਾ ਸਕਣ। ਇਸ ਮੌਕੇ ਕਰਮਜੀਤ ਗਿੱਲ ਦੇ ਨਾਲ ਉਨ੍ਹਾਂ ਦੇ ਮਾਤਾ ਜੀ ਸੁਰਜੀਤ ਕੌਰ ਗਿੱਲ ਅਤੇ ਦੋਸਤ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ।

ਇਸ ਮੌਕੇ 'ਓਮਨੀ ਟੀ.ਵੀ. ਦੇ ਪੱਤਰਕਾਰ ਅਮਰਜੀਤ ਸਿੰਘ ਨਾਲ ਗੱਲਬਾਤ ਕਰਦਿਆਂ ਡਿਪਟੀ ਮੇਅਰ ਹਰਕੀਰਤ ਸਿੰਹ ਨੇ ਕਿਹਾ, "ਆਪਣੇ ਆਲ਼ੇ-ਦੁਆਲੇ ਦੀ ਸਫ਼ਾਈ ਰੱਖਣੀ ਸਾਡੇ ਲਈ ਓਨੀ ਹੀ ਜ਼ਰੂਰੀ ਹੈ ਜਿੰਨੀ ਅਸੀਂ ਆਪਣੇ ਘਰਾਂ ਦੀ ਰੱਖਦੇ ਹਾਂ। ਕਰਮਜੀਤ ਸਿੰਘ ਗਿੱਲ ਤੇ ਉਨ੍ਹਾਂ ਦੇ ਸਾਥੀ ਸੁਖਦੇਵ ਸਿੰਘ ਸਿੱਧੂ ਦੋਵੇਂ ਇਹ ਸੇਵਾ ਬਾਖ਼ੂਬੀ ਕਰ ਰਹੇ ਹਨ ਅਤੇ ਬਰੈਂਪਟਨ ਸਿਟੀ ਕੌਂਸਲ ਨੂੰ ਅਜਿਹੇ ਸਮਾਜ-ਸੇਵਕਾਂ ਉੱਪਰ ਮਾਣ ਹੈ। ਉਨ੍ਹਾਂ ਨੂੰ ਸਨਮਾਨਿਤ ਕਰਕੇ ਬਰੈਂਪਟਨ ਸਿਟੀ ਕੌਂਸਲ ਅਤੀ ਮਾਣ ਮਹਿਸੂਸ ਕਰਦੀ ਹੈ। ਮੈਨੂੰ ਪੂਰਨ ਆਸ ਹੈ ਕਿ ਉਹ ਬਰੈਂਪਟਨ-ਵਾਸੀਆਂ ਲਈ ਪ੍ਰੇਰਨਾ ਦੇ ਸਰੋਤ ਬਣਨਗੇ।"

ਸਿਟੀ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਨੇ ਇਸ ਮੌਕੇ ਬੋਲਦਿਆਂ ਕਿਹਾ, "ਮੈਂ ਇਸ ਗੱਲ 'ਤੇ ਫ਼ਖ਼ਰ ਮਹਿਸੂਸ ਕਰ ਰਿਹਾ ਹਾਂ ਕਿ ਸਾਡੀ ਕਮਿਊਨਿਟੀ ਆਪਣੇ ਆਲ਼ੇ-ਦੁਆਲੇ ਦੀ ਸਫ਼ਾਈ ਬਾਰੇ ਕਾਫ਼ੀ ਜਾਗਰੂਕ ਹੈ। ਕਰਮਜੀਤ ਸਿੰਘ ਗਿੱਲ ਤੇ ਸੁਖਦੇਵ ਸਿੰਘ ਸਿੱਧੂ ਵਰਗੇ ਹੋਰ ਵੀ ਸਾਡੇ ਬਹੁਤ ਸਾਰੇ ਸਾਥੀ ਪਾਰਕਾਂ ਦੀ ਸਫ਼ਾਈ ਵੱਲ ਉਚੇਚਾ ਧਿਆਨ ਦੇ ਰਹੇ ਹਨ। ਬਰੈਂਪਟਨ ਸਾਡਾ ਸਾਰਿਆਂ ਦਾ 'ਘਰ' ਹੈ ਅਤੇ ਆਪਣੇ ਘਰ ਦੀ ਸਫ਼ਾਈ ਰੱਖਣਾ ਸਾਡਾ ਸੱਭਨਾਂ ਦਾ ਫਰਜ਼ ਬਣਦਾ ਹੈ। ਆਓ! ਸਾਰੇ ਮਿਲ਼ ਕੇ ਬਰੈਂਪਟਨ ਨੂੰ ਹੋਰ ਵੀ ਸਾਫ਼ ਸੁਥਰਾ ਬਣਾਈਏ।"

ਬਰੈਂਪਟਨ ਸਿਟੀ ਕੌਂਸਲ ਦਾ ਧੰਨਵਾਦ ਕਰਦਿਆਂ ਕਰਮਜੀਤ ਗਿੱਲ ਨੇ ਕਿਹਾ ਕਿ ਉਹ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਕੌਂਸਲਰ ਗੁਰਪ੍ਰਤਾਪ ਸਿੰਘ ਦੇ ਅਤੀ ਧੰਨਵਾਦੀ ਹਨ ਜਿਨ੍ਹਾਂ ਨੇ ਉਨ੍ਹਾਂ ਦੀ ਇਸ ਨਿਮਾਣੀ ਜਿਹੀ ਕੋਸ਼ਿਸ਼ ਨੂੰ ਏਨਾ ਮਾਣ-ਸਤਿਕਾਰ ਬਖ਼ਸ਼ਿਆ ਹੈ। ਉਨ੍ਹਾਂ 'ਓਮਨੀ ਟੀ.ਵੀ.' ਦੇ ਨੁਮਾਇੰਦੇ ਪੱਤਰਕਾਰ ਅਮਰਜੀਤ ਸਿੰਘ ਤੇ ਉਨ੍ਹਾਂ ਦੇ ਸਾਥੀ ਕੈਮਰਾਮੈਨ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੇ ਚੈਨਲ ਲਈ ਇਸ ਮੌਕੇ ਇਸ ਛੋਟੇ ਜਿਹੇ ਸਨਮਾਨ- ਸਮਾਰੋਹ ਦੀ ਰਿਕਾਰਡਿੰਗ ਕੀਤੀ। ਕਰਮਜੀਤ ਸਿੰਘ ਗਿੱਲ ਦੇ ਨਾਲ ਆਏ ਉਨ੍ਹਾਂ ਦੇ ਦੋਸਤ ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੌਕੇ ਕਿਹਾ, "ਕਰਮਜੀਤ ਗਿੱਲ ਬਹੁ-ਪੱਖੀ ਸ਼ਖ਼ਸੀਅਤ ਹੈ। ਆਲ਼ੇ-ਦੁਆਲ਼ੇ ਤੇ 'ਹਿੱਕਰੀਵੁੱਡ ਪਾਰਕ' ਦੀ ਸਫ਼ਾਈ ਕਰਨ ਦੇ ਨਾਲ-ਨਾਲ ਉਹ ਆਪਣੀ ਸਮਾਜ-ਸੇਵੀ ਸੰਸਥਾ 'ਸਹਾਇਤਾ' ਵੱਲੋਂ ਪੰਜਾਬ ਵਿੱਚ ਆਪਣੇ ਸਾਥੀਆਂ ਦੀ ਟੀਮ ਦੇ ਸਹਿਯੋਗ ਨਾਲ ਲੋੜਵੰਦਾਂ ਦੀ ਸਹਾਇਤਾ ਵੀ ਕਰ ਰਿਹਾ ਹੈ। ਉਹ ਬਰੈਂਪਟਨ ਵਿੱਚ ਪਿਛਲੇ 12 ਸਾਲ ਤੋਂ ਵਿਚਰ ਰਹੀ 'ਟੀ.ਪੀ.ਏ.ਆਰ. ਕਲੱਬ' ਦਾ ਸਰਗਰਮ ਮੈਂਬਰ ਹੋਣ ਦੇ ਨਾਤੇ ਵੱਖ-ਵੱਖ ਦੌੜਾਂ ਵਿੱਚ ਸ਼ਾਮਲ ਹੁੰਦਾ ਹੈ ਅਤੇ ਨਾਟਕਕਾਰ ਨਾਹਰ ਸਿੰਘ ਔਜਲਾ ਦੀ ਰੰਗਮੰਚ ਸੰਸਥਾ 'ਚੇਤਨਾ ਕਲਚਰਲ ਸੈਂਟਰ' ਦੇ ਮੈਂਬਰ ਵਜੋਂ ਇਸ ਦੇ ਵੱਲੋਂ ਕਰਵਾਏ ਜਾਂਦੇ ਨਾਟਕਾਂ ਵਿੱਚ ਵੀ ਸਰਗਰਮੀ ਨਾਲ ਭਾਗ ਲੈਂਦਾ ਹੈ।"

# ਲਾਵਾਰਿਸ-ਬੇਘਰ ਮਰੀਜ਼ਾਂ ਦੀ ਸੰਭਾਲ ਕਰਨ ਵਾਲੇ ਡਾ. ਮਾਂਗਟ ਪਹੁੰਚ ਰਹੇ ਨੇ ਮਿਸੀਸਾਗਾ-ਬਰੈਂਪਟਨ



ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ 8 ਅਤੇ 9 ਨਵੰਬਰ ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦੁਵਾਰਾ (ਮਾਲਟਨ) ਵਿਖੇ ਪਹੁੰਚ ਰਹੇ ਹਨ। ਸਾਬਕਾ ਪ੍ਰੋਫ਼ੈਸਰ ਤੇ ਸਾਇੰਸਦਾਨ ਡਾ. ਮਾਂਗਟ ਨੇ ਆਸ਼ਰਮ ਬਣਨ ਤੋਂ ਪਹਿਲਾਂ ਕਈ ਸਾਲ ਸਾਇਕਲ 'ਤੇ ਫਿਰਕੇ ਲੁਧਿਆਣਾ ਸ਼ਹਿਰ 'ਚ ਸੜਕਾਂ ਕੰਢੇ ਪਏ ਬਿਮਾਰੀਆਂ ਨਾਲ ਪੀੜ੍ਹਤ ਸੈਂਕੜੇ ਹੀ ਲਾਵਾਰਿਸ-ਬੇਘਰ ਮਰੀਜ਼ਾਂ ਦਾ ਮੁਫ਼ਤ ਇਲਾਜ ਕਰਵਾਇਆ। ਫਿਰ ਅਜਿਹੇ ਬੇਘਰ-ਬੇਸਹਾਰਿਆਂ ਦੇ ਰਹਿਣ ਅਤੇ ਸੇਵਾ-ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਤਿਆਰ ਕਰਵਾਇਆ।

ਡਾ. ਨੌਰੰਗ ਸਿੰਘ ਮਾਂਗਟ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ ਪੈਂਤੀ (235) ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਰਹਿੰਦੇ ਹਨ। ਸਵਾ ਸੌ ਤੋਂ ਜ਼ਿਆਦਾ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਹਨਾਂ 'ਚੋਂ ਜ਼ਿਆਦਾਤਰ ਮਰੀਜ਼ ਆਪਣਾ ਨਾਉਂ ਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ। ਅੱਸੀ ਦੇ ਕਰੀਬ ਅਜਿਹੇ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ- ਮੂਤਰ ਵੀ ਕੱਪੜਿਆਂ 'ਚ ਹੀ ਕਰਦੇ ਹਨ। ਇਹਨਾਂ ਸਾਰੇ ਲੋੜਵੰਦਾਂ ਨੂੰ ਮੰਜਾ ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ। ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਡਾ. ਮਾਂਗਟ ਦਾ ਸੰਪਰਕ: ਕੈਨੇਡਾ: 403-401-8787, ਇੰਡੀਆ (ਵਟਸਐਪ): 95018-42506

GTA
Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036

18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ

STOP
ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ,
ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ
ਦੀਆਂ ਦਰਦਾਂ ਦਾ ਸਫ਼ਲ ਇਲਾਜ

ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ
ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ

ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ

ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ

Solve Your Life Problems with Easy Opay & Lucky Stone, Book and Appointment Today!

# ਲੋੜ ਤੋਂ ਵੱਧ ਖੁਰਾਕ ਖਾਣ ਦੀ ਆਦਤ



ਲੋੜ ਤੋਂ ਵੱਧ ਖੁਰਾਕ ਖਾਣ ਦੀ ਆਦਤ 21ਵੀਂ ਸਦੀ ਦੀ ਸਭ ਤੋਂ ਆਮ ਪਰ ਅਣਪਛਾਤੀ ਜਨ ਸਿਹਤ ਚੁਣੌਤੀਆਂ ਵਿੱਚੋਂ ਇੱਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ। ਇਸਨੂੰ ਵਿਗਿਆਨਕ ਤੌਰ 'ਤੇ ਖੁਰਾਕ ਦੇ ਪ੍ਰਤੀ ਜ਼ਿਆਦਾ ਅਤੇ ਬੇਕਾਬੂ ਲਗਾਵ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਨਕਾਰਾਤਮਕ ਸਰੀਰਕ ਅਤੇ ਮਨੋਵਿਗਿਆਨਕ ਨਤੀਜਿਆਂ ਦੇ ਬਾਵਜੂਦ ਖਾਧੀ ਜਾਂਦੀ ਹੈ। ਲੋੜ ਤੋਂ ਵੱਧ ਖੁਰਾਕ ਦੀ ਆਦਤ ਮਾਦਕ ਪਦਾਰਥਾਂ ਦੀ ਆਦਤ ਦੇ ਨਿਰੀਖਣ ਪੱਧਰਾਂ ਦੀ ਨਕਲ ਕਰਦੀ ਹੈ।

ਇੱਕ ਅਜਿਹੇ ਯੁੱਗ ਵਿੱਚ ਜਿੱਥੇ ਖੁਰਾਕ ਦੀ ਕਮੀ ਨਹੀਂ ਖੁਰਾਕ ਨੇ ਪੋਸ਼ਣ ਦੇ ਜੀਵ ਵਿਗਿਆਨਕ ਉਦੇਸ਼ ਤੋਂ ਉਪਰ ਚੱਲ ਕੇ ਆਰਾਮ, ਇਨਾਮ, ਆਨੰਦ ਅਤੇ ਇੱਥੋਂ ਤੱਕ ਕਿ ਮਨੋਵਿਗਿਆਨਕ ਤੌਰ ਤੇ ਡਰ, ਚਿੰਤਾ ਤੇ ਬੇਚੈਨੀ ਤੋਂ ਨਿਜਾਤ ਪਾਉਣ ਦਾ ਸਰੋਤ ਬਣ ਗਈ ਹੈ। ਜਦੋਂ ਕਿ ਕੁਝ ਵਾਰੀ ਖੁਰਾਕ ਖਾਣ ਦੀ ਖੁਸ਼ੀ ਮਨਾਉਣਾ ਸਧਾਰਣ ਹੈ ਪਰ ਲੰਬੇ ਸਮੇਂ ਤੱਕ ਖਾਣ ਦੀ ਲਗਾਤਾਰ ਲਗਨ—ਖਾਸ ਕਰਕੇ ਉੱਚ-ਕੈਲੋਰੀ, ਉੱਚ-ਚਰਬੀ ਅਤੇ ਵੱਧ ਮਿਠਾਸ ਵਾਲੀਆਂ ਖੁਰਾਕਾਂ ਲੋੜ ਤੋਂ ਵੱਧ ਖੁਰਾਕ ਖਾਣ ਦੀ ਆਦਤ ਵਿੱਚ ਵਿਕਸਿਤ ਹੋ ਸਕਦੀ ਹੈ, ਜੋ ਕਿ ਇੱਕ ਵਿਹਾਰਕ ਰੋਗ ਹੈ ਜਿਸਦੇ ਪਿੱਛੇ ਜਟਿਲ ਸਰੀਰਕ ਅਤੇ ਮਨੋਵਿਗਿਆਨਕ ਕਾਰਨ ਹਨ। ਇਸ ਆਦਤ ਨੂੰ ਹੁਣ ਪੋਸ਼ਣ ਵਿਗਿਆਨੀ, ਮਨੋਵਿਗਿਆਨੀ ਮਾਹਿਰ ਅਤੇ ਨਿਊਰੋਸਾਇੰਟਿਸਟਾਂ ਦੁਆਰਾ ਮਾਦਕ ਜਾਂ ਸ਼ਰਾਬ ਦੀ ਆਦਤ ਦੇ ਸਮਾਨ ਇੱਕ ਅਸਲੀ ਆਦਤ ਦੇ ਤੌਰ 'ਤੇ ਮੰਨਿਆ ਜਾ ਰਿਹਾ ਹੈ।

**ਖੁਰਾਕ ਦੀ ਆਦਤ ਦਾ ਵਿਗਿਆਨਕ ਆਧਾਰ**

ਲੋੜ ਤੋਂ ਵੱਧ ਖੁਰਾਕ ਦੀ ਆਦਤ ਮੁੱਖ ਤੌਰ 'ਤੇ ਦਿਮਾਗ ਦੇ ਇਨਾਮ ਦੇ ਸਿਸਟਮ ਨਾਲ ਸੰਬੰਧਿਤ ਹੁੰਦੀ ਹੈ ਜੋ ਕਿ ਮਾਦਕ ਆਦਤ ਵਿੱਚ ਵੀ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਜਦੋਂ ਸੁਆਦੀ ਖੁਰਾਕਾਂ ਦਾ ਉਪਭੋਗ ਕੀਤਾ ਜਾਂਦਾ ਹੈ ਉਹ ਡੋਪਾਮਾਈਨ ਜੋ ਕਿ ਖੁਸ਼ੀ ਦਾ ਰਸਾਇਣ ਹੈ, ਦੇ ਛੱਡਣ ਨੂੰ ਉਤਸ਼ਾਹਿਤ ਕਰਦੀ ਹੈ। ਇਨ੍ਹਾਂ ਖੁਰਾਕਾਂ ਦੇ ਦੁਹਰਾਅ ਨਾਲ ਦਿਮਾਗ ਨੂੰ ਇਨ੍ਹਾਂ ਦੀਆਂ ਹੋਰ ਜ਼ਿਆਦਾ ਲੋੜਾਂ ਹੁੰਦੀਆਂ ਹਨ। ਸਮੇਂ ਦੇ ਨਾਲ ਦਿਮਾਗ ਦੇ ਇਨਾਮ ਦਾ ਥ੍ਰੈਸ਼ਹੋਲਡ ਵੱਧਦਾ ਹੈ, ਜਿਸ ਨਾਲ ਵੱਡੀ ਮਾਤਰਾ ਜਾਂ ਹੋਰ ਵਾਰ ਖਾਣ ਦੀ ਲੋੜ ਹੁੰਦੀ ਹੈ ਤਾਂ ਜੋ ਉਹੀ ਖੁਸ਼ੀ ਪ੍ਰਾਪਤ ਕੀਤੀ ਜਾ ਸਕੇ—ਇਹ ਇੱਕ ਮਾਦਕ ਪਦਾਰਥ ਦੇ ਸਮਾਨ ਹੁੰਦਾ ਹੈ।

ਇਸ ਤੋਂ ਇਲਾਵਾ ਦਿਮਾਗ ਵਿੱਚ ਓਪੀਓਇਡ ਰਿਸਪਟਰਾਂ ਨੂੰ ਚਰਬੀ ਅਤੇ ਮਿਠਾਸ ਦੁਆਰਾ ਸਰਗਰਮ ਕੀਤਾ ਜਾਂਦਾ ਹੈ ਜੋ ਕਿ ਲਗਾਤਾਰ ਖੁਰਾਕ ਖਾਣ ਦੀ ਵਰਤੋਂ ਨੂੰ ਹੋਰ ਮਜ਼ਬੂਤ ਕਰਦਾ ਹੈ। ਇਹ ਨਿਊਰੋਕੈਮਿਕਲ ਪਰਸਪਰ ਸੰਬੰਧ ਸਮਝਾਉਂਦਾ ਹੈ ਕਿ ਕਿਉਂ ਲੋੜ ਤੋਂ ਵੱਧ ਖੁਰਾਕ ਦੀ ਆਦਤ ਵਾਲੇ ਵਿਅਕਤੀ ਨੂੰ ਖੁਰਾਕ ਛੱਡਣ ਦੀ ਕੋਸ਼ਿਸ਼ ਕਰਨ ਵੇਲੇ ਮਨੋਵਿਗਿਆਨਕ ਲੱਛਣਾਂ ਦਾ ਸਾਹਮਣਾ ਕਰਦੇ ਹਨ ਜਿਵੇਂ ਕਿ ਚਿੜਚਿੜਾਪਨ, ਚਿੰਤਾ ਅਤੇ ਥਕਾਵਟ।

**ਲੋੜ ਤੋਂ ਵੱਧ ਖੁਰਾਕ ਦੀ ਆਦਤ ਦੇ ਸੰਭਾਵਿਤ ਕਾਰਨ**

**1. ਨਿਊਰੋਕੈਮਿਕਲ ਅਸੰਤੁਲਨ:**

ਡੋਪਾਮਾਈਨ ਅਤੇ ਸਿਰੋਟੋਨਿਨ ਦੇ ਪੱਧਰਾਂ ਵਿੱਚ ਅਸੰਤੁਲਨ ਖਾਣ ਦੀਆਂ ਆਦਤਾਂ ਲਈ ਸੰਵੇਦਨਾ ਵੱਧਾ ਸਕਦਾ ਹੈ।

**2. ਭਾਵਨਾਤਮਕ ਅਤੇ ਮਨੋਵਿਗਿਆਨਕ ਪ੍ਰੇਰਕ:**

ਭਾਵਨਾਤਮਕ ਪਰੇਸ਼ਾਨੀ, ਚਿੰਤਾ, ਇਕੱਲਾਪਣ ਅਤੇ ਡਿਪ੍ਰੇਸ਼ਨ ਅਕਸਰ ਵਿਅਕਤੀਆਂ ਨੂੰ ਮਾਨਸਿਕ ਆਰਾਮ ਕਰਨ ਲਈ ਖਾਣ ਵੱਲ ਧੱਕਦੇ ਹਨ।

**3. ਜੈਨੇਟਿਕ ਕਾਰਨ:**

ਜੈਨੇਟਿਕ ਅਧਿਐਨਾਂ ਦਿਖਾਉਂਦੇ ਹਨ ਕਿ ਕੁਝ ਵਿਅਕਤੀਆਂ ਕੋਲ ਅਜਿਹੇ ਗੁਣ ਹੋ ਸਕਦੇ ਹਨ ਜੋ ਉਨ੍ਹਾਂ ਦੇ ਇਨਾਮ ਦੇ ਸਿਸਟਮ ਨੂੰ ਖੁਰਾਕ ਦੇ ਪ੍ਰੇਰਕਾਂ ਵੱਲ ਹੋਰ ਸੰਵੇਦਸ਼ੀਲ ਬਣਾਉਂਦੇ ਹਨ।

**4. ਵਾਤਾਵਰਨ ਅਤੇ ਸਮਾਜਿਕ ਕਾਰਕ:**

ਫਾਸਟ ਫੂਡ ਆਊਟਲੈੱਟਸ ਦੀ ਭੂਮਿਕਾ, ਪ੍ਰੇਰਕ ਮਾਰਕੀਟਿੰਗ ਅਤੇ ਵਧੀਆ ਖਾਣ ਨੂੰ ਸਮਾਜਿਕ ਰੂਪ ਵਿੱਚ ਸਵੀਕਾਰ ਕਰਨਾ ਲੋੜ ਤੋਂ ਵੱਧ ਖੁਰਾਕ ਦੀ ਆਦਤ ਦੇ ਵਿਕਾਸ ਨੂੰ ਤੇਜ਼ ਕਰਦਾ ਹੈ।

**5. ਬੱਚਪਨ ਦੀ ਆਦਤ:**

ਪ੍ਰੋਸੈਸ ਕੀਤੀ ਗਈ ਖੁਰਾਕਾਂ ਦੀ ਵਰਤੋਂ ਅਤੇ ਬੱਚਿਆਂ ਵਿੱਚ ਇਨਾਮ ਵਜੋਂ ਖਾਣ ਦੀ ਵਰਤੋਂ ਜੀਵਨ ਭਰ ਦੇ ਪੈਟਰਨਾਂ ਨੂੰ ਪ੍ਰੋਗ੍ਰਾਮ ਕਰ ਸਕਦੀ ਹੈ।

ਲੋੜ ਤੋਂ ਵੱਧ ਖੁਰਾਕ ਦੀ ਆਦਤ ਨੂੰ ਤੇਜ਼ ਕਰਨ ਵਾਲੇ ਕਾਰਕ

**ਪ੍ਰੋਸੈੱਸ ਕੀਤੀਆਂ ਗਈਆਂ ਖੁਰਾਕਾਂ:**

ਇਹ ਉਹ ਖੁਰਾਕਾਂ ਹਨ ਜੋ ਮਿਠਾਸ, ਨਮਕ ਅਤੇ ਚਰਬੀ ਦੇ ਸੰਯੋਜਨਾਂ ਨੂੰ ਸ਼ਾਮਲ ਕਰਦੀਆਂ ਹਨ, ਜੋ ਵਿਗਿਆਨਕ ਤੌਰ 'ਤੇ ਆਦਤ ਬਣਾਉਣ ਵਾਲੇ ਆਨੰਦ ਦੇ ਪ੍ਰਤੀਕ੍ਰਿਆਵਾਂ ਨੂੰ ਉਤਸ਼ਾਹਿਤ ਕਰਨ ਲਈ ਇੰਜੀਨੀਅਰ ਕੀਤੀਆਂ ਜਾਂਦੀਆਂ ਹਨ।

**ਤਣਾਅ ਅਤੇ ਨੀਂਦ ਦੀ ਕਮੀ:**

ਲੰਮੇ ਸਮੇਂ ਦੇ ਤਣਾਅ ਕਾਰਟਿਸੋਲ ਦੇ ਪੱਧਰਾਂ ਨੂੰ ਵੱਧਾਉਂਦਾ ਹੈ, ਜਿਸ ਨਾਲ ਉੱਚ ਕੈਲੋਰੀ ਵਾਲੀਆਂ ਆਰਾਮਦਾਇਕ ਖੁਰਾਕਾਂ ਦੀ ਖ਼ਾਹਿਸ਼ ਹੁੰਦੀ ਹੈ।

**ਡਿਜੀਟਲ ਪ੍ਰਭਾਵ:**

ਸੋਸ਼ਲ ਮੀਡੀਆ ਰਾਹੀਂ ਖੁਰਾਕ ਦੀਆਂ ਖੂਬੀਆਂ ਦਾ ਲਗਾਤਾਰ ਸਾਹਮਣਾ ਕਰਨ ਨਾਲ ਅਚੇਤਨ ਖ਼ਾਹਿਸ਼ਾਂ ਵੱਧਦੀਆਂ ਹਨ।

**ਸੁਸਤ ਜੀਵਨ ਸ਼ੈਲੀ:**

ਸਰੀਰਕ ਗਤੀਵਿਧੀ ਦੀ ਕਮੀ ਕੁਦਰਤੀ ਡੋਪਾਮਾਈਨ ਦੇ ਛੱਡਣ ਨੂੰ ਘੱਟਾਉਂਦੀ ਹੈ ਜਿਸ ਨਾਲ ਦਿਮਾਗ ਖਾਣ ਦੁਆਰਾ ਉਤਸ਼ਾਹ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

**ਖ਼ਤਰੇ ਦੇ ਕਾਰਕ ਅਤੇ ਸਿਹਤ ਦੇ ਨਤੀਜ਼ੇ**

ਖੁਰਾਕ ਦੀ ਆਦਤ ਬਹੁਤ ਸਾਰੇ ਮੈਡੀਕਲ ਅਤੇ ਮਨੋਵਿਗਿਆਨਕ ਖ਼ਤਰਿਆਂ ਨਾਲ ਸੰਬੰਧਿਤ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਮੋਟਾਪਾ ਅਤੇ ਮੈਟਾਬੋਲਿਕ ਸਿੰਡ੍ਰੋਮ: ਜੋ ਕਿ ਕੈਲੋਰੀ-ਘਣੇ ਖੁਰਾਕਾਂ ਦੇ ਲਗਾਤਾਰ ਉਪਭੋਗ ਕਾਰਨ ਹੁੰਦਾ ਹੈ।
- ਟਾਈਪ 2 ਡਾਇਬਟੀਜ਼ ਅਤੇ ਦਿਲ ਦੀਆਂ ਬਿਮਾਰੀਆਂ: ਜੋ ਕਿ ਸਰੀਰ ਨੂੰ ਇੰਸੁਲਿਨ ਬਣਾਉਣ ਵਿੱਚ ਰੁਕਾਵਟ ਅਤੇ ਵੱਧ ਚਰਬੀ ਦੀ ਖ਼ਪਤ ਕਾਰਨ ਦਿਲ ਦੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ।
- ਪੇਟ ਨਾਲ ਸਬੰਧਤ ਬਿਮਾਰੀਆਂ: ਜਿਸ ਵਿੱਚ ਐਸਿਡ ਰੀਫਲਕਸ, ਚਰਬੀ ਵਾਲਾ ਜਿਗਰ ਅਤੇ ਗਟ ਮਾਈਕ੍ਰੋਬਾਇਓਮ ਦਾ ਅਸੰਤੁਲਨ ਸ਼ਾਮਿਲ ਹੈ।
- ਮਾਨਸਿਕ ਸਿਹਤ ਵਿੱਚ ਕਮੀ: ਖੁਰਾਕ ਦੀ ਆਦਤ ਵਾਲੇ ਵਿਅਕਤੀਆਂ ਵਿੱਚ ਚਿੰਤਾ, ਡਰ, ਬੇਚੈਨੀ, ਅਫ਼ਸੋਸ ਅਤੇ ਘੱਟ ਆਤਮ-ਵਿਸ਼ਵਾਸ਼ ਦੇ ਉੱਚ ਦਰਾਂ ਦਾ ਸਾਹਮਣਾ ਕੀਤਾ ਜਾਂਦਾ ਹੈ।
- ਜੀਵਨ ਦੀ ਗੁਣਵੱਤਾ ਵਿੱਚ ਕਮੀ: ਕਿਉਂਕਿ ਇਹ ਆਦਤ ਉਤਪਾਦਕਤਾ, ਰਿਸ਼ਤਿਆਂ ਅਤੇ ਸਮੂਹਿਕ ਸੁਖ-ਸਮ੍ਰਿਧੀ ਵਿੱਚ ਰੁਕਾਵਟ ਪੈਂਦੀ ਹੈ।

**ਖੁਰਾਕ ਦੀ ਆਦਤ 'ਤੇ ਕਾਬੂ ਪਾਉਣਾ**

**1. ਕੋਗਨਿਟਿਵ ਬਿਹੇਵਿਅਰਲ ਥੈਰੇਪੀ (CBT):**

ਇਹ ਥੈਰੇਪੀ ਮਰੀਜ਼ਾਂ ਨੂੰ ਖੁਰਾਕ ਨਾਲ ਸੰਬੰਧਿਤ ਵਿਕਾਰਿਤ ਵਿਚਾਰਾਂ ਅਤੇ ਭਾਵਨਾਤਮਕ ਪ੍ਰੇਰਕਾਂ ਨੂੰ ਪਛਾਣਣ ਅਤੇ ਬਦਲਣ ਵਿੱਚ ਮਦਦ ਕਰਦੀ ਹੈ।

**2. ਪੋਸ਼ਣ ਪੁਨਰਵਾਸ:**

ਸੰਤੁਲਿਤ ਖੁਰਾਕਾਂ ਨੂੰ ਅਪਨਾਉਣਾ, ਜੋ ਕਿ ਮੋਟੇ ਅਨਾਜ, ਪ੍ਰੋਟੀਨ, ਫ਼ਲ ਅਤੇ ਸਬਜ਼ੀਆਂ ਨਾਲ ਭਰਪੂਰ ਹੁੰਦੀ ਹੈ, ਬਲੱਡ ਸ਼ੂਗਰ ਨੂੰ ਸਥਿਰ ਕਰਦੀ ਹੈ ਅਤੇ ਖ਼ਾਹਿਸ਼ਾਂ ਨੂੰ ਘੱਟਾਉਂਦੀ ਹੈ।

**3. ਮਾਈਂਡਫੁਲ ਈਟਿੰਗ ਪ੍ਰੈਕਟਿਸ:**

ਇਹ ਆਦਤ ਭੁੱਖ ਦੇ ਸੰਕੇਤਾਂ, ਭਾਗਾਂ ਦੇ ਨਿਯੰਤਰਣ ਅਤੇ ਹੌਲੀ-ਹੌਲੀ ਖਾਣ ਦਾ ਅਨੁਭਵ ਕਰਨ ਲਈ ਜਾਗਰੂਕਤਾ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਖਾਣ ਨਾਲ ਇੱਕ ਸਿਹਤਮੰਦ ਸੰਬੰਧ ਮੁੜ ਬਣਦਾ ਹੈ।

**4. ਸਿਹਤ ਸੰਭਾਲ:**

ਗੰਭੀਰ ਮਾਮਲਿਆਂ ਵਿੱਚ, ਐਂਟੀ-ਖ਼ਾਹਿਸ਼ ਦਵਾਈਆਂ ਜਾਂ ਐਂਟੀਡਿਪ੍ਰੈਸੈਂਟ ਦਵਾਈਆਂ ਸਿਹਤ ਮਾਹਿਰਾਂ ਦੀ ਨਿਗਰਾਨੀ ਹੇਠ ਲਿਖੀਆਂ ਜਾ ਸਕਦੀਆਂ ਹਨ।

**5. ਸਰੀਰਕ ਗਤੀਵਿਧੀ:**

ਨਿਯਮਿਤ ਕਸਰਤ ਕੁਦਰਤੀ ਤੌਰ 'ਤੇ ਡੋਪਾਮਾਈਨ ਦੀ ਸੰਵੇਦਸ਼ੀਲਤਾ ਨੂੰ ਵੱਧਾਉਂਦਾ ਹੈ ਜੋ ਕਿ ਖਾਣ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਆਨੰਦ ਦਾ ਇੱਕ ਸਿਹਤਮੰਦ ਵਿਕਲਪ ਪ੍ਰਦਾਨ ਕਰਦਾ ਹੈ।

**6. ਸਮਾਜਿਕ ਅਤੇ ਪਰਿਵਾਰਕ ਸਹਾਇਤਾ:**

ਸਾਥੀ ਸਮੂਹਾਂ ਨਾਲ ਸਲਾਹ ਅਤੇ ਪਰਿਵਾਰ ਦੀ ਸ਼ਮੂਲੀਅਤ ਲੰਬੇ ਸਮੇਂ ਦੇ ਪੁਨਰਵਾਸ ਅਤੇ ਦੁਬਾਰਾ ਹੋਣ ਤੋਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਖੁਰਾਕ ਦੀ ਆਦਤ ਨਿਊਰੋਸਾਇੰਸ, ਮਨੋਵਿਗਿਆਨਕ ਅਤੇ ਜਨ ਸਿਹਤ ਦੀਆਂ ਬਰੂਹਾਂ 'ਤੇ ਖੜ੍ਹੀ ਹੈ ਜੋ ਕਿ ਮਨੁੱਖੀ ਦਿਮਾਗ ਦੀਆਂ ਜ਼ਰੂਰਤਾਂ ਅਤੇ ਆਧੁਨਿਕ ਸਮਾਜ ਦੀ ਜੀਵਨ ਸ਼ੈਲੀ ਨੂੰ ਦਰਸਾਉਂਦੀ ਹੈ। ਇਸਨੂੰ ਇੱਕ ਵਾਜਬ ਰੋਗ ਵਜੋਂ ਪਛਾਣਨਾ ਪ੍ਰਭਾਵਸ਼ਾਲੀ ਦਖਲਅੰਦਾਜ਼ੀ ਵੱਲ ਪਹਿਲਾ ਕਦਮ ਹੈ। ਖੁਰਾਕ ਦੀ ਆਦਤ ਦਾ ਹੱਲ ਕਰਨ ਲਈ ਇਕ ਬਹੁ-ਪੱਖੀ ਰਣਨੀਤੀ ਦੀ ਲੋੜ ਹੈ ਜਿਸ ਵਿੱਚ ਮੈਡੀਕਲ ਇਲਾਜ , ਮਨੋਵਿਗਿਆਨਿਕ ਸਹਾਇਤਾ, ਨੀਤੀ ਸੁਧਾਰ ਅਤੇ ਸਮਾਜਿਕ ਜਾਗਰੂਕਤਾ ਸ਼ਾਮਲ ਹਨ।

ਇੱਕ ਐਸੀ ਦੁਨੀਆ ਵਿੱਚ ਜਿੱਥੇ ਖੁਰਾਕ ਹਰ ਜਗ੍ਹਾ ਮੌਜੂਦ ਹੈ ਪਰ ਆਪਣੇ ਆਪ ਨੂੰ ਨਿਯੰਤ੍ਰਿਤ ਕਰਨਾ ਮੁਸ਼ਕਿਲ ਹੈ,ਲੋੜ ਤੋਂ ਵੱਧ ਖੁਰਾਕ ਦੀ ਆਦਤ ਨੂੰ ਸਮਝਣਾ ਅਤੇ ਇਸਦੇ ਖਿਲਾਫ ਲੜਨਾ ਸ਼ਾਇਦ ਮਨੁੱਖਤਾ ਲਈ ਆਧੁਨਿਕ ਯੁੱਗ ਦੀ ਸਭ ਤੋਂ ਮਹੱਤਵਪੂਰਨ ਸਿਹਤ ਚੁਣੌਤੀ ਅਤੇ ਜਿੱਤ ਹੋ ਸਕਦਾ ਹੈ।



ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ

# ਕਿਸੇ ਵਰਦਾਨ ਤੋਂ ਘੱਟ ਨਹੀਂ ਹਨ ਨਿੰਬੂ ਦੇ ਛਿਲਕੇ, ਮਿਲਣਗੇ 7 ਸ਼ਾਨਦਾਰ ਫਾਇਦੇ



ਨਿੰਬੂ ਦਾ ਸਿਰਫ਼ ਜ਼ਿਕਰ ਹੀ ਇੱਕ ਖੱਟੀ ਅਤੇ ਤਾਜ਼ਗੀ ਭਰੀ ਖੁਸ਼ਬੂ ਪੈਦਾ ਕਰਦਾ ਹੈ ਪਰ ਨਿੰਬੂ ਦੇ ਉਪਯੋਗ ਸਿਰਫ਼ ਇਸਦੇ ਰਸ ਤੱਕ ਸੀਮਿਤ ਨਹੀਂ ਹਨ। ਇਸਦੇ ਛਿਲਕੇ ਵਿੱਚ ਸਿਹਤ, ਸੁੰਦਰਤਾ ਅਤੇ ਘਰੇਲੂ ਸਫਾਈ ਲਈ ਵੀ ਬਹੁਤ ਸਾਰੇ ਕੀਮਤੀ ਗੁਣ ਹੁੰਦੇ ਹਨ। ਅਸੀਂ ਆਮ ਤੌਰ 'ਤੇ ਨਿੰਬੂ ਦਾ ਰਸ ਕੱਢਣ ਤੋਂ ਬਾਅਦ ਛਿਲਕੇ ਨੂੰ ਸੁੱਟ ਦਿੰਦੇ ਹਾਂ, ਪਰ ਇਹੀ ਛਿਲਕਾ ਕਈ ਬਿਮਾਰੀਆਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ ਅਤੇ ਬਹੁਤ ਸਾਰੇ ਕੰਮਾਂ ਨੂੰ ਸੌਖਾ ਬਣਾਉਂਦਾ ਹੈ।

**ਨਿੰਬੂ ਦੇ ਛਿਲਕੇ ਦੇ 7 ਸ਼ਾਨਦਾਰ ਫਾਇਦੇ**

ਨਿੰਬੂ ਦਾ ਛਿਲਕਾ ਵਿਟਾਮਿਨ ਸੀ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ। ਇਹ ਸਰੀਰ ਦੀ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਦਾ ਹੈ ਅਤੇ ਜ਼ੁਕਾਮ ਅਤੇ ਫਲੂ ਵਰਗੀਆਂ ਮੌਸਮੀ ਬਿਮਾਰੀਆਂ ਤੋਂ ਬਚਾਉਂਦਾ ਹੈ।

**2. ਜ਼ਹਿਰੀਲੇ ਪਦਾਰਥਾਂ ਨੂੰ ਦੂਰ ਕਰਦਾ ਹੈ**

ਨਿੰਬੂ ਦਾ ਛਿਲਕਾ ਸਰੀਰ ਨੂੰ ਡੀਟੌਕਸੀਫਾਈ ਕਰਨ ਵਿੱਚ ਮਦਦ ਕਰਦਾ ਹੈ। ਇਸ ਵਿੱਚ ਮੌਜੂਦ ਸਿਟਰਿਕ ਐਸਿਡ ਇੱਕ ਸਿਹਤਮੰਦ ਪਾਚਨ ਪ੍ਰਣਾਲੀ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਜਿਗਰ ਨੂੰ ਸਾਫ਼ ਕਰਦਾ ਹੈ।

**3. ਦੰਦਾਂ ਨੂੰ ਚਮਕਦਾਰ ਬਣਾਉਣਾ**

ਨਿੰਬੂ ਦੇ ਛਿਲਕੇ ਵਿੱਚ ਕੁਦਰਤੀ ਬਲੀਚਿੰਗ ਏਜੰਟ ਹੁੰਦੇ ਹਨ। ਇਸਨੂੰ ਦੰਦਾਂ 'ਤੇ ਹੌਲੀ-ਹੌਲੀ ਰਗੜਨ ਨਾਲ ਪੀਲਾਪਨ ਦੂਰ ਹੁੰਦਾ ਹੈ ਅਤੇ ਸਾਹ ਦੀ ਬਦਬੂ ਦੂਰ ਹੁੰਦੀ ਹੈ।

**4. ਚਮਕਦਾਰ ਸਕਿਨ**

ਛਿਲਕੇ ਵਿੱਚ ਮੌਜੂਦ ਵਿਟਾਮਿਨ ਸੀ ਮਰੇ ਹੋਏ ਸਕਿਨ ਦੇ ਸੈੱਲਾਂ ਨੂੰ ਹਟਾਉਂਦਾ ਹੈ ਅਤੇ ਇਸਨੂੰ ਇੱਕ ਕੁਦਰਤੀ ਚਮਕ ਦਿੰਦਾ ਹੈ। ਤੁਸੀਂ ਇਸ ਦੇ ਪਾਊਡਰ ਨੂੰ ਵੇਸਣ ਜਾਂ ਦਹੀਂ ਨਾਲ ਮਿਲਾ ਕੇ ਫੇਸ ਪੈਕ ਵਜੋਂ ਵਰਤ ਸਕਦੇ ਹੋ।

**5. ਘਰ ਦੀ ਸਫਾਈ ਵਿੱਚ ਪ੍ਰਭਾਵਸ਼ਾਲੀ**

ਨਿੰਬੂ ਦਾ ਛਿਲਕਾ ਇੱਕ ਕੁਦਰਤੀ ਕਲੀਨਰ ਵਜੋਂ ਕੰਮ ਕਰਦਾ ਹੈ। ਇਸਨੂੰ ਸਿਰਕੇ ਜਾਂ ਬੇਕਿੰਗ ਸੋਡੇ ਨਾਲ ਮਿਲਾ ਕੇ ਵਰਤਣ ਨਾਲ ਟਾਈਲਾਂ ਅਤੇ ਸਿੰਕਾਂ ਤੋਂ ਵੀ ਜ਼ਿੱਦੀ ਗੰਦਗੀ ਸਾਫ਼ ਕੀਤੀ ਜਾ ਸਕਦੀ ਹੈ।

**6. ਮੱਛਰਾਂ ਅਤੇ ਕੀੜਿਆਂ ਨੂੰ ਦੂਰ ਕਰਦਾ ਹੈ**

ਛਿਲਕੇ ਦੀ ਖੁਸ਼ਬੂ ਵਿੱਚ ਕੁਦਰਤੀ ਤੇਲ ਮੱਛਰਾਂ ਅਤੇ ਕੀੜਿਆਂ ਨੂੰ ਦੂਰ ਕਰਦੇ ਹਨ। ਸੁੱਕੇ ਛਿਲਕੇ ਨੂੰ ਰਾਤ ਨੂੰ ਕਮਰੇ ਵਿੱਚ ਰੱਖਣ ਨਾਲ ਲਾਭਦਾਇਕ ਹੁੰਦਾ ਹੈ।

**7. ਭੋਜਨ ਵਿੱਚ ਸੁਆਦ ਅਤੇ ਖੁਸ਼ਬੂ ਵਧਾਉਂਦਾ ਹੈ**

ਸੁੱਕੇ ਨਿੰਬੂ ਦੇ ਛਿਲਕੇ ਨੂੰ ਪੀਸ ਕੇ ਮਸਾਲਿਆਂ ਜਾਂ ਬੇਕਿੰਗ ਪਕਵਾਨਾਂ ਵਿੱਚ ਪਾਉਣ ਨਾਲ ਸੁਆਦ ਅਤੇ ਖੁਸ਼ਬੂ ਦੋਵਾਂ ਵਿੱਚ ਵਾਧਾ ਹੁੰਦਾ ਹੈ।

**ਧਿਆਨ ਰੱਖੋ:**

ਨਿੰਬੂ ਦੇ ਛਿਲਕੇ ਦੀ ਵਰਤੋਂ ਕਰਨ ਤੋਂ ਪਹਿਲਾਂ, ਕਿਸੇ ਵੀ ਰਸਾਇਣ ਜਾਂ ਮੋਮ ਦੇ ਪਰਤ ਨੂੰ ਹਟਾਉਣ ਲਈ ਇਸਨੂੰ ਚੰਗੀ ਤਰ੍ਹਾਂ ਧੋਵੋ।

# ਅੱਖਾਂ ਦੇ ਸਕਦੀਆਂ ਹਨ ਉਮਰ ਵਧਣ ਤੇ ਦਿਲ ਦੀ ਬਿਮਾਰੀ ਦੇ ਖ਼ਤਰੇ ਦੀ ਜਾਣਕਾਰੀ, ਕੈਨੇਡੀਅਨ ਖੋਜੀਆਂ ਨੇ ਕੀਤਾ ਖੁਲਾਸਾ



ਓਟਾਵਾ : ਕੈਨੇਡੀਅਨ ਖੋਜੀਆਂ ਨੇ ਪਾਇਆ ਹੈ ਕਿ ਅੱਖਾਂ 'ਚ ਛੋਟੀਆਂ ਖ਼ੂਨ ਦੀਆਂ ਨਾੜੀਆਂ ਦਾ ਸਕੈਨ ਕਰਨਾ ਕਿਸੇ ਵਿਅਕਤੀ ਨੂੰ ਦਿਲ ਦੀ ਬਿਮਾਰੀ ਦੇ ਖ਼ਤਰੇ ਤੇ ਉਸਦੀ ਉਮਰ ਵਧਣ ਦੀ ਰਫ਼ਤਾਰ ਦੀ ਭਵਿੱਖਬਾਣੀ ਕਰਨ 'ਚ ਮਦਦ ਕਰ ਸਕਦਾ ਹੈ। ਇਹ ਅਧਿਐਨ ਜਰਨਲ ਸਾਇੰਸ ਐਡਵਾਂਸਿਜ਼ 'ਚ ਪ੍ਰਕਾਸ਼ਿਤ ਹੋਇਆ ਹੈ। ਕੈਨੇਡਾ ਦੀ ਮੈਕਮਾਸਟਰ ਯੂਨੀਵਰਸਿਟੀ ਦੇ ਮੈਡੀਸਿਨ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਮੈਰੀ ਪਿਗੇਅਰ ਨੇ ਕਿਹਾ ਕਿ ਰੇਟੀਨਾ ਸਕੈਨ, ਅਨੁਵੰਸ਼ਿਕੀ ਤੇ ਖ਼ੂਨ ਦੇ ਬਾਇਓਮਾਰਕਰਾਂ ਨੂੰ ਜੋੜ ਕੇ ਅਸੀਂ ਪਰਮਾਣੂ ਮਾਰਗਾਂ ਦਾ ਪਤਾ ਲਗਾਇਆ ਹੈ, ਜੋ ਇਹ ਸਮਝਾਉਣ 'ਚ ਮਦਦ ਕਰਦੇ ਹਨ ਕਿ ਉਮਰ ਵਧਣ ਨਾਲ ਨਾੜੀਆਂ ਦੀ ਪ੍ਰਣਾਲੀ 'ਤੇ ਕੀ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਅੱਖ ਸਰੀਰ ਦੇ ਸੰਚਾਰ ਤੰਤਰ ਦਾ ਅਨੋਖਾ, ਗ਼ੈਰ-ਹਮਲਾਵਰ ਨਜ਼ਾਰਾ ਦਿੰਦੀ ਹੈ। ਰੇਟੀਨਾ ਦੀਆਂ ਖ਼ੂਨ ਦੀਆਂ ਨਾੜੀਆਂ 'ਚ ਹੋਣ ਵਾਲੀਆਂ ਤਬਦੀਲੀਆਂ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਅਧਿਐਨ ਲਈ ਟੀਮ ਨੇ 74 ਹਜ਼ਾਰ ਤੋਂ ਵੱਧ ਉਮੀਦਵਾਰਾਂ ਦੇ ਰੇਟੀਨਾ ਸਕੈਨ, ਅਨੁਵੰਸ਼ਿਕ ਡਾਟਾ ਤੇ ਖ਼ੂਨ ਦੇ ਨਮੂਨਿਆਂ ਦੇ ਵਿਸ਼ਲੇਸ਼ਣ ਨੂੰ ਇਕੱਠੇ ਮਿਲਾਇਆ।

ਸੌਖੀਆਂ ਤੇ ਘੱਟ ਸ਼ਾਖਾਵਾਂ ਵਾਲੀਆਂ ਖ਼ੂਨ ਦੀਆਂ ਨਾੜੀਆਂ ਵਾਲੇ ਲੋਕਾਂ 'ਚ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਪਾਇਆ ਗਿਆ ਤੇ ਉਨ੍ਹਾਂ 'ਚ ਜੈਵਿਕ ਬੁਢਾਪੇ ਦੇ ਲੱਛਣ, ਜਿਵੇਂਕ ਕਿ ਵੱਧ ਸੋਜ ਤੇ ਘੱਟ ਜੀਵਨਕਾਲ ਦਿਖਾਈ ਦਿੱਤੇ। ਮੌਜੂਦਾ ਸਮੇਂ 'ਚ ਦਿਲ ਦੀਆਂ ਬਿਮਾਰੀਆਂ, ਸਟ੍ਰੋਕ ਤੇ ਡਿਮੈਂਸ਼ੀਆ ਵਰਗੀਆਂ ਬਿਮਾਰੀਆਂ ਦਾ ਅੰਦਾਜ਼ਾ ਲਗਾਉਣ ਲਈ ਕਈ ਪ੍ਰੀਖਣਾਂ ਦੀ ਲੋੜ ਹੁੰਦੀ ਹੈ। ਉਮੀਦ ਹੈ ਕਿ ਅਖ਼ੀਰ 'ਚ ਸਿਰਫ ਰੇਟੀਨਾ ਸਕੈਨ ਦੀ ਵਰਤੋਂ ਕਰ ਕੇ ਬੁਢਾਪਾ ਤੇ ਦਿਲ ਸਬੰਧੀ ਖ਼ਤਰੇ ਦਾ ਅੰਦਾਜ਼ਾ ਲਗਾਉਣ ਲਈ ਇਕ ਸੌਖੇ ਤਰੀਕੇ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ। ਹਾਲਾਂਕਿ, ਇਸ 'ਤੇ ਹੋਰ ਜ਼ਿਆਦਾ ਖੋਜ ਦੀ ਲੋੜ ਹੈ।












# ਰਾਸ਼ੀਫਲ

**ਮੇਖ :** ਦਿਨ ਦੀ ਸ਼ੁਰੂਆਤ ਤੁਸੀ ਯੋਗ ਅਤੇ ਧਿਆਨ ਨਾਲ ਕਰ ਸਕਦੇ ਹੋ ਅਜਿਹਾ ਕਰਨਾ ਤੁਹਾਡੇ ਲਈ ਲਾਭਦਾਇਕ ਰਹੇਗਾ ਅਤੇ ਸਾਰਾ ਦਿਨ ਤੁਹਾਡੇ ਵਿਚ ਤਾਕਤ ਦੀ ਦਰ ਇਕਮਿਕ ਰਹੇਗੀ। ਜੋ ਲੋਕ ਟੈਕਸ ਦੀ ਚੋਰੀ ਕਰਦੇ ਹਨ ਅੱਜ ਉਹ ਵੱਡੀ ਮੁਸ਼ਕਿਲ ਵਿਚ ਪੈ ਸਕਦੇ ਹਨ ਇਸ ਲਈ ਤੁਹਾਨੂੰ ਇਹ ਲਾਹ ਦਿੱਤੀ ਜਾਂਦੀ ਹੈ ਕਿ ਟੈਕਸ ਦੀ ਚੋਰੀ ਨਾ ਕਰੋ। ਵਿਆਹਕ ਸਬੰਧ ਵਿਚ ਬੰਧਨ ਲਈ ਚੰਗਾ ਸਮਾਂ ਹੈ। ਆਪਣੇ ਪਿਆਰ ਦੇ ਨਾਲ ਸੈਰ ਸਪਾਟੇ ਤੇ ਜਾਂਦੇ ਸਮੇਂ ਬੀਤੇ ਅਨੁਭਵਾਂ ਨੂੰ ਸ਼ਿੱਦਤ ਨਾਲ ਜੀਵੋ। ਰਿਸ਼ਤੇਦਾਰ ਤੁਹਾਡੇ ਲਈ ਵਿਕਾਸ ਅਤੇ ਖੁਸ਼ਹਾਲੀ ਲਈ ਤਾਜੇ ਪ੍ਰਸਤਾਵ ਲੈ ਕੇ ਆਉਂਦਾ ਹੈ। ਜੇਕਰ ਤੁਸੀ ਵਿਆਹੇ ਵਰੇ ਹੋ ਅਤੇ ਤੁਹਾਡੇ ਬੱਚੇ ਵੀ ਹਨ ਤਾਂ ਉਹ ਅੱਜ ਸ਼ਿਕਾਇਤ ਕਰ ਸਕਦੇ ਹਨ ਕਿ ਤੁਸੀ ਉਨਾਂ ਨੂੰ ਸਹੀ ਸਮਾਂ ਨਹੀਂ ਦੇ ਪਾ ਰਹੇ। ਅੱਜ ਤੁਹਾਡੇ ਵਿਵਾਹਿਕ ਜੀਵਨ ਦੇ ਸਭ ਤੋਂ ਚੰਗੇ ਦਿਨਾਂ ਵਿਚੋਂ ਇਕ ਹੋ ਸਕਦਾ ਹੈ।

**ਬ੍ਰਿਸ਼ਭ:** ਘਰ ਵਿਚ ਕੰਮ ਕਰਦੇ ਸਮੇਂ ਖਾਸ ਸਾਵਧਾਨੀ ਵਰਤੋ । ਘਰੇਲੂ ਚੀਜਾਂ ਨੂੰ ਲਾਪਰਵਾਹੀ ਨਾਲ ਇਸਤੇਮਾਲ ਕਰਨਾ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ। ਤੁਹਾਡੇ ਭਰਾ ਭੈਣ ਵਿਚੋਂ ਕੋਈ ਅੱਜ ਤੁਹਾਡੇ ਤੋਂ ਪੈਸੇ ਉਧਾਰ ਮੰਗ ਸਕਦਾ ਹੈ ਤੁਸੀ ਉਸ ਨੂੰ ਪੈਸੇ ਤਾਂ ਉਧਾਰ ਦੇ ਦੇਵੋਂਗੇ ਪਰੰਤੂ ਇਸ ਨਾਲ ਤੁਹਾਡੇ ਆਰਥਿਕ ਹਾਲਾਤ ਖਰਾਬ ਹੋ ਸਕਦੇ ਹਨ। ਬੱਚੇ ਤੁਹਾਡੇ ਘਰੇਲੂ ਕੰਮ ਕਾਰ ਨਿਪਟਾਉਣ ਵਿਚ ਮਦਦ ਕਰਨਗੇ। ਤੁਹਾਡਾ ਪ੍ਰੇਮੀ ਅੱਜ ਕੁਝ ਖਿਝਿਆ ਹੋਇਆ ਮਹਿਸੂਸ ਕਰ ਸਕਦਾ ਹੈ ਜੋ ਤੁਹਾਡੇ ਦਿਮਾਗ ਤੇ ਬੋਝ ਹੋਰ ਵਧਾ ਦੇਵੇਗਾ। ਗਹਿਰਾਈ ਨੂੰ ਸਮਝੇ ਬਿਨਾ ਕਿਸੇ ਕਾਰੋਬਾਰੀ ਕਾਨੂੰਨੀ ਦਸਤਾਵੇਜ਼ ਤੇ ਸਾਈਨ ਨਾ ਕਰੋ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅੱਜ ਤੁਸੀ ਸਭ ਲੋਕਾਂ ਨਾਲ ਦੂਰੀ ਬਣਾ ਕੇ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ ਅਜਿਹਾ ਕਰਨਾ ਤੁਹਾਡੇ ਲਈ ਸਹੀ ਹੋਵੇਗਾ ਤੁਹਾਨੂੰ ਸ਼ਾਇਦ ਤੁਹਾਡੀ ਵਿਆਹੁਤਾ ਜ਼ਿੰਦਗੀ ਬੋਰਿੰਗ ਲੱਗ ਰਹੀ ਹੋਵੇ, ਕੁਝ ਰੋਮਾਂਚਕ ਲੱਭੋ।



**ਮਿਥੁਨ:** ਕੰਮ ਦੀ ਦਬਾਅ ਵਧਣ ਨਾਲ ਹੀ ਤੁਸੀ ਮਾਨਸਿਕ ਉੱਥਲ ਪੁੱਥਲ ਅਤੇ ਦਿੱਕਤ ਮਹਿਸੂਸ ਕਰੋਂਗੇ। ਮਾਤਾ ਪਿਤਾ ਦੀ ਮਦਦ ਨਾਲ ਤੁਸੀ ਆਰਥਿਕ ਤੰਗੀ ਤੋਂ ਬਾਹਰ ਨਿਕਲਣ ਵਿਚ ਕਾਮਯਾਬ ਰਹੋਂਗੇਂ। ਗੈਰ ਜ਼ਰੂਰੀ ਚੀਜਾਂ ਤੇ ਪੈਸੇ ਖਰਚ ਕੇ ਤੁਸੀ ਆਪ ਆਪਣੇ ਜੀਨਸਾਥੀ ਨੂੰ ਨਾਰਾਜ਼ ਕਰ ਸਕਦੇ ਹੋ। ਮੋਮਬੱਤੀ ਦੀ ਰੋਸ਼ਨੀ ਵਿਚ ਆਪਣੇ ਪਿਆਰੇ ਨਾਲ ਭੋਜਨ ਸ਼ਾਂਝਾ ਕਰੋ। ਤੁਹਾਡਾ ਕਾਰੋਬਾਰ ਅਤੇ ਮੇਲ ਭਾਵ ਕਰਨ ਦੀ ਸਮੱਰਥਾ ਲਾਭਦਾਇਕ ਸਾਬਿਤ ਹੋਵੇਗੀ। ਤੁਹਾਨੂੰ ਆਪਣੇ ਘਰ ਦੇ ਛੋਟੇ ਮੈਂਬਰਾਂ ਦੇ ਨਾਲ ਸਮਾਂ ਬਿਤਾਉਣਾ ਸਿੱਖਣਾ ਚਾਹੀਦਾ ਹੈ ਜੇਕਰ ਤੁਸੀ ਅਜਿਹਾ ਨਹੀਂ ਕਰ੍ਦੇ ਤਾਂ ਤੁਸੀ ਘਰ ਵਿਚ ਸਤੰਭ ਬਣਾ ਕੇ ਪਾਉਣ ਵਿਚ ਕਾਮਯਾਬ ਨਹੀਂ ਹੋਵੋਂਗੇ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਕਰਕ :** ਘਰ ਵਿਚ ਤਣਾਵ ਦਾ ਮਾਹੌਲ ਤੁਹਾਨੂੰ ਨਾਰਾਜ਼ ਕਰ ਸਕਦਾ ਹੈ ਇਸ ਨੂੰ ਦਬਾਉਣਾ ਤੁਹਾਡੇ ਸਰੀਰਕ ਸਮੱਸਿਆਵਾਂ ਵਿਚ ਵਾਧਾ ਕਰ ਸਕਦਾ ਹੈ। ਸਰੀਰਕ ਗਤੀਵਿਧਿਆਂ ਨੂੰ ਵਧਾਕੇ ਇਸ ਤੋਂ ਛੁਟਕਾਰਾ ਪਾਉ। ਖਰਾਬ ਹਾਲਾਤਾਂ ਤੋਂ ਦੂਰ ਰਹਿਣਾ ਹੀ ਬੇਹਤਰ ਹੈ। ਅੱਜ ਤੁਸੀ ਆਸਾਨੀ ਨਾਲ ਪੂੰਜੀ ਇਕੱਠਾ ਕਰ ਸਕਦੇ ਹੋ ਲੋਕਾਂ ਨੂੰ ਦਿੱਤੇ ਪੁਰਾਣੇ ਕਰਜ ਵਾਪਿਸ ਮਿਲ ਸਕਦੇ ਹਨ ਜਾਂ ਫਿਰ ਕਿਸੇ ਨਵੀਂ ਯੋਜਨਾ ਤੇ ਲਗਾਉਣ ਲਈ ਪੈਸਾ ਦੇ ਸਕਦੇ ਹੋ। ਕਿਸੇ ਪਰਿਵਾਰਿਕ ਭੇਦ ਦਾ ਖੁਲੱਣਾ ਤੁਹਾਨੂੰ ਤੋਹਫਾ ਦੇ ਸਕਦਾ ਹੈ। ਅੱਜ ਕਾਰਡ ਤੇ ਪਿਆਰ ਦੇ ਦੁੱਖ ਦਾ ਸਾਹਮਣਾ ਕਰਨ ਦੀਆਂ ਸੰਭਾਵਨਾਵਾਂ ਹਨ। ਸਾਂਝੀਦਾਰੀ ਦੀਆਂ ਪਰਿਯੋਜਨਾਵਾਂ ਸਾਕਾਰਤਮਕ ਪਰਿਣਾਮ ਤੋਂ ਜ਼ਿਆਦਾ ਪਰੇਸ਼ਾਨੀਆਂ ਦੇਣਗੀਆਂ ਕੋਈ ਤੁਹਾਡੀ ਭੇਜਿਆ ਲਾਭ ਉਠਾ ਸਕਦਾ ਹੈ ਅਤੇ ਉਸ ਨੂੰ ਅਜਿਹਾ ਕਰਨ ਦੇਣ ਦੇ ਲਈ ਤੁਸੀ ਖੁਦ ਹੀ ਨਾਰਾਜ਼ ਹੋ ਸਕਦੇ ਹੋ। ਇਸ ਰਾਸ਼ੀ ਦੇ ਲੋਕ ਬੜੇ ਹੀ ਦਿਲਚਸਪ ਹੁੰਦੇ ਹਨ ਜੋ ਕਦੇ ਲੋਕਾਂ ਦੇ ਵਿਚ ਰਹਿ ਕੇ ਖੁਸ਼ ਰਹਿੰਦੇ ਹਨ ਤਾਂ ਕਦੇ ਇਕੱਲੇ ਵਿਚ ਹਾਲਾਂਕਿ ਇਕੱਲੇ ਸਮਾਂ ਬਿਤਾਉਣਾ ਇਨਾਂ ਆਸਾਨ ਨਹੀਂ ਹੈ ਫਿਰ ਵੀ ਅੱਜ ਦੇ ਦਿਨ ਵਿਚ ਕੁਝ ਸਮਾਂ ਤੁਸੀ ਆਪਣੇ ਲਈ ਜ਼ਰੂਰ ਕੱਢ ਲਵੋਂਗੇ। ਕਿਸੀ ਖੂਬਸੂਰਤ ਯਾਦ ਦੇ ਕਾਰਨ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਵਿਚ ਦੀ ਅਨਬਣ ਰੁਕ ਸਕਦੀ ਹੈ ਇਸ ਲਈ ਵਾਦ ਵਿਵਾਦ ਦੇ ਹਾਲਾਤ ਵਿਚ ਪੁਰਾਣੇ ਦਿਨਾਂ ਦੀ ਯਾਦਾਂ ਨੂੰ ਤਾਜ਼ਾ ਕਰਨਾ ਨਾ ਭੁੱਲੋ।

**ਸਿੰਘ:** ਸਿਹਤ ਦਾ ਧਿਆਨ ਰੱਖੋ ਅਤੇ ਵਸਤਾਂ ਨੂੰ ਵਿਅਸਥਿਤ ਕਰੋ। ਜਿਨਾਂ ਲੋਕਾਂ ਨੂੰ ਤੁਸੀ ਜਾਣਦੇ ਹੋ ਉਨਾਂ ਦੇ ਜ਼ਰੀਏ ਤੁਹਾਨੂੰ ਆਮਦਨੀ ਦੇ ਨਵੇਂ ਸੋਮੇ ਮਿਲਣਗੇ ਅਚਾਨਕ ਆਈ ਜ਼ਿੰਮੇਵਾਰੀ ਤੁਹਾਡੀ ਦਿਨ ਦੀ ਯੋਜਨਾ ਵਿਚ ਮੁਸ਼ਕਿਲ ਪਾ ਸਕਦੀ ਹੈ ਤੁਸੀ ਪਾਉਂਗੇ ਕਿ ਤੁਸੀ ਦੂਜਿਆਂ ਦੇ ਲਈ ਜ਼ਿਆਦਾ ਅਤੇ ਆਪਣੇ ਲਈ ਘੱਟ ਕਰ ਰਹੇ ਹੋ। ਤੁਹਾਨੂੰ ਆਪਣਾ ਸੁਨੇਹਾ ਆਪਣੇ ਪਿਆਰੇ ਨੂੰ ਦੇਣ ਚਾਹੀਦਾ ਹੈ ਕੱਲ੍ਹ ਤੱਕ ਬਹੁਤ ਦੇਰ ਹੋ ਸਕਦੀ ਹੈ। ਸਾਵਧਾਨੀ ਵਰਤੋ ਕੰਮ ਤੇ ਲੋਕਾਂ ਨਾਲ ਪੇਸ਼ ਆਉਂਦੇ ਸਮੇਂ ਬੁੱਧੀ ਅਤੇ ਧੀਰਜ ਰੱਖੋ। ਤੁਸੀ ਦਿਨ ਨੂੰ ਵਧੀਆ ਤਰੀਕੇ ਰਾਹੀਂ ਭਾਵ ਰੋਚਕ ਮੈਗਜ਼ੀਨ ਜਾਂ ਨਾਵਲ ਪੜ੍ਹ ਕੇ ਬਤੀਤ ਕਰ ਸਕਦੇ ਹੋ। ਤੁਹਾਡਾ ਜੀਵਨਸਾਥੀ ਅੱਜ ਸੱਚਮੁਚ ਵਧੀਆ ਮੂਡ ਵਿਚ ਹੈ। ਤੁਹਾਨੂੰ ਵਧੀਆ ਤੋਹਫਾ ਦੇ ਸਕਦਾ ਹੈ।

**ਕੰਨਿਆ:** ਉਦਾਸ ਅਤੇ ਤਨਾਵ ਮਨ ਦੀ ਸ਼ਾਤੀ ਨੂੰ ਖਤਮ ਕਰ ਸਕਦਾ ਹੈ। ਜੇਕਰ ਤੁਸੀ ਘੁੰਮਣ ਫਿਰਨ ਅਤੇ ਪੈਸੇ ਖਰਚ ਕਰਨ ਦੇ ਮੂਡ ਵਿਚ ਹੋਵੋਂਗੇ ਜੇਕਰ ਤੁਸੀ ਅਜਿਹਾ ਕੀਤਾ ਤਾਂ ਬਾਅਦ ਵਿਚ ਪਛਤਾਣਾ ਪੈ ਸਕਦਾ ਹੈ ਜੇਕਰ ਤੁਸੀ ਸਮੂਹਿਕ ਗਤੀਵਿਧਿਆਂ ਵਿਚ ਹਿੱਸਾ ਲਵੋਂਗੇ ਤਾਂ ਤੁਸੀ ਨਵੇਂ ਦੋਸਤ ਬਣਾ ਸਕਦੇ ਹੋ। ਪਿਆਰ ਦੇ ਮਾਮਲਿਆਂ ਵਿਚ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਉਨਾਂ ਕੰਮਾਂ ਦਾ ਸਿਹਰਾ ਕਿਸੇ ਨੂੰ ਨਾ ਦਿਉ ਜੋ ਤੁਸੀ ਕਰਦੇ ਹੋ। ਇਸ ਰਾਸ਼ੀ ਦੇ ਲੋਕ ਬੜੇ ਹੀ ਦਿਲਚਸਪ ਹੁੰਦੇ ਹਨ ਜੋ ਕਦੇ ਲੋਕਾਂ ਦੇ ਵਿਚ ਰਹਿ ਕੇ ਖੁਸ਼ ਰਹਿੰਦੇ ਹਨ ਤਾਂ ਕਦੇ ਇਕੱਲੇ ਵਿਚ ਹਾਲਾਂਕਿ ਇਕੱਲੇ ਸਮਾਂ ਬਿਤਾਉਣਾ ਇਨਾਂ ਆਸਾਨ ਨਹੀਂ ਹੈ ਫਿਰ ਵੀ ਅੱਜ ਦੇ ਦਿਨ ਵਿਚ ਕੁਝ ਸਮਾਂ ਤੁਸੀ ਆਪਣੇ ਲਈ ਜ਼ਰੂਰ ਕੱਢ ਲਵੋਂਗੇ। ਜੀਵਨ ਸਾਥੀ ਦੀ ਤਰਫ ਤੋਂ ਜਾਣਬੁੱਝ ਕੇ ਅੰਦਰੂਨੀ ਚੋਟ ਦੇ ਸਕਦਾ ਹੈ ਜਿਸ ਦੇ ਚਲਦੇ ਤੁਸੀ ਕੁਝ ਸਮਾਂ ਉਦਾਸ ਰਹਿ ਸਕਦੇ ਹੋ।

**ਤੁਲਾ:** ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਂਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਦੋਸਤਾਂ ਦੀ ਮਦਦ ਨਾਲ ਆਰਥਿਕ ਪਰੇਸ਼ਾਨੀਆਂ ਹੱਲ ਹੋ ਜਾਣਗੀਆਂ। ਘਰ ਵਿਚ ਕਿਸੇ ਵੀ ਤਰਾਂ ਦਾ ਬਦਲਾਅ ਕਰਨ ਤੋਂ ਪਹਿਲਾਂ ਆਪਣੇ ਬਜ਼ੁਰਗਾਂ ਦੇ ਸੁਝਾਅ ਲਉ ਨਹੀਂ ਤਾਂ ਤੁਹਾਡੇ ਤੋਂ ਨਾਖੁਸ਼ ਅਤੇ ਨਾਰਾਜ਼ ਹੋ ਸਕਦੇ ਹਨ। ਸਰੀਰਕ ਹੋਂਦ ਦਾ ਹੁਣ ਕੋਈ ਵਿਚਾਰ ਨਹੀਂ ਤੁਸੀ ਹਰ ਸਮੇਂ ਆਪਣੇ ਆਪ ਨੂੰ ਪਿਆਰ ਵਿਚ ਮਹਿਸੂਸ ਕਰਦੇ ਹੋ। ਸਾਵਧਾਨੀ ਵਰਤੋ ਕੰਮ ਤੇ ਲੋਕਾਂ ਨਾਲ ਪੇਸ਼ ਆਉਂਦੇ ਸਮੇਂ ਬੁੱਧੀ ਅਤੇ ਧੀਰਜ ਰੱਖੋ। ਅੱਜ ਤੁਸੀ ਕੋਈ ਨਵੀਂ ਪੁਸਤਕ ਖਰੀਦ ਕੇ ਕਿਸੇ ਕਮਰੇ ਵਿਚ ਖੁਦ ਨੂੰ ਬੰਦ ਕਰਕੇ ਉਤਮ ਵਿਚਾਰਾਂ ਨਾਲ ਪੂਰਾ ਦਿਨ ਗੁਜ਼ਾਰ ਸਕਦੇ ਹੋ। ਤੁਸੀ ਆਪਣੀ ਜੀਵਨਸਾਥੀ ਨੂੰ ਅੱਜ ਤੁਹਾਡੇ ਪ੍ਰਤੀ ਵਧੇਰੇ ਦੇਖਭਾਲ ਕਰਨ ਵਾਲੇ ਬਣੋਗੇ।

**ਬ੍ਰਿਸ਼ਚਕ:** ਆਪਣੀ ਸਰੀਰਕ ਸਿਹਤ ਸੁਧਾਰਨ ਦੇ ਲਈ ਸੰਤੁਲਿਤ ਆਹਾਰ ਹੈ। ਤੁਹਾਡੇ ਲਈ ਨਿਵੇਸ਼ ਕਰਨਾ ਕਈਂ ਵਾਰ ਬਹੁਤ ਲਾਭਦਾਇਕ ਸਾਬਿਤ ਹੋ ਸਕਦਾ ਹੈ ਅੱਜ ਤੁਹਾਨੂੰ ਇਹ ਗੱਲ ਸਮਝ ਵਿਚ ਆ ਜਾਵੇਗੀ ਕਿ ਕਿਸੇ ਪੁਰਾਣੇ ਨਿਵੇਸ਼ ਨਾਲ ਤੁਹਾਨੂੰ ਮੁਨਾਫਾ ਹੋ ਸਕਦਾ ਹੈ। ਇਕ ਖੁਸ਼ਨੁਮਾ ਅਤੇ ਵਧੀਆ ਸ਼ਾਮ ਦੇ ਲਈ ਤੁਹਾਡਾ ਘਰ ਰਿਸ਼ਤੇਦਾਰਾਂ ਨਾਲ ਭਰ ਸਕਦਾ ਹੈ। ਅੱਜ ਤੁਹਾਡੀ ਪਿਆਰ ਕਹਾਣੀ ਇਕ ਨਵਾਂ ਮੋੜ ਲੈ ਸਕਦੀ ਹੈ ਤੁਹਾਡਾ ਸਾਥੀ ਅੱਜ ਤੁਹਾਡੇ ਨਾਲ ਵਿਆਹ ਨੂੰ ਲੈ ਕੇ ਗੱਲ ਕਰ ਸਕਦਾ ਹੈ ਅਜਿਹੇ ਵਿਚ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਸੋਚ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ। ਕੰਮ ਕਾਰ ਤੋਂ ਬਾਅਦ ਤੁਹਾਡੇ ਸਹਿਕਰਮੀ ਤੁਹਾਨੂੰ ਕਿਸੇ ਛੋਟੇ ਘਰੇਲੂ ਉਤਸਵ ਤੇ ਬੁਲਾ ਸਕਦੇ ਹਨ। ਖਾਲੀ ਸਮੇਂ ਦਾ ਆਨੰਦ ਉਠਾਉਣ ਲਈ ਤੁਹਾਨੂੰ ਲੋਕਾਂ ਤੋਂ ਦੂਰ ਹੋ ਕੇ ਆਪਣੇ ਪਸੰਦੀਦਾ ਕੰਮ ਕਰਨੇ ਚਾਹੀਦੇ ਹਨ ਅਜਿਹਾ ਕਰਕੇ ਤੁਹਾਡੇ ਵਿਚ ਸਾਕਾਰਤਮਕ ਬਦਲਾਅ ਵੀ ਆਵੇਗਾ। ਤੁਸੀ ਅੱਜ ਆਪਣੇ ਜੀਵਨਸਾਥੀ ਦੀ ਨਿੱਘ ਮਹਿਸੂਸ ਕਰ ਸਕਦੇ ਹੋ।

**ਧਨੂੰ:** ਕੰਮ ਦੀ ਦਬਾਅ ਵਧਣ ਨਾਲ ਹੀ ਤੁਸੀ ਮਾਨਸਿਕ ਉੱਥਲ ਪੁੱਥਲ ਅਤੇ ਦਿੱਕਤ ਮਹਿਸੂਸ ਕਰੋਂਗੇ। ਤੁਹਾਡਾ ਧੰਨ ਤੁਹਾਡੇ ਭਵਿੱਖ ਨੂੰ ਖੁਸ਼ਹਾਲ ਬਣਾਉਣ ਲਈ ਤੁਹਾਡੇ ਦੁਆਰਾ ਲਗਾਈਆਂ ਗਈਆਂ ਸਾਰੀਆਂ ਰਕਮਾਂ ਅੱਜ ਲਾਭਦਾਇਕ ਸਿੱਟੇ ਪ੍ਰਾਪਤ ਕਰਨਗੇ। ਸਮੱਸਿਆਵਾਂ ਨੂੰ ਦਿਮਾਗ ਤੋਂ ਬਾਹਰ ਕੱਢ ਦੇਵੋ ਅਤੇ ਘਰ ਤੇ ਦੋਸਤਾਂ ਦੇ ਵਿਚ ਆਪਣੀ ਸਥਿਤੀ ਸੁਧਾਰਨ ਬਾਰੇ ਸੋਚੋ। ਪਿਆਰ ਬਹਾਰ ਦੀ ਤਰਾਂ ਹੈ ਫੁਲਾਂ, ਹਵਾ, ਧੁੱਪ, ਤਿਤਲੀਆਂ ਤੁਸੀ ਅੱਜ ਰੋਮਾਂਟਿਕ ਗੁੰਝਲਦਾਰ ਮਹਿਸੂਸ ਕਰੋਂਗੇ। ਪੇਸ਼ੇਵਰ ਲਕਸ਼ ਪ੍ਰਤੀ ਤਾਕਤ ਲਗਾਉਣ ਦਾ ਇਹ ਸਹੀ ਸਮਾਂ ਹੈ। ਅੱਜ ਤੁਸੀ ਆਪਣਾ ਖਾਲੀ ਸਮਾਂ ਮੰਦਿਰ, ਗੁਰੂਦੁਆਰੇ ਜਾਂ ਕੋਈ ਧਾਰਮਿਕ ਸਥਾਨ ਤੇ ਬੇਲੋੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਤੋਂ ਬਿਤਾ ਸਕਦੇ ਹੋ। ਅੱਜ ਸ਼ਾਇਦ ਦੁਨੀਆਂ ਤਬਾਹੀ ਮਚਾ ਦੇਵੇ ਪਰ ਤੁਸੀ ਆਪਣੇ ਜੀਵਨਸਾਥੀ ਦੀਆਂ ਬਾਹਾਂ ਤੋਂ ਬਾਹਰ ਨਹੀਂ ਆ ਸਕੋਂਗੇ।

**ਮਕਰ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਅੱਜ ਯਾਰਾਂ ਦੋਸਤਾਂ ਦੇ ਨਾਲ ਪਾਰਟੀ ਵਿਚ ਤੁਸੀ ਖੂਬ ਪੈਸਾ ਲੁਟਾ ਸਕਦੇ ਹੋ ਪਰੰਤੂ ਇਸ ਦੇ ਬਾਵਜੂਦ ਤੁਹਾਡੀ ਆਰਥਿਕ ਪੱਖ ਅੱਜ ਮਜ਼ਬੂਤ ਰਹੇਗਾ। ਬੱਚੇ ਦੀ ਸਿਹਤ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ। ਪਿਆਰ ਦਾ ਸਫਰ ਮਿੱਠ ਪਰੰਤੂ ਛੋਟਾ ਹੋਵੇਗਾ। ਤੁਹਾਨੂੰ ਕੰਮਕਾਰ ਵਿਚ ਚੰਗੇ ਨਤੀਜੇ ਪਾਉਣ ਦੇ ਲਈ ਆਪਣੇ ਕੰਮ ਕਰਨ ਦੇ ਤਰੀਕੇ ਤੇ ਧਿਆਨ ਦੇਣ ਦੀ ਲੋੜ ਹੈ ਨਹੀਂ ਤਾਂ ਤੁਸੀ ਬੋਸ ਦੀਆਂ ਨਜ਼ਰਾਂ ਵਿਚ ਤੁਹਾਡੀ ਨਾਕਾਰਤਮਕ ਥਾਂ ਬਣ ਸਕਦੀ ਹੈ। ਅੱਜ ਦਾ ਦਿਨ ਲਾਭਦਾਇਕ ਸਾਬਿਤ ਹੋਵੇਗਾ ਕਿਉਂ ਕਿ ਕੁਝ ਚੀਜਾਂ ਤੁਹਾਡੇ ਪੱਖ ਵਿਚ ਜਾਣਗੀਆਂ ਅਤੇ ਤੁਸੀ ਵਿਸ਼ਵ ਦੇ ਸਿਖਰ ਤੇ ਹੋਵੋਂਗੇ। ਅਸਜਤਾ ਦੀ ਵਜਾਹ ਨਾਲ ਤੁਸੀ ਵਿਆਹੁਤਾ ਜੀਵਨ ਵਿਚ ਖੁਦ ਨੂੰ ਫਸਿਆ ਹੋਇਆ ਮਹਿਸੂਸ ਕਰ ਸਕਦੇ ਹੋ ਤੁਹਾਨੂੰ ਲੋੜ ਹੈ ਜੀਵਨ ਸਾਥੀ ਨਾਲ ਗੱਲ ਬਾਤ ਦੀ।

**ਕੁੰਭ:** ਇੱਛਾ ਸ਼ਕਤੀ ਦੀ ਘਾਟ ਤੁਹਾਨੂੰ ਭਾਵਨਾਤਮਕ ਅਤੇ ਮਾਨਸਿਕ ਪਰੇਸ਼ਾਨੀਆਂ ਵਿਚ ਫਸਾ ਸਕਦੀ ਹੈ। ਪੈਸੇ ਦੀ ਲੋੜ ਕਦੇ ਵੀ ਪੈ ਸਕਦੀ ਹੈ ਇਸ ਲਈ ਅੱਜ ਜਿਨਾਂ ਹੋ ਸਕੇ ਅਤੇ ਬਚਤ ਕਰਨ ਦਾ ਵਿਚਾਰ ਬਣਾਉ। ਆਪਣੀ ਨਵੀਂ ਪਰਿਯੋਜਨਾ ਦੇ ਲਈ ਆਪਣੇ ਮਾਤਾ ਪਿਤਾ ਨੂੰ ਵਿਸ਼ਵਾਸ਼ ਵਿਚ ਲੈਣ ਦਾ ਸਹੀ ਸਮਾਂ ਹੈ। ਅੱਜ ਹੀ ਲੰਬੇ ਸਮੇਂ ਤੋਂ ਚਲੇ ਆ ਰਹੇ ਝਗੜਿਆਂ ਨੂੰ ਸੁਲਝਾ ਲਵੋ ਕਿਉਂ ਕਿ ਹੋ ਸਕਦਾ ਹੈ ਕਿ ਕੱਲ ਬਹੁਤ ਦੇਰ ਹੋ ਜਾਵੇ ਤੁਹਾਡੇ ਆਤਮਵਿਸ਼ਵਾਸ਼ ਵਿਚ ਵਾਧਾ ਹੋ ਰਿਹਾ ਹੈ ਅਤੇ ਤਰੱਕੀ ਸਾਫ ਨਜ਼ਰ ਆ ਰਹੀ ਹੈ। ਇਕ ਅਧਿਆਤਮਕ ਗੁਰੂ ਜਾਂ ਕੋਈ ਵੱਡਾ ਤੁਹਾਨੂੰ ਗਾਈਡ ਕਰ ਸਕਦਾ ਹੈ। ਜੀਵਨ ਸਾਥੀ ਦੇ ਖਰਾਬ ਵਿਵਹਾਰ ਦਾ ਨਾਕਾਰਤਮਕ ਅਸਰ ਤੁਹਾਡੇ ਤੇ ਵੀ ਪੈ ਸਕਦਾ ਹੈ।

**ਮੀਨ:** ਪਰਿਵਾਰ ਦੇ ਕੁਝ ਮੈਂਬਰ ਆਪਣੇ ਸੁਭਾਅ ਤੋਂ ਤੁਹਾਡੇ ਲਈ ਚਿੜਚਿੜੇਪਣ ਦੀ ਵਜਾਹ ਬਣ ਸਕਦਾ ਹੈ। ਪਰੰਤੂ ਆਪਣਾ ਆਪਾ ਖੋਣ ਦੀ ਜ਼ਰੂਰਤ ਨਹੀ ਹੈ, ਨਹੀਂ ਤਾਂ ਹਾਲਾਤ ਬੇਕਾਬੂ ਸਕਦੇ ਹਨ ਯਾਦ ਰੱਖੋ ਜਿਸ ਨੂੰ ਸੁਧਾਰਿਆ ਨਹੀਂ ਜਾ ਸਕਦਾ ਉਸ ਨੂੰ ਸਵੀਕਾਰ ਕਰਨ ਵਿਚ ਹੀ ਭਲਾਈ ਹੈ। ਅੱਜ ਰਾਤ ਦੇ ਸਮੇਂ ਤੁਹਾਨੂੰ ਧੰਨ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਕਿਉ ਕਿ ਤੁਹਾਡੇ ਦੁਆਰਾ ਦਿੱਤਾ ਗਿਆ ਧੰਨ ਅੱਜ ਤੁਹਾਨੂੰ ਵਾਪਸ ਮਿਲ ਸਕਦਾ ਹੈ। ਆਪਣੇ ਪਰਿਵਾਰ ਦੀ ਭਲਾਈ ਦੇ ਲਈ ਸਖਤ ਮਹਿਨਤ ਕਰੋ । ਤੁਹਾਡੇ ਕੰਮ ਦੇ ਪਿੱਛੇ ਪਿਆਰ ਅਤੇ ਨਿਰਧਾਰਿਤ ਦੀ ਭਾਵਨਾ ਹੋਣੀ ਚਾਹੀਦੀ ਹੈ ਨਾ ਕਿ ਲਾਲਚ ਦਾ ਜ਼ਹਿਰ। ਤੁਹਾਡਾ ਅੱਜ ਦਾ ਦਿਨ ਪਿਆਰ ਦੇ ਰੰਗਾਂ ਵਿਚ ਡੁੱਬ ਜਾਵੇਗਾ ਪਰ ਤੁਸੀ ਆਪਣੇ ਪਿਆਰ ਨਾਲ ਰਾਤ ਦੇ ਸਮੇਂ ਕਿਸੇ ਪੁਰਾਣੀ ਚੀਜ ਬਾਰੇ ਬਹਿਸ ਕਰ ਸਕਦੇ ਹੋ। ਤੁਸੀ ਪਾਉਂਗੇ ਕਿ ਅੱਜ ਲੰਬੇ ਸਮੇਂ ਤੋਂ ਅਟਕੇ ਕਈਂ ਸਾਰੇ ਛੋਟੇ ਛੋਟੇ ਪਰੰਤੂ ਅਹਿਮ ਕੰਮ ਨਬੇੜਨ ਵਿਚ ਕਾਮਯਾਬ ਹੋ ਰਹੇ ਹੋ। ਤੁਹਾਡਾ ਖਾਲੀ ਸਮਾਂ ਅੱਜ ਮੋਬਾਇਲ ਜਾਂ ਟੀ ਵੀ ਦੇਖਣ ਵਿਚ ਬਰਬਾਦ ਹੋ ਸਕਦਾ ਹੈ ਇਸ ਨਾਲ ਤੁਹਾਡੇ ਜੀਵਨ ਸਾਥੀ ਨੂੰ ਤੁਹਾਡੇ ਤੋਂ ਖਿੱਝਤਾ ਵੀ ਹੋ ਸਕਦੀ ਹੈ ਕਿਉਂ ਕਿ ਤੁਸੀ ਉਨਾਂ ਨਾਲ ਗੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਦਿਖਾਉਂਗੇ। ਤੁਸੀ ਅੱਜ ਆਪਣੇ ਸਾਥੀ ਨਾਲ ਵਧੀਆ ਗੱਲਬਾਤ ਕਰੋਂਗੇ ਅਤੇ ਮਹਿਸੂਸ ਕਰੋਂਗੇ ਕਿ ਤੁਹਾਡੇ ਦੋਹਾਂ ਵਿਚ ਕਿੰਨਾਂ ਪਿਆਰ ਹੈ।

# ਨੇਪਾਲ ਤੋਂ ਬਾਅਦ ਲੱਦਾਖ਼ ਵਿਚ ਜ਼ੈਨ-ਜੀ ਨੌਜਵਾਨਾਂ ਦੀ ਅੰਦਰੂਨੀ ਅੱਗ ਦਾ ਸੇਕ




ਸਤੰਬਰ 2025 ਦੀ ਸ਼ੁਰੂਆਤ ਵਿੱਚ ਨੌਜਵਾਨਾਂ ਦੀ ਅਗਵਾਈ ਵਿੱਚ ਹੋਏ ਵਿਦਰੋਹ ਨੇ ਨੇਪਾਲ ਦੇ ਹੁਕਮਰਾਨਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲੋਕ ਰੋਹ ਅੱਗੇ ਨੇਪਾਲੀ ਹਕੂਮਤ ਨੇ ਗੋਡੇ ਟੇਕ ਦਿੱਤੇ, 9 ਸਤੰਬਰ ਨੂੰ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਅਸਤੀਫਾ ਦੇਣਾ ਪੈ ਗਿਆ। ਹਕੂਮਤ ਦੇ ਜਬਰ ਨੇ ਭਾਵੇਂ 72 ਜਾਨਾਂ ਲੈ ਲਈਆਂ ਤੇ 1300 ਤੋਂ ਵੱਧ ਨੂੰ ਗ੍ਰਿਫਤਾਰ ਕੀਤਾ ਗਿਆ ਪਰ ਇਹ ਜਬਰ ਵੀ ਲੋਕ ਰੋਹ ਨੂੰ ਠੱਲ੍ਹ ਨਾ ਸਕਿਆ। ਸ੍ਰੀਲੰਕਾ, ਬੰਗਲਾਦੇਸ਼ ਤੋਂ ਬਾਅਦ ਨੇਪਾਲ ਭਾਰਤ ਦਾ ਤੀਜਾ ਗੁਆਂਢੀ ਮੁਲਕ ਹੈ ਜਿਸ ਵਿੱਚ ਪਿਛਲੇ ਸਾਲਾਂ ਵਿੱਚ ਤਖਤਾ ਪਲਟ ਹੋਇਆ ਹੈ। ਜਾਹਰ ਹੈ ਭਾਰਤ, ਪਾਕਿਸਤਾਨ ਦੇ ਹਾਕਮ ਵੀ ਇਹਨਾਂ ਘਟਨਾਵਾਂ ਤੋਂ ਘਬਰਾਏ ਹੋਣਗੇ, ਉਹਨਾਂ ਨੂੰ ਵੀ ਤਰੇਲੀਆਂ ਆਉਂਦੀਆਂ ਹੋਣਗੀਆਂ।

ਨੇਪਾਲੀਆਂ ਦੇ ਰੋਹ ਨੂੰ ਚੁਆਤੀ ਲਾਉਣ ਵਾਲਾ ਕਦਮ ਸੀ 4 ਸਤੰਬਰ ਦਾ ਸਰਕਾਰ ਦਾ ਫੈਸਲਾ। ਨੇਪਾਲ ਦੇ ਸੰਚਾਰ ਅਤੇ ਸੂਚਨਾ ਤਕਨੀਕ ਮੰਤਰਾਲੇ ਨੇ ਅਚਾਨਕ 26 ਪ੍ਰਮੁੱਖ ਪਲੈਟਫਾਰਮਾਂ ਜਿਨ੍ਹਾਂ ਵਿੱਚ ਫੇਸਬੁੱਕ, ਇੰਸਟਾਗ੍ਰਾਮ, ਵਟਸਐਪ, ਯੂਟਿਊਬ, ਐਕਸ, ਟਿਕਟੌਕ, ਰੈਡਿਟ ਅਤੇ ਲਿੰਕਡਇਨ ਸ਼ਾਮਲ ਸਨ 'ਤੇ ਪਾਬੰਦੀ ਲਾ ਦਿੱਤੀ। ਕਾਰਨ ਦੱਸਿਆ ਗਿਆ ਕਿ ਇਹ "ਫਰਜੀ ਖਬਰਾਂ, ਨਫਰਤੀ ਭਾਸ਼ਣ ਅਤੇ ਔਨਲਾਈਨ ਧੋਖਾਧੜੀ" ਨੂੰ ਰੋਕਣ ਲਈ ਨਵੇਂ ਨਿਯਮਾਂ ਅਧੀਨ ਰਜਿਸਟਰ ਨਹੀਂ ਹੋਏ। ਪਰ ਸਮਝਣ ਵਾਲੇ ਸਮਝ ਗਏ ਸਨ ਕਿ ਇਹ ਸਰਕਾਰੀ ਸੈਂਸਰਸ਼ਿਪ ਸੀ ਜਿਹੜੀ ਪਿਛਲੇ ਹਫਤਿਆਂ ਵਿੱਚ ਵਾਇਰਲ ਹੋਈ ਔਨਲਾਈਨ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੂੰ ਦਬਾਉਣ ਲਈ ਕੀਤੀ ਗਈ ਸੀ। ਇਸ ਚੰਗਿਆੜੀ ਨੇ ਨੇਪਾਲ ਦੀ 'ਜਨਰੇਸ਼ਨ ਜੀ' ਜਾਣੀ 15-24 ਸਾਲ ਦੀ ਨੌਜਵਾਨ ਪੀੜ੍ਹੀ, ਜਿਹੜੀ ਦੱਖਣੀ ਏਸ਼ੀਆ ਵਿੱਚ ਸਭ ਤੋਂ ਵੱਧ 20.8% ਬੇਰੁਜਗਾਰੀ ਦਰ ਦਾ ਸਾਹਮਣਾ ਕਰ ਰਹੀ ਹੈ ਦੇ ਸਾਲਾਂ ਤੋਂ ਪਣਪ ਰਹੇ ਗੁੱਸੇ ਨੂੰ ਭੜਕਾ ਦਿੱਤਾ।

ਨੇਪਾਲ ਤੋਂ ਬਾਅਦ ਲੱਦਾਖ਼ ਵਿਚ ਜ਼ੈਨ ਜੀ ਜਾਣੀ ਕਿ ਨੌਜਵਾਨਾਂ ਵਲੋਂ ਆਪਣੇ ਹੱਕਾਂ ਲਈ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਹੈ, ਨੌਜਵਾਨਾਂ ਦਾ ਗੁੱਸਾ ਅਸਮਾਨੀ ਜਾ ਚੜਿਆ ਹੈ। ਇਸ ਤੋਂ ਪਹਿਲਾਂ 2019 ਤੋਂ ਉਥੇ ਸ਼ਾਂਤਮਈ ਅੰਦੋਲਨ ਚੱਲ ਰਿਹਾ ਸੀ, ਜੋ ਪੰਜ, ਛੇ ਸਾਲਾਂ ਬਾਅਦ ਗੁੱਸੇ ਦਾ ਭਾਂਬੜ ਬਣ ਕੇ ਜਵਾਲਾਮੁਖੀ ਦੇ ਲਾਵੇ ਵਾਗੂ ਫਟ ਗਿਆ ਹੈ। ਹਿੰਸਕ ਕਾਰਵਾਈਆਂ ਤੋਂ ਬਾਅਦ ਉਥੇ ਸੁਰੱਖਿਆ ਬਲਾਂ ਅਤੇ ਨੌਜਵਾਨਾਂ ਵਿਚਕਾਰ ਹੋਈਆਂ ਹਿੰਸਕ ਘਟਨਾਵਾਂ ਦੌਰਾਨ 4 ਜਣਿਆਂ ਦੀ ਮੌਤ ਹੋ ਗਈ, ਜਦ ਕਿ 70 ਤੋਂ ਵੱਧ ਗੰਭੀਰ ਰੂਪ ਵਿੱਚ ਲੋਕ ਜ਼ਖ਼ਮੀ ਹੋ ਗਏ, ਜੋ ਇਕ ਵੱਡਾ ਅੰਕੜਾ ਹੈ। ਇਨ੍ਹਾਂ ਘਟਨਾਵਾਂ ਨੂੰ ਮਾਮੂਲੀ ਘਟਨਾ ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਨਿਪਾਲ ਅਤੇ ਲੱਦਾਖ ਦੀਆਂ ਘਟਨਾਵਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ, ਹੁਣ ਦੇਸ਼ ਦੇ ਨੌਜਵਾਨਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ, ਉਨ੍ਹਾਂ ਦਾ ਭਵਿੱਖ ਸੁਰੱਖਿਅਤ ਅਤੇ ਉੱਜਲ ਨਹੀਂ ਹੈ। ਸਿੱਖਿਆ ਮਹਿੰਗੀ ਹੋ ਰਹੀ ਹੈ, ਸਿੱਖਿਆ ਗ੍ਰਹਿਣ ਕਰਨ ਤੋਂ ਬਾਅਦ ਰੋਜ਼ੀ ਨਹੀਂ ਹੈ, ਰੋਟੀ ਨਹੀਂ ਹੈ, ਸਰਕਾਰੀ ਖੇਤਰ ਵਿੱਚ ਨੌਕਰੀਆਂ ਦਾ ਘੇਰਾ ਘਟਾਇਆ ਜਾ ਰਿਹਾ ਹੈ। ਸਰਕਾਰੀ ਅਦਾਰੇ ਨਿੱਜੀ ਹੱਥਾਂ ਵਿੱਚ ਦਿੱਤੇ ਜਾ ਰਹੇ ਹਨ। ਨਿੱਜੀ ਖੇਤਰਾਂ ਵਿੱਚ 12-12 ਘੰਟੇ ਖੂਨ ਚੂਸ ਕੇ ਨਾ-ਮਾਤਰ ਮਿਹਨਤਾਨਾ ਦਿੱਤਾ ਜਾਂਦਾ ਹੈ। ਚਾਰੇ-ਤਰਫ਼ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ।

ਜ਼ੈਨ-ਜੀ ਨੌਜਵਾਨਾਂ ਦੀ ਅੰਦਰੂਨੀ ਅੱਗ ਦਾ ਸੇਕ,,

ਚੋਣਾਂ ਸਮੇਂ ਜੋ ਵਾਅਦੇ ਕੀਤੇ ਜਾਂਦੇ ਹਨ, ਨੂੰ ਪੂਰਾ ਨਹੀਂ ਕੀਤਾ ਜਾਂਦਾ, ਜਦ ਕਿ ਉੱਚ ਚੈਨਲਾਂ 'ਤੇ, ਅਖ਼ਬਾਰਾਂ ਵਿੱਚ ਅਤੇ ਪ੍ਰਿੰਟ ਮੀਡੀਆ 'ਤੇ ਹਰ ਰੋਜ਼ ਬੋਲਿਆ ਜਾ ਰਿਹਾ ਹੈ ਕਿ, ਦੇਸ਼ ਨੌਜਵਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਹੈ। ਹੁਣ ਜ਼ੈਨ ਜੀ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ, ਇਹ ਸੱਭ ਧੋਖਾ ਹੈ। ਨੌਜਵਾਨ ਪੀੜ੍ਹੀ ਨੂੰ ਚੋਣਾਂ ਵਿੱਚ ਵਰਤਿਆ ਜਾਂਦਾ ਹੈ, ਬਾਦ ਵਿੱਚ ਸਾਰ ਨਹੀਂ ਲਈ ਜਾਂਦੀ, ਜਿਸ ਕਰਕੇ ਉਨ੍ਹਾਂ ਦੇ ਦਿਮਾਗ ਵਿਚ ਆਪਣੇ ਹੱਕਾਂ ਲਈ ਅੱਗ ਸੁਲਗਣੀ ਸ਼ੁਰੂ ਹੋ ਗਈ ਹੈ। ਜ਼ੈਨ ਜੀ ਦੀਆਂ ਭਾਵਨਾਵਾਂ ਨੂੰ, ਹੱਕਾਂ ਨੂੰ ਲੰਬਾ ਸਮਾਂ ਤੱਕ ਦਬਾਇਆ ਨਹੀਂ ਜਾ ਸਕਦਾ, ਜਿੰਨਾ ਦਬਾਇਆ ਜਾਵੇਗਾ, ਉਨ੍ਹਾਂ ਭਾਂਬੜ ਬਣ ਕੇ ਮੱਚੇਗਾ। ਪ੍ਰੈਸ਼ਰ ਕੂਕਰ ਥੱਲੇ ਗੈਸ ਬਲਦੀ ਰਹੇਗੀ, ਹਵਾ ਨਿਕਲਣ ਤੋਂ ਰੋਕਣ ਲਈ ਢੱਕਣ ਨੂੰ ਦਬਾ ਕੇ ਰੱਖਿਆ ਜਾਵੇਗਾ, ਤਾਂ ਕੂਕਰ ਵਿਚ ਹਵਾ ਦਾ ਪ੍ਰੈਸ਼ਰ ਇੰਨਾ ਭਰ ਜਾਵੇਗਾ ਕਿ, ਅਖੀਰ ਕੂਕਰ ਦਾ ਪਟਾਕਾ ਇਸ ਤਰ੍ਹਾਂ ਪਵੇਗਾ, ਜਿਵੇਂ ਕਿਧਰੇ ਬੰਬ ਧਮਾਕਾ ਹੋ ਗਿਆ ਹੋਵੇ। ਕਹਿਣ ਤੋਂ ਭਾਵ ਜ਼ੈਨ-ਜੀ ਦੀਆਂ ਭਾਵਨਾਵਾਂ ਤੇ ਹੱਕਾਂ ਨੂੰ ਲੰਬਾ ਸਮਾਂ ਦਬਾ ਕੇ ਨਹੀਂ ਰੱਖਿਆ ਜਾ ਸਕਦਾ। ਭਾਰਤੀ ਸੰਵਿਧਾਨ ਮੁਤਾਬਿਕ ਭਾਰਤ ਇਕ ਲੋਕਤੰਤਰਿਕ ਦੇਸ਼ ਹੈ, ਇਥੇ ਹਰੇਕ ਨਾਗਰਿਕ ਨੂੰ ਆਪਣੀ ਹੱਕਾਂ ਲਈ ਬੋਲਣ, ਲਿਖਣ ਤੇ ਸੰਘਰਸ਼ ਕਰਨ ਦਾ ਅਧਿਕਾਰ ਹੈ, ਜਿਸ ਨੂੰ ਰੋਕਿਆ ਨਹੀਂ ਜਾ ਸਕਦਾ। ਜਲਵਾਯੂ /ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁਕ ਜਿਨ੍ਹਾਂ ਦੀ ਉਮਰ 72 ਸਾਲ ਦੇ ਕਰੀਬ ਹੈ, ਪਿਛਲੇ ਕਈ ਸਾਲਾਂ ਤੋਂ ਲੱਦਾਖ ਦੇ ਲੋਕਾਂ ਦੇ ਹੱਕਾਂ ਲਈ ਲੜ ਰਹੇ ਹਨ। ਇਸ ਵੇਲੇ ਉਹ ਲੱਦਾਖ ਨੂੰ ਸੂਬੇ ਦਾ ਦਰਜਾ ਅਤੇ ਛੇਵੀਂ ਅਨੁਸੂਚੀ ਵਿਚ ਸ਼ਾਮਿਲ ਕਰਵਾਉਣ ਦੀ ਮੰਗ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ। ਉਨ੍ਹਾਂ ਨਾਲ ਦੋ ਹੋਰ ਅੰਦੋਲਨਕਾਰੀਆਂ ਜਿਨ੍ਹਾਂ ਵਿਚ 72 ਸਾਲਾ ਤੇਸਰਿੰਗ ਅੰਗਚੱਕ ਅਤੇ 62 ਸਾਲਾ ਤਾਸ਼ੀ ਦੋਲਮਾ ਨੂੰ ਜੋ ਭੁੱਖ ਹੜਤਾਲ 'ਤੇ ਬੈਠੇ ਸਨ, ਉਨ੍ਹਾਂ ਨੂੰ ਪੁਲਿਸ ਨੇ ਚੁੱਕ ਕੇ ਇੱਕ ਹਸਪਤਾਲ ਵਿਚ ਭਰਤੀ ਕਰਵਾ ਦਿੱਤਾ, ਜਿਸ ਪਿੱਛੋਂ ਨੌਜਵਾਨਾਂ ਵਿਚ ਗੁੱਸੇ ਦੀ ਲਹਿਰ ਫੈਲ ਗਈ। ਲੇਹ ਵਿਚ ਜਿਥੇ ਲੱਦਾਖੀ ਅੰਦੋਲਨਕਾਰੀ ਅੰਦੋਲਨ ਕਰ ਰਹੇ ਹਨ, ਰੋਜ਼ਾਨਾ 500 ਲੋਕ ਸ਼ਾਮਲ ਹੁੰਦੇ ਹਨ। ਦੋ ਵੱਡੇ ਅੰਦੋਲਨਕਾਰੀ ਆਗੂਆਂ ਨੂੰ ਫੜਨ ਪਿਛੋਂ ਨੌਜਵਾਨਾਂ ਦਾ ਅੰਦੋਲਨ ਹਿੰਸਕ ਰੂਪ ਧਾਰਨ ਕਰ ਗਿਆ। ਅੰਦੋਲਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚ ਹੋਈਆਂ ਝੜਪਾਂ ਦੌਰਾਨ 4 ਜਣਿਆਂ ਦੀ ਮੌਤ ਹੋ ਗਈ ਤੇ 70 ਜਣੇ ਗੰਭੀਰ ਰੂਪ ਵਿੱਚ ਜਖਮੀ ਹੋ ਗਏ, ਜੋ ਬਹੁਤ ਹੀ ਦੁਖਦਾਈ ਹੈ। ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ, ਪਰ ਹਿੰਸਕ ਘਟਨਾਵਾਂ ਤੋਂ ਦੂਰ ਰਹਿ ਕੇ ਲੜਨਾ ਚਾਹੀਦਾ ਹੈ, ਕਿਉਂਕਿ ਹਿੰਸਕ ਮਾਹੌਲ ਔਰਤਾਂ, ਬੱਚਿਆਂ ਸਮੇਤ ਸਮੁੱਚੀ ਮਾਨਵਤਾ ਲਈ ਦਰਦਨਾਕ ਹੋ ਨਿਬੜਦਾ ਹੈ। ਬੱਚੇ ਮਾਪਿਆਂ ਤੋਂ ਵਿਹੂਣੇ ਹੋ ਜਾਂਦੇ ਹਨ, ਧੀਆਂ-ਪੁੱਤਰਾਂ ਨੇ ਬਜ਼ੁਰਗ ਮਾਪਿਆਂ ਦੀ ਡੰਗੋਰੀ ਬਣਨਾ ਹੁੰਦਾ ਹੈ, ਰੋਦਿਆਂ ਦੀਆਂ ਅੱਖਾਂ ਵਿੱਚੋਂ ਪਾਣੀ ਸੁੱਕ ਜਾਂਦਾ ਹੈ। ਹਿੰਸਕ ਕਾਰਵਾਈਆਂ ਤੋਂ ਬਿਨਾਂ ਆਪਣੇ ਹੱਕਾਂ ਲਈ ਲੜਨਾ ਇਕ ਚੰਗਾ ਕਦਮ ਹੁੰਦਾ ਹੈ। ਇਹ ਵੀ ਸੱਚ ਹੈ ਕਿ ਬਿਨਾਂ ਸੰਘਰਸ਼ ਤੋਂ ਹੱਕ ਨਹੀਂ ਮਿਲਦੇ, ਨਾ ਕੋਈ ਦਿੰਦਾ ਹੈ, ਖੋਹਣੇ ਪੈਂਦੇ ਹਨ। ਇਥੇ ਦੱਸਣਯੋਗ ਹੈ ਕਿ ਜਿਵੇਂ ਨਿਪਾਲ ਵਿਚ ਦੋ ਖਾਸ ਵਰਗ ਦੇ ਲੋਕਾਂ ਵਲੋਂ ਉਥੋਂ ਦੇ ਮੂਲ-ਨਿਵਾਸੀਆਂ ਜਿਨ੍ਹਾਂ ਦੀ ਅਬਾਦੀ 70 - 72 ਫੀਸਦੀ ਦੇ ਕਰੀਬ ਹੈ, ਨੂੰ ਦਬਾ ਕੇ ਉਨ੍ਹਾਂ ਉਪਰ ਰਾਜ ਕੀਤਾ ਜਾ ਰਿਹਾ ਹੈ, ਨੂੰ ਖਤਮ ਕਰਨ ਲਈ ਉਥੋਂ ਦੇ ਮੂਲ-ਨਿਵਾਸੀਆਂ ਵਲੋਂ ਹੱਲਾ ਬੋਲਿਆ ਗਿਆ ਹੈ, ਉਸੇ ਤਰ੍ਹਾਂ ਹੀ ਲਦਾਖ਼ ਵਿਚ ਉਥੋਂ ਦੇ ਮੂਲ-ਨਿਵਾਸੀਆਂ ਜਿਸ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਸ਼ਾਮਲ ਹਨ, ਦੇ ਵਲੋਂ ਆਪਣੇ ਹੱਕਾਂ ਲਈ ਸੰਘਰਸ਼ ਵਿੱਢਿਆ ਗਿਆ ਹੈ। ਲਦਾਖ਼ ਵਿਚ ਜਿਆਦਾਤਰ ਲੋਕ ਬੁੱਧ ਧਰਮ ਨੂੰ ਮੰਨਣ ਵਾਲੇ ਹਨ ਅਤੇ ਥੋੜ੍ਹੀ ਜਿਹੀ ਗਿਣਤੀ ਵਿੱਚ ਮੁਸਲਮਾਨ ਧਰਮ ਨੂੰ ਮੰਨਣ ਵਾਲੇ ਵੀ ਹਨ। ਹੁਣ ਦੇਸ਼ ਦੇ ਅਮੀਰ ਲੋਕਾਂ ਵਲੋਂ ਜਾ ਕੇ ਉਥੇ ਜਮੀਨ ਹੜੱਪਣੀ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਕਰਕੇ ਉਥੋਂ ਦੇ ਲੋਕਾਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਲੱਦਾਖ ਦੇ ਮੂਲ-ਨਿਵਾਸੀ ਭੇਡਾਂ-ਬੱਕਰੀਆਂ ਪਾਲ ਕੇ ਗੁਜਾਰਾ ਕਰ ਰਹੇ ਹਨ। 135 ਏਕੜ ਵਿਚ ਉਥੋਂ ਦੇ ਲੋਕਾਂ ਲਈ ਯੂਨੀਵਰਸਿਟੀ ਖੋਲ੍ਹਣ ਦੀ ਇਕ ਤਜਵੀਜ ਰੱਖੀ ਗਈ ਸੀ, ਨੂੰ ਠੰਢੇ ਬਸਤੇ ਵਿਚ ਪਾ ਕੇ ਰੱਖ ਦਿੱਤਾ ਹੈ। ਜੰਮੂ-ਕਸ਼ਮੀਰ ਤੋਂ ਵੱਖ ਕੀਤਾ ਜਾਣ 'ਤੇ ਲੱਦਾਖ ਦੇ ਲੋਕ ਅਸਾਮ ਤੇ ਕੁਝ ਹੋਰ ਸੂਬਿਆਂ ਨੂੰ ਦਿੱਤੇ ਜਾ ਰਹੇ ਵਿਸ਼ੇਸ਼ ਅਧਿਕਾਰਾਂ ਦੀ ਤਰਜ 'ਤੇ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਹਨ। ਨਿਪਾਲ ਅਤੇ ਲੱਦਾਖ ਵਿਚ ਚਲ ਰਹੇ ਰਾਜਨੀਤਕ ਘਟਨਾਕ੍ਰਮ ਤੋਂ ਸਰਕਾਰਾਂ ਨੂੰ ਸਬਕ ਸਿਖਣ ਦੀ ਜਰੂਰਤ ਹੈ, ਕਿਉਂਕਿ ਹੁਣ ਦੇਸ਼ ਦੇ ਲੋਕਾਂ ਨੂੰ ਨਾ ਤਾਂ ਲੰਬਾ ਸਮਾਂ ਦਬਾਅ ਕੇ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਚੋਣ ਵਾਅਦਿਆਂ ਵਿਚ ਭਰਮਾ ਕੇ ਰੱਖਿਆ ਜਾ ਸਕਦਾ ਹੈ। ਜੈਂਨ - ਜੀ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਕੋਈ ਵੀ ਫੈਸਲਾ ਲੈ ਸਕਦੀ ਹੈ। ਜ਼ੈਨ-ਜੀ ਦਾ ਗੁੱਸਾ ਅੰਗਿਆਰ ਦੀ ਤਰ੍ਹਾਂ ਹੈ। ਜ਼ੈਨ-ਜੀ ਨੂੰ ਚਾਹੀਦਾ ਹੈ ਕਿ ਆਪਣੇ ਜੋਸ਼ ਤੇ ਹੋਸ਼ ਵਿਚ ਸਮਤੋਲ ਬਣਾ ਕੇ ਅੱਗੇ ਵਧੇ। ਨੌਜਵਾਨਾਂ ਦੀ ਅੰਦਰੂਨੀ ਅੱਗ ਦਾ ਸੇਕ ਬਹੁਤ ਤਿੱਖਾ ਹੁੰਦਾ ਹੈ, ਜਿਸ ਦਾ ਸਕਾਰਾਤਮਿਕ ਲਾਭ ਲੈਣਾ ਚਾਹੀਦਾ ਹੈ, ਤਾਂ ਜੋ ਸਮਾਜ ਅਤੇ ਦੇਸ਼ ਨੂੰ ਅੱਗੇ ਵਧਾਇਆ ਜਾ ਸਕੇ, ਨਾ ਕਿ ਗੁਮਰਾਹ ਕਰਕੇ ਆਪਣੇ ਨਿੱਜੀ ਹਿੱਤਾਂ ਲਈ ਵਰਤਣਾ ਚਾਹੀਦਾ ਹੈ।



ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ,ਖੋਜਕਾਰ

# ਭਲੀ ਕੁੱਖ ਦੇ ਜਾਏ!



ਖੁੱਲ੍ਹੀ ਦਾਹੜੀ ਅਤੇ ਮੁੜ੍ਹਕੇ ਨਾਲ ਭਿੱਜੇ ਸੱਤਰ ਸਾਲਾਂ ਤਾਇਆ ਜੀ ਨੂੰ (ਪਿਓ ਤੇ ਪੁੱਤਰ) ਕਿਤਾਬ ਖਰੀਦਦੇ ਦੇਖ ਕੇ ਸੋਚਿਆ ? ਉਹ ਵੀ ਕਦੇ ਸਕੂਲ ਟੈਰਾਲੀਨ ਪੈਂਟ ਸ਼ਰਟ ਪਾਕੇ ਜਾਂਦੇ ਹੋਣਗੇ। ਤੁਸੀਂ ਸੋਚ ਸਕਦੇ ਕਿ ਤੁਹਾਡੇ ਮਾਪੇ ਵੀ ਕਦੇ ਚਮਕਦੀ ਹਲਚਲ ਵਿੱਚ ਸਨ। ਜਦੋਂ ਨਾ ਫੋਨ ਸੰਪਰਕਾਂ ਦੀ ਜ਼ਰੂਰਤ ਹੁੰਦੀ ਸੀ , ਮੁਲਾਕਾਤਾਂ ਦੀ ਕੋਈ ਇੱਛਾ ਨਹੀਂ ਸੀ। ਉਹ ਵੀ ਕਿਸ਼ੋਰ ਅਵਸਥਾ ਵਿੱਚ ਸਨ ਪਤਾ ਨਹੀਂ ਅਸਮਾਨ ਵਿੱਚ ਕਿੰਨੀਆਂ ਪਤੰਗਾਂ ਕੱਟੀਆਂ ਹੋਣਗੀਆ ? ਤੁਸੀਂ ਕਦੇ ਕੀ ਸੋਚਿਆ ਹੈ ? ਕਿ ਤੁਹਾਡੇ ਆਉਣ ' ਤੇ ਦਸਤਕ ਦਿੰਦੀ ਜਣੇਪੇ ਦੇ ਦਰਦ ਨੂੰ ਕਿਵੇਂ ਕਟਿਆ ਹੋਵੇਗਾ , ਕਦੇ ਕਲਪਨਾ ਵੀ ਨਹੀਂ ਕਰ ਸਕਦੇ।

ਪਰ ਉਹ ਜਾਣਦੇ ਹਨ ਘਰ ਵਿੱਚ ਮਾਪਿਆਂ ਦਾ ਹੋਣਾ ਕਿਵੇਂ ਮਹਿਸੂਸ ਹੁੰਦੈ। ਜਿਵੇਂ ਇੱਕ ਚੰਗੇ ਲਿਖਾਰੀ ਨੂੰ ਪਤਾ ਹੁੰਦੈ ਮੁੱਖ ਪਾਤਰ ਦਾ ਕੀ ਕੰਮ ਹੁੰਦੈ। ਖਾਲੀ ਪੰਨੇ ਉੱਤੇ ਬਹੁਤ ਅਸਾਨੀ ਨਾਲ ਲਿਖਿਆ ਜਾ ਸਕਦਾ ਪਰ ਮੇਰੇ ਜਿਹੇ ਗਲਤੀਆਂ ਨਾਲ ਭਰੇ ਇਨਸਾਨ ਨੂੰ ਠੀਕ ਕਰਨਾ , ਇੱਕ ਭਰੇ ਪੰਨੇ ਤੋਂ ਗਲਤੀਆਂ ਠੀਕ ਕਰਨ ਬਰਾਬਰ ਹੈ ਜਿਹੜਾ ਲਿਖਤ ਤੋਂ ਕਿਤੇ ਜਿਆਦਾ ਔਖਾ। ਕਿਉਕਿ ਕੋਸ਼ਿਸ਼ ਕਰਾਂਗੇ ਤਾਂ ਪਹਿਲਾਂ ਵਾਲਾ ਮਿਟਾਉਣਾ ਪਵੇਗਾ ਫੇਰ ਵੀ ਜਿਹੜਾ ਪਹਿਲਾਂ ਦਾ ਲਿਖਿਆ ਉਸਦੇ ਨਿਸ਼ਾਨ ਰਹਿੰਦੇ। ਲੋਕ ਇੱਕ ਕੋਸ਼ਿਸ਼ ਕਰਨ ਬਾਅਦ ਮੂੰਹ ਮੋੜ ਲੈਂਦੇ। ਜਿਵੇਂ ਅੱਜ ਦੇ ਕਾਹਲੇ ਦਿਮਾਗ ਲੰਬੀਆਂ ਲਿਖਤਾਂ ਨਹੀਂ ਪੜ੍ਹ ਸਕਦੇ , ਬਿਨਾਂ ਕਿਸੇ ਕਾਹਲੀ ਸੋਚਕੇ ਕਿਤਾਬ ਖਰੀਦਣਾ ਬਹੁਤ ਦੂਰ ਦੀ ਗੱਲ। ਮੈਂ ਸਾਇਦ ਜਿਆਦਾ ਖੁਸੀਆਂ ਖਰੀਦਣ ਜਾਂ ਪ੍ਰਾਪਤ ਕਰਨ ਦੀ ਕਿਸਮਤ ਨਾਲ ਪੈਦਾ ਨਹੀਂ ਹੋਇਆ। ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਕਿਸੇ ਭਲੀ ਕੁੱਖ ਦੇ ਜਾਏ ਦੁਆਰਾ ਧੁੰਦਲੀਆਂ ਅੱਖਾਂ , ਝੁਰੜੀਆਂ ਵਾਲੇ ਹੱਥਾਂ ਅਤੇ ਝੁਕੀ ਹੋਈ ਕਮਰ ਨਾਲ ਖਰੀਦੀ ਹੋਈ ਕਿਤਾਬ ਹੈ। ਜਿਹੜੀ ਮੇਰੀਆਂ ਪ੍ਰਾਪਤੀਆਂ , ਡਿਗਰੀਆਂ , ਸਨਮਾਨਿਤ ਚਿੰਨਾ ਤੋਂ ਵੱਧਕੇ ਹੈ।

ਕਦੇ ਕਦੇ ਆਪਣੀਆਂ ਡਿਗਰੀਆਂ , ਆਪਣੇ ਆਪ 'ਤੇ ਗੁੱਸਾ ਆਉਂਦਾ। ਕਿਉਕਿ ਨਾ ਅਸੀਂ ਇਹਨਾਂ ਵਾਂਗ ਕਿਸੇ ਦੀਆਂ ਗਲਤੀਆਂ ਸੁਧਾਰ ਸਕਦੇ। ਨਾਹੀ ਸਾਲਾਂ ਦਾ ਸਫ਼ਰ ਇਹਨਾਂ ਵਾਂਗ ਅਸੀਂ ਆਪਣੇ ਬੱਚਿਆਂ ਨੂੰ ਨਹੀਂ ਸਿੱਖਾ ਸਕਦੇ। ਜਿਵੇਂ ਸਾਡੇ ਮਾਪੇ ਸਾਨੂੰ ਸਭ ਕੁੱਝ ਸਿਖਾਉਂਦੇ ਹਨ ਬਗੈਰ ਇਸ ਗੱਲ ਦੇ ਕਿ ਉਹਨਾਂ ਤੋਂ ਬਗੈਰ ਕਿਵੇਂ ਜਿਉਣਾ ਹੈ। ਜਿਵੇਂ ਕਿਤਾਬ ਖਤਮ ਹੋਣ ਬਾਅਦ ਅਗਲਾ ਪੰਨਾ ਪਲਟਣ ਲਈ ਕੋਈ ਪੰਨਾ ਨਹੀਂ ਹੁੰਦਾ। ਸਾਡੇ ਤੋਂ ਆਪਣਾ ਆਪ ਨਹੀਂ ਸਾਂਭ ਹੁੰਦਾ ਇਹ ਪੁਰਾਣੀਆਂ ਕਿਤਾਬਾਂ ਉੱਤੇ ਜਿਲਦਾਂ ਚੜ੍ਹਾ ਕੇ ਸਾਂਭ ਲੈਂਦੇ ਹਨ। ਜਿਹੜੇ ਆਪ ਸਾਨੂੰ ਨਵੇਂ ਬੂਟ ਲਿਆ ਕੇ ਦੇਣ ਬਾਅਦ ਕਹਿੰਦੇ ਪੁੱਤ ਪੁਰਾਣੇ ਮੈਂ ਪਾ ਲਵਾਂਗਾ।

ਜਗਤਾਰ ਸਿੰਘ ਧਾਲੀਵਾਲ
ਭਗਵਾਨ ਗੜ੍ਹ ਭੁੱਖਿਆਂ ਵਾਲੀ (ਬਠਿੰਡਾ)

# ਖਾਮੋਸ਼ ਹੋ ਗਿਆ ਫ਼ਿਲਮ "ਸ਼ੋਲੇ" ਦਾ ਜੇਲ੍ਹਰ ਅਸਰਾਨੀ



ਜ਼ਿੰਦਗੀ ਦੇ ਰੰਗਮੰਚ 'ਤੇ ਹਾਸੇ ਦਾ ਸਭ ਤੋਂ ਚਮਕਦਾ ਸਿਤਾਰਾ ਆਪਣਾ ਆਖਰੀ ਦ੍ਰਿਸ਼ ਪੂਰਾ ਕਰ ਗਿਆ। ਹਿੰਦੀ ਸਿਨੇਮਾ ਦੇ ਮਸ਼ਹੂਰ ਕਾਮੇਡੀਅਨ ਅਸਰਾਨੀ ਜੀ, ਜਿਨ੍ਹਾਂ ਦੀ ਅਦਾਕਾਰੀ ਨੇ ਪੀੜ੍ਹੀਆਂ ਨੂੰ ਹਸਣ ਦੀ ਵਜ੍ਹਾ ਦਿੱਤੀ, ਹੁਣ ਸਾਡੇ ਵਿਚਕਾਰ ਨਹੀਂ ਰਹੇ। 84 ਸਾਲ ਦੀ ਉਮਰ 'ਚ ਬੀਤੇ ਦਿਨੀਂ ਉਨ੍ਹਾਂ ਨੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖਿਆ। ਉਨ੍ਹਾਂ ਦੇ ਦਿਹਾਂਤ ਨਾਲ ਲੱਗਦਾ ਹੈ ਕਿ ਕਾਮੇਡੀ ਦਾ ਮੰਚ ਹੀ ਸੁੰਨਾ ਹੋ ਗਿਆ ਹੋਵੇ,ਜਿਵੇਂ ਸਦੀਆਂ ਤੋਂ ਚੱਲੀ ਆ ਰਹੀ ਇਹ ਕਲਾ ਕਿਧਰੇ ਖ਼ਾਮੋਸ਼ ਹੋ ਗਈ ਹੋਵੇ।

ਤਕਰੀਬਨ 300 ਫ਼ਿਲਮਾਂ 'ਚ ਰੋਲ ਅਦਾ ਕਰਨ ਵਾਲੇ ਅਸਰਾਨੀ ਜੀ ਦਾ ਅਸਲ ਨਾਮ ਗੋਵਰਧਨ ਅਸਰਾਨੀ ਸੀ ਅਤੇ ਉਨ੍ਹਾਂ ਦਾ ਜਨਮ 1 ਜਨਵਰੀ 1941 ਨੂੰ ਜੈਪੁਰ (ਰਾਜਸਥਾਨ) ਦੇ ਇਕ ਸਿੰਧੀ ਪਰਿਵਾਰ ਵਿੱਚ ਹੋਇਆ। ਬਚਪਨ ਤੋਂ ਹੀ ਉਨ੍ਹਾਂ ਦਾ ਰੁਝਾਣ ਅਭਿਨੇ ਵਿੱਚ ਸੀ ਅਤੇ ਸਕੂਲ ਦੇ ਮੰਚਾਂ 'ਤੇ ਉਹ ਅਕਸਰ ਆਪਣੇ ਹਾਵ-ਭਾਵ ਨਾਲ ਸਭ ਦਾ ਦਿਲ ਜਿੱਤ ਲੈਂਦੇ ਸਨ। ਜੈਪੁਰ ਰੇਡੀਓ 'ਤੇ ਕੰਮ ਕਰਦੇ ਹੋਏ ਉਨ੍ਹਾਂ ਨੇ ਆਪਣੀ ਆਵਾਜ਼ ਤੇ ਅਦਾਇਗੀ ਦੋਵਾਂ ਨੂੰ ਨਿਖਾਰਿਆ,ਫਿਰ ਪੁਣੇ ਦੇ ਫਿਲਮ ਐਂਡ ਟੈਲੀਵਿਜ਼ਨ ਇੰਸਟਿਟਿਊਟ ਆਫ ਇੰਡੀਆ (FTII) ਵਿੱਚ ਅਦਾਕਾਰੀ ਦੀ ਵਿਧੀਵਤ ਸਿੱਖਿਆ ਪ੍ਰਾਪਤ ਕਰ ਉਨ੍ਹਾਂ ਨੇ ਸਮਝਿਆ ਕਿ ਕਾਮੇਡੀ ਸਿਰਫ਼ ਮਜ਼ਾਕ ਹੀ ਨਹੀਂ ਇਹ ਤਾਂ ਜ਼ਿੰਦਗੀ ਦੇ ਦੁੱਖਾਂ ਵਿਚੋਂ ਖੁਸ਼ੀ ਲੱਭਣ ਦੀ ਇਕ ਅਜਿਹੀ ਕਲਾ ਹੈ ਜਿਸ ਦੀ ਹਰ ਕਿਸੇ ਨੂੰ ਲੋੜ ਹੈ।

ਅਸਰਾਨੀ ਨੇ 1967 ਵਿੱਚ ਫਿਲਮ "ਹਰੇ ਕਾਂਚ ਕੀ ਚੂੜੀਆਂ" ਨਾਲ ਸਿਨੇ ਜਗਤ ਵਿੱਚ ਪੈਰ ਰੱਖਿਆ। ਸ਼ੁਰੂਆਤ ਭਾਵੇਂ ਛੋਟੀ ਭੂਮਿਕਾ ਨਾਲ ਹੋਈ, ਪਰ ਜਲਦੀ ਹੀ ਉਨ੍ਹਾਂ ਦੀ ਕਾਮੇਡੀ, ਚਿਹਰੇ ਦੇ ਅੰਦਾਜ਼ ਅਤੇ ਸ਼ੁੱਧ ਹਾਸੇ ਨੇ ਦਰਸ਼ਕਾਂ ਦੇ ਦਿਲ ਮੋਹ ਲਏ। "ਬਾਵਰਚੀ" (1972), "ਆਜ ਕੀ ਤਾਜ਼ਾ ਖ਼ਬਰ" (1973), ਅਤੇ "ਛੋਟੀ ਸੀ ਬਾਤ" (1975) ਵਰਗੀਆਂ ਫਿਲਮਾਂ ਨੇ ਉਨ੍ਹਾਂ ਨੂੰ ਪ੍ਰਸਿੱਧੀ ਦੇ ਰਾਹ 'ਤੇ ਲਿਆਂਦਾ। ਪਰ ਉਨ੍ਹਾਂ ਦੀ ਸਿਨੇ-ਯਾਤਰਾ ਦਾ ਸਭ ਤੋਂ ਚਮਕਦਾ ਪਲ ਸੀ ਰਮੇਸ਼ ਸਿੱਪੀ ਦੀ ਫਿਲਮ "ਸ਼ੋਲੇ"(1975) ਜਿਸ 'ਚ ਉਹ "ਅੰਗਰੇਜ਼ਾ ਦੇ ਸਮਿਆਂ ਵਾਲੇ ਜੇਲ੍ਹਰ" ਰਾਹੀਂ ਕਿਰਦਾਰ 'ਚ ਦਿਖਾਈ ਦਿੱਤੇ ਅਤੇ ਉਨ੍ਹਾਂ ਦਾ ਪ੍ਰਸਿੱਧ ਡਾਇਲਾਗ ਸੀ "ਹਮ ਅੰਗਰੇਜ਼ੋ ਕੇ ਜ਼ਮਾਨੇ ਕੇ ਜੇਲ੍ਹਰ ਹੈ..." ਜੋਕਿ ਇਸ ਤਰ੍ਹਾਂ ਅਮਰ ਹੋਇਆ ਕਿ ਅੱਜ ਵੀ ਅਸਰਾਨੀ ਦਾ ਨਾਮ ਲੈਂਦਿਆਂ ਹੀ ਇਹ ਡਾਇਲਾਗ ਸਾਡੇ ਬੁੱਲ੍ਹਾਂ 'ਤੇ ਆ ਜਾਂਦਾ ਹੈ। ਉਹ ਜਿੱਥੇ ਵੀ ਜਾਂਦੇ ਲੋਕ ਉਨ੍ਹਾਂ ਨੂੰ "ਸ਼ੋਲੇ" ਫਿਲਮ ਵਾਲਾ ਜੇਲ੍ਹਰ ਦਾ ਡਾਇਲਾਗ ਸੁਣਾਉਣ ਲਈ ਕਹਿੰਦੇ। ਅਸਰਾਨੀ ਜੀ ਦੀ ਕਾਮੇਡੀ ਸ਼ੁੱਧਤਾ ਦਾ ਪ੍ਰਤੀਕ ਸੀ,ਅਸ਼ਲੀਲਤਾ ਤੋਂ ਦੂਰ ਸਿਰਫ਼ ਹਲਕਾ ਹਾਸਾ ਜੋ ਮਨ ਨੂੰ ਛੂਹਣ ਵਾਲਾ ਸੀ।

ਉਨ੍ਹਾਂ ਦੇ ਫ਼ਿਲਮੀ ਕਿਰਦਾਰ ਅਕਸਰ ਆਮ ਮਨੁੱਖ ਦੀ ਸਾਦਗੀ, ਭੋਲੇਪਨ ਅਤੇ ਜੀਵਨ ਦੇ ਮਿਠੇ ਮੋੜਾਂ ਦੇ ਅਕਸ ਸਨ।

ਉਹਨਾਂ ਨੇ "ਚੁੱਪਕੇ ਚੁੱਪਕੇ", "ਨਮਕ ਹਰਾਮ", "ਅਮਰ ਅਕਬਰ ਐਨਥਨੀ", "ਆਂਖੇ", "ਹੇਰਾ ਫੇਰੀ" ਅਤੇ "ਭੂਲ ਭੁਲਿਈਆਂ " ਵਰਗੀਆਂ ਅਨੇਕਾਂ ਹਿੱਟ ਫਿਲਮਾਂ ਵਿੱਚ ਆਪਣਾ ਜਲਵਾ ਵਿਖਾਇਆ।

ਆਪਣੇ ਪੰਜ ਦਹਾਕਿਆਂ ਦੇ ਫ਼ਿਲਮੀ ਸਫ਼ਰ ਦੌਰਾਨ ਅਸਰਾਨੀ ਨੇ ਅਮਿਤਾਭ ਬੱਚਨ ਤੋਂ ਲੈ ਕੇ ਆਮਿਰ ਖਾਨ ਵਰਗੇ ਕਈ ਮਹਾਨ ਅਦਾਕਾਰਾਂ ਅਤੇ ਅਨੇਕ ਪ੍ਰਸਿੱਧ ਨਿਰਦੇਸ਼ਕਾਂ ਨਾਲ ਕੰਮ ਕਰਦਿਆਂ ਆਪਣੀ ਕਲਾ ਦਾ ਜਲਵਾ ਵਿਖਾਇਆ।ਅਸਰਾਨੀ ਉਹਨਾਂ ਕੁਝ ਅਦਾਕਾਰਾਂ 'ਚੋਂ ਸਨ ਜਿਨ੍ਹਾਂ ਨੇ ਕਾਮੇਡੀ, ਚਰਿੱਤਰ ਅਤੇ ਗੰਭੀਰਤਾ ਤਿੰਨਾਂ ਕਿਸਮ ਦੀਆਂ ਭੂਮਿਕਾਵਾਂ ਨੂੰ ਬੇਹੱਦ ਖੂਬੀ ਨਾਲ ਨਿਭਾਈਆਂ। ਸਿਰਫ਼ ਅਦਾਕਾਰੀ ਹੀ ਨਹੀਂ, ਉਨ੍ਹਾਂ ਨੇ ਫ਼ਿਲਮਾਂ ਦਾ ਨਿਰਦੇਸ਼ਨ ਵੀ ਕੀਤਾ।

ਪੰਜਾਬੀ ਫਿਲਮ "ਯਾਰੀਆਂ" (2008) ਵਿੱਚ ਉਨ੍ਹਾਂ ਵਲੋਂ ਡਾਕਟਰ ਪਲਟਾ ਦੇ ਰੋਲ ਨੇ ਪੰਜਾਬੀ ਦਰਸ਼ਕਾਂ ਦੇ ਦਿਲ ਵੀ ਜਿੱਤ ਲਏ।

ਉਨ੍ਹਾਂ ਦੀ ਆਖ਼ਰੀ ਫਿਲਮ "ਨਾਨ ਸਟਾਪ ਧਮਾਲ" (2023) ਸੀ,ਜਿਸ ਵਿਚ ਉਨ੍ਹਾਂ ਨੇ ਆਪਣੀ ਵਖਰੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਹਸਣ ਲਈ ਮਜਬੂਰ ਕੀਤਾ। ਫਿਲਮਾਂ ਤੋਂ ਇਲਾਵਾ, ਉਹ ਕਈ ਟੈਲੀਵਿਜ਼ਨ ਸੀਰੀਅਲਾਂ ਵਿੱਚ ਵੀ ਨਜ਼ਰ ਆਏ। ਕਿਉਂਕਿ ਉਹ ਮੰਨਦੇ ਸਨ ਕਿ ਹਾਸਾ ਉਹ ਸ਼ੈਅ ਹੈ ਜਿਸਦੀ ਕੋਈ ਹੱਦ ਨਹੀਂ ਹੁੰਦੀ ਨਾ ਹੀ ਇਹ ਕੋਈ ਧਰਮ ਦੇਖਦਾ ਹੈ, ਨਾ ਜਾਤ, ਨਾ ਭਾਸ਼ਾ ਇਹ ਤਾਂ ਸਿਰਫ਼ ਮਨੁੱਖਤਾ ਨੂੰ ਜੋੜਨ ਦਾ ਇਕ ਜ਼ਰੀਆ ਹੈ।

ਅਸਰਾਨੀ ਦੇ ਤੁਰ ਜਾਣ ਨਾਲ ਸਿਨੇ ਜਗਤ ਨੇ ਸਿਰਫ਼ ਇੱਕ ਕਲਾਕਾਰ ਹੀ ਨਹੀਂ, ਸਗੋਂ ਇੱਕ ਯੁੱਗ ਗੁਆ ਲਿਆ ਹੈ। ਪਰ ਉਹਨਾਂ ਵਲੋਂ ਫ਼ਿਲਮਾਂ 'ਚ ਦਿੱਤੇ ਗਏ ਕਾਮੇਡੀ ਰੋਲ, ਉਹਨਾਂ ਦੇ ਡਾਇਲਾਗ ਅਤੇ ਉਹਨਾਂ ਦੀਆਂ ਫਿਲਮਾਂ ਸਦਾ ਸਾਡੇ ਦਿਲਾਂ ਵਿੱਚ ਜੀਉਂਦੀਆਂ ਰਹਿਣਗੀਆਂ।

ਉਹ ਸਾਨੂੰ ਸਿਖਾ ਗਏ ਹਨ ਕਿ "ਜ਼ਿੰਦਗੀ ਕਿੰਨੀ ਵੀ ਮੁਸ਼ਕਲ ਕਿਉ ਨਾ ਹੋਵੇ,ਪਰ ਹਾਸਾ ਕਦੇ ਰੁਕਣਾ ਨਹੀਂ ਚਾਹੀਦਾ। "

ਅਸਰਾਨੀ ਜੀ ਦਾ ਸਫ਼ਰ ਭਾਵੇਂ ਇਥੇ ਰੁਕ ਜਰੂਰ ਗਿਆ ਹੈ,ਪਰ ਉਨ੍ਹਾਂ ਵਲੋਂ ਆਪਣੇ ਫ਼ਿਲਮੀ ਕੈਰੀਅਰ 'ਚ ਪਾਇਆ ਹਾਸਾ ਸਦੀਵੀ ਹੀ ਸਾਡੇ ਚਿਹਰਿਆਂ 'ਤੇ ਮੁਸਕਾਨ ਲਿਉਂਦਾ ਰਹੇਗਾ।



ਬਲਦੇਵ ਸਿੰਘ ਬੇਦੀ, ਜਲੰਧਰ,
90419-25181

AUTOBAHN
FREIGHT LINES LTD
Now Hiring
Professional AZ Drivers
& Owner Operators
from
TO & WINDSOR, ON TO USA
We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test
We Offer:
• Dedicated lanes from WINDSOR to OH, ILL, MO, GA, TN, KY, OK
Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con, Trucks
For more information call Paul
416-741-0204
Or email at: pauls@autobahnfreight.com
www.autobahnfreight.com

SherGill Law Firm
Barrister, Solicitor & Notary Public
A Firm That Acts Big!
Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters
Paramjit Singh Gill (MBA, LL.B.)
Tel: 905-790-3636
Emergency Contact: 416-910-5676
www.shergilllawfirm.ca
2565 Steeles Ave E. Unit #20, Brampton, ON L6T 4L6

# ਵਿਸ਼ਵ ਦੇ ਮਹਾਨ ਖਿਡਾਰੀ 'ਫਲਾਈਂਗ ਸੁਆਣੀ' ਫੈਨੀ ਬਲੈਂਕਰਸ ਕੋਇਨ



ਪ੍ਰਿੰਸੀਪਲ ਸਰਵਣ ਸਿੰਘ

ਨੀਦਰਲੈਂਡਜ਼ ਦੀ 'ਡੱਚ ਸੁਆਣੀ' ਫੈਨੀ ਨੇ 16 ਵਿਸ਼ਵ ਰਿਕਾਰਡ ਤੋੜੇ! ਉਹ ਅਥਲੈਟਿਕਸ ਦੇ 8 ਈਵੈਂਟ ਕਰਦੀ ਸੀ ਤੇ ਅੱਠਾਂ ਵਿਚ ਹੀ ਉਹਦੇ ਵਿਸ਼ਵ ਰਿਕਾਰਡ ਸਨ। ਉਹ ਇਕੋ ਓਲੰਪਿਕਸ ਵਿਚੋਂ 4 ਗੋਲਡ ਮੈਡਲ ਜਿੱਤਣ ਵਾਲੀ ਵਿਸ਼ਵ ਦੀ ਪਹਿਲੀ ਔਰਤ ਦੌੜਾਕ ਸੀ। ਇਹ ਜਲਵਾ ਉਸ ਨੇ 30 ਸਾਲਾਂ ਦੀ ਉਮਰੇ ਉਦੋਂ ਵਿਖਾਇਆ ਜਦੋਂ ਉਹ ਦੋ ਬੱਚਿਆਂ ਦੀ ਮਾਂ ਸੀ। ਪਿੱਛੋਂ ਪਤਾ ਲੱਗਾ ਸੀ ਕਿ ਓਲੰਪਿਕ ਖੇਡਾਂ ਦੌਰਾਨ ਉਹ ਗਰਭਵਤੀ ਸੀ। ਔਰਤਾਂ ਦੀ ਸਿਹਤ ਸੰਬੰਧੀ ਉਸ ਨੇ ਕਈ ਭਰਮ ਭੁਲੇਖੇ ਦੂਰ ਕੀਤੇ। ਉਹ 6 ਈਵੈਂਟਾਂ 'ਚ ਭਾਗ ਲੈਣਾ ਚਾਹੁੰਦੀ ਸੀ ਪਰ ਉਦੋਂ ਦੇ ਓਲੰਪਿਕ ਨਿਯਮਾਂ ਅਨੁਸਾਰ ਔਰਤ ਅਥਲੀਟਾਂ ਨੂੰ ਵੱਧ ਤੋਂ ਵੱਧ 4 ਈਵੈਂਟਾਂ 'ਚ ਹੀ ਭਾਗ ਲੈਣ ਦੀ ਖੁੱਲ੍ਹ ਸੀ। ਜੇਕਰ 1940 ਤੇ 1944 ਦੀਆਂ ਓਲੰਪਿਕ ਖੇਡਾਂ ਦੂਜੀ ਵਿਸ਼ਵ ਜੰਗ ਦੀ ਭੇਟ ਨਾ ਚੜ੍ਹਦੀਆਂ ਤਾਂ ਉਸ ਦੇ ਗੋਲਡ ਮੈਡਲਾਂ ਦੀ ਗਿਣਤੀ ਦਰਜਨ ਤੋਂ ਵੀ ਵੱਧ ਹੁੰਦੀ।

ਲੰਡਨ-1948 ਦੀਆਂ ਓਲੰਪਿਕ ਖੇਡਾਂ 'ਫੈਨੀ' ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ। ਉਥੇ ਉਸ ਨੇ 4 ਗੋਲਡ ਮੈਡਲ ਜਿੱਤੇ। ਜੇ ਉਦੋਂ 6 ਈਵੈਂਟਾਂ ਵਿਚ ਭਾਗ ਲੈਣ ਦੀ ਖੁੱਲ੍ਹ ਹੁੰਦੀ ਤਾਂ ਉਹ 6 ਗੋਲਡ ਮੈਡਲ ਵੀ ਜਿੱਤ ਸਕਦੀ ਸੀ। ਉਹ ਔਰਤ ਦੇ ਰੂਪ ਵਿਚ ਅਥਲੈਟਿਕਸ ਦੀ ਸ਼ੀਹਣੀ ਸੀ। ਵਿਸ਼ਵ ਦੀ ਉਹ ਪ੍ਰਥਮ ਔਰਤ ਸੀ ਜਿਸ ਨੇ ਇਕੋ ਓਲੰਪਿਕਸ ਵਿਚੋਂ 4 ਸੋਨ ਤਗ਼ਮੇ ਜਿੱਤ ਕੇ ਦੁਨੀਆ ਵਿਚ ਬਹਿਜਾ ਬਹਿਜਾ ਕਰਵਾ ਦਿੱਤੀ। ਜਦੋਂ ਉਹ ਦੌੜਦੀ ਤਾਂ ਉਸ ਦਾ ਪਤੀ ਤੇ ਦੋਵੇਂ ਬੱਚੇ ਉਸ ਨੂੰ ਹੱਲਾਸ਼ੇਰੀ ਦੇਣ ਲਈ ਸਟੇਡੀਅਮ ਵਿਚ ਹਾਜ਼ਰ ਹੁੰਦੇ। ਦੌੜ ਜਿੱਤ ਕੇ ਉਹ ਬੱਚਿਆਂ ਕੋਲ ਆਉਂਦੀ ਤੇ ਉਨ੍ਹਾਂ ਨੂੰ ਪਿਆਰਦੀ ਪੁਚਕਾਰਦੀ।

ਫੈਨੀ ਦਾ ਜਨਮ 26 ਅਪ੍ਰੈਲ 1918 ਨੂੰ ਬਾਰਨ ਨੇੜੇ ਲੈਗ ਵੂਰਚੇ, ਨੀਦਰਲੈਂਡਜ਼ ਵਿਚ ਹੋਇਆ ਸੀ ਤੇ ਮ੍ਰਿਤੂ 25 ਜਨਵਰੀ 2004 ਨੂੰ ਐਮਸਟਰਡਮ ਨੇੜੇ ਹੂਫਡੋਰਪ ਵਿਚ ਹੋਈ। ਉਹ ਆਲਰਾਊਂਡਰ ਖਿਡਾਰਨ ਸੀ ਅਤੇ 1935 ਤੋਂ ਅਥਲੈਟਿਕਸ ਮੁਕਾਬਲਿਆਂ ਵਿਚ ਭਾਗ ਲੈਣ ਲੱਗ ਪਈ ਸੀ। 18 ਸਾਲ ਦੀ ਉਮਰੇ ਉਹ ਬਰਲਿਨ ਦੀਆਂ ਓਲੰਪਿਕ ਖੇਡਾਂ-1936 'ਚ ਭਾਗ ਲੈਣ ਲਈ ਨੀਦਰਲੈਂਡਜ਼ ਦੀ ਟੀਮ ਵਿਚ ਚੁਣੀ ਗਈ ਸੀ ਪਰ ਕੋਈ ਮੈਡਲ ਨਹੀਂ ਸੀ ਜਿੱਤ ਸਕੀ। 1940 ਦੀਆਂ ਓਲੰਪਿਕ ਖੇਡਾਂ 'ਚ ਜਦੋਂ ਉਹ 6 ਮੈਡਲ ਜਿੱਤਣ ਦੀਆਂ ਤਿਆਰੀਆਂ 'ਚ ਜੁਟੀ ਹੋਈ ਸੀ ਤਦ ਦੂਜੀ ਵਿਸ਼ਵ ਜੰਗ ਲੱਗਣ ਕਾਰਨ ਓਲੰਪਿਕ ਖੇਡਾਂ ਮਨਸੂਖ਼ ਹੋ ਗਈਆਂ ਸਨ।

1940 ਦੀਆਂ ਓਲੰਪਿਕ ਖੇਡਾਂ ਟੋਕੀਓ ਨੇ ਕਰਵਾਉਣੀਆਂ ਸਨ। ਪਰ ਦੂਜੇ ਮਹਾਂਯੁੱਧ ਦੇ ਆਸਾਰ ਵੇਖਦਿਆਂ 1938 ਵਿਚ ਹੀ ਜਪਾਨ ਨੇ ਆਪਣੀ ਅਸਮਰੱਥਾ ਪਰਗਟਾ ਦਿੱਤੀ ਸੀ। ਫਿਰ ਖੜ੍ਹੇ ਪੈਰ ਉਹ ਖੇਡਾਂ ਹੈਲਸਿੰਕੀ ਦੇ ਹਵਾਲੇ ਕਰ ਦਿੱਤੀਆਂ ਸਨ। ਹੈਲਸਿੰਕੀ ਓਲੰਪਿਕ ਖੇਡਾਂ ਕਰਾਉਣ ਦੀ ਤਿਆਰੀ ਕਰ ਹੀ ਰਿਹਾ ਸੀ ਕਿ 1939 ਵਿਚ ਦੂਜੀ ਵਿਸ਼ਵ ਜੰਗ ਛਿੜ ਪਈ ਜਿਸ ਕਰਕੇ ਓਲੰਪਿਕ ਖੇਡਾਂ ਖੂਹ ਖਾਤੇ ਪੈ ਗਈਆਂ। 1944 ਦੀਆਂ ਓਲੰਪਿਕ ਖੇਡਾਂ ਲੰਡਨ ਨੂੰ ਸੌਂਪੀਆਂ ਗਈਆਂ ਪਰ ਜੰਗ ਉਦੋਂ ਤਕ ਵੀ ਨਾ ਮੁੱਕੀ ਜਿਸ ਕਰਕੇ ਉਹ ਖੇਡਾਂ ਵੀ ਨਾ ਹੋ ਸਕੀਆਂ। ਇਹ ਉਹ ਸਮਾਂ ਸੀ ਜਦੋਂ ਫੈਨੀ ਆਪਣੇ ਭਰ ਜੋਬਨ 'ਤੇ ਸੀ ਤੇ ਬਿਹਤਰ ਕਾਰਗੁਜ਼ਾਰੀ ਵਿਖਾ ਸਕਦੀ ਸੀ। 1945 ਵਿਚ ਜੰਗ ਹਟੀ ਤਾਂ 1948 ਦੀਆਂ 14ਵੀਆਂ ਓਲੰਪਿਕ ਖੇਡਾਂ ਬਾਰਾਂ ਸਾਲ ਬਾਅਦ ਲੰਡਨ ਵਿਖੇ ਹੋਈਆਂ। ਉਥੇ ਭਾਰਤ ਤੇ ਪਾਕਿਸਤਾਨ ਪਹਿਲੀ ਵਾਰ ਆਜ਼ਾਦ ਮੁਲਕਾਂ ਵਜੋਂ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਏ। ਖੇਡਾਂ ਦਾ ਉਦਘਾਟਨ ਕਿੰਗ ਜਾਰਜ ਛੇਵੇਂ ਨੇ ਕੀਤਾ। ਉਦਘਾਟਨ ਸਮੇਂ 83 ਹਜ਼ਾਰ ਦਰਸ਼ਕ ਵੈਂਬਲੇ ਸਟੇਡੀਅਮ ਵਿਚ ਮੌਜੂਦ ਸਨ। ਪਰ ਜਰਮਨੀ ਤੇ ਜਪਾਨ ਦੇ ਖਿਡਾਰੀ ਉਨ੍ਹਾਂ ਖੇਡਾਂ ਵਿਚ ਸ਼ਾਮਲ ਨਾ ਹੋਏ। ਉਦੋਂ ਲੱਖਾਂ ਜੁਆਨ ਜੰਗ ਦੀ ਭੇਟ ਚੜ੍ਹ ਚੁੱਕੇ ਸਨ ਇਸ ਲਈ ਖੇਡਾਂ ਦੀਆਂ ਤਿਆਰੀਆਂ ਦਾ ਢੁੱਕਵਾਂ ਮਾਹੌਲ ਨਹੀਂ ਸੀ ਬਣਿਆ। ਸਾਰਾ ਯੂਰਪ ਦੂਜੀ ਵਿਸ਼ਵ ਜੰਗ ਨੇ ਉਜਾੜ ਦਿੱਤਾ ਸੀ।



ਬਾਰਾਂ ਸਾਲਾਂ ਤੋਂ ਓਲੰਪਿਕ ਖੇਡਾਂ ਉਡੀਕਦੀ ਫੈਨੀ ਲਈ ਮਸੀਂ ਓਲੰਪਿਕ ਖੇਡਾਂ ਆਈਆਂ ਸਨ।

ਫੈਨੀ 18ਵੇਂ ਸਾਲ 'ਚ ਸੀ ਜਦੋਂ ਬਰਲਿਨ ਦੀਆਂ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਈ ਸੀ। ਲੰਡਨ ਦੀਆਂ ਓਲੰਪਿਕ ਖੇਡਾਂ ਵੇਲੇ ਉਹ 30 ਸਾਲਾਂ ਦੀ ਘਰੇਲੂ ਸੁਆਣੀ ਤੇ ਦੋ ਬੱਚਿਆਂ ਮਾਂ ਬਣ ਚੁੱਕੀ ਸੀ। ਅਜਿਹੀ ਅਵੱਸਥਾ ਵਿਚ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣੇ ਬੇਸ਼ੱਕ ਔਖੇ ਸਨ ਪਰ ਉਸ ਨੇ 100 ਮੀਟਰ ਦੀ ਦੌੜ 11.9 ਸੈਕੰਡ, 80 ਮੀਟਰ ਹਰਡਲਜ਼ ਦੌੜ 12.02 ਸੈਕੰਡ, 200 ਮੀਟਰ ਦੌੜ 24.3 ਸੈਕੰਡ ਤੇ 4+100 ਰਿਲੇਅ ਦੌੜ 47.6 ਸੈਕੰਡ ਵਿਚ ਦੌੜ ਕੇ 4 ਸੋਨ ਤਗ਼ਮੇ ਜਿੱਤੇ ਜੋ ਸਭ ਤੋਂ ਵਧ ਸਨ। ਇਸੇ ਲਈ ਲੰਡਨ ਦੀਆਂ ਓਲੰਪਿਕ ਖੇਡਾਂ ਫੈਨੀ ਬਲੈਂਕਰਸ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ।

ਫੈਨੀ ਦਾ ਪਿਤਾ ਅਰਨੋਲਡਸ ਖੁਦ ਅਥਲੀਟ ਸੀ। ਉਹ ਗੋਲਾ ਤੇ ਡਿਸਕਸ ਸੁੱਟਿਆ ਕਰਦਾ ਸੀ। ਫੈਨੀ ਦੀ ਮਾਤਾ ਹੈਲੇਨਾ ਵੀ ਖੇਡਾਂ 'ਚ ਦਿਲਚਸਪੀ ਰੱਖਦੀ ਸੀ। ਉਨ੍ਹਾਂ ਦੇ ਪੰਜ ਪੁੱਤਰ ਤੇ ਇਕੋ ਧੀ ਸੀ। ਫੈਨੀ ਪਹਿਲਾਂ ਟੈਨਿਸ 'ਚ ਦਿਲਚਸਪੀ ਲੈਣ ਲੱਗੀ ਸੀ ਫਿਰ ਤੈਰਾਕੀ ਤੇ ਜਿਮਨਾਸਟਿਕ ਵਿਚ। ਉਹ ਦੁਚਿੱਤੀ ਵਿਚ ਸੀ ਕਿ ਕਿਹੜੀ ਖੇਡ ਅਪਨਾਵੇ? ਫੈਨੀ ਨੂੰ ਅਥਲੀਟ ਬਣਨ ਦੀ ਸਲਾਹ ਉਹਦੇ ਤੈਰਾਕੀ ਦੇ ਕੋਚ ਨੇ ਹੀ ਦਿੱਤੀ ਸੀ। ਅੱਲ੍ਹੜ ਅਵੱਸਥਾ ਵਿਚ ਉਹ ਵੇਲ ਵਾਂਗ ਵਧ ਰਹੀ ਸੀ ਤੇ ਉਹਦਾ ਕੱਦ 5 ਫੁੱਟ 9 ਇੰਚ ਹੋ ਗਿਆ ਸੀ। ਸਾਫ ਦਿਸਣ ਲੱਗ ਪਿਆ ਸੀ ਕਿ ਉਹ ਚੋਟੀ ਦੀ ਅਥਲੀਟ ਬਣੇਗੀ। ਫੈਨੀ 17 ਸਾਲਾਂ ਦੀ ਸੀ ਜਦੋਂ ਪਹਿਲੀ ਵਾਰ ਦੌੜ ਮੁਕਾਬਲਿਆਂ 'ਚ ਸ਼ਾਮਲ ਹੋਈ। ਉਸ ਨੇ ਪੈਂਦੀ ਸੱਟੇ 800 ਮੀਟਰ ਦੌੜ ਦਾ ਨਵਾਂ ਨੈਸ਼ਨਲ ਰਿਕਾਰਡ ਰੱਖ ਦਿੱਤਾ। ਉਦੋਂ ਔਰਤਾਂ ਲਈ ਇਹ ਸਭ ਤੋਂ ਲੰਮੀ ਦੌੜ ਹੁੰਦੀ ਸੀ। ਪਰ 1928 ਦੀਆਂ ਓਲੰਪਿਕ ਖੇਡਾਂ ਸਮੇਂ 800 ਮੀਟਰ ਦੀ ਦੌੜ 'ਚ ਕੁਝ ਬੀਬੀਆਂ ਦੇ ਬੇਹੋਸ਼ ਹੋ ਕੇ ਡਿੱਗਣ ਕਾਰਨ 1932 ਦੀਆਂ ਓਲੰਪਿਕ ਖੇਡਾਂ 'ਚੋਂ 800 ਮੀਟਰ ਦੀ ਦੌੜ ਹਟਾ ਲਈ ਗਈ ਸੀ।

1928 ਦੀਆਂ ਓਲੰਪਿਕ ਖੇਡਾਂ ਵਿਚ ਜਾਨ ਬਲੈਂਕਰਸ ਨੇ ਤੀਹਰੀ ਛਾਲ ਲਾਉਣ 'ਚ ਭਾਗ ਲਿਆ ਸੀ। 1936 ਤੋਂ ਪਹਿਲਾਂ ਉਹ ਫੈਨੀ ਦਾ ਦੋਸਤ ਬਣ ਗਿਆ ਸੀ। ਉਸ ਨੇ ਫੈਨੀ ਨੂੰ ਸਲਾਹ ਦਿੱਤੀ ਕਿ ਉਹ ਉੱਚੀ ਛਾਲ ਤੇ 4+100 ਮੀਟਰ ਰਿਲੇਅ ਦੌੜ ਦੇ ਹੀ ਟ੍ਰਾਇਲ ਦੇਵੇ। ਉਸ ਨੇ ਉਵੇਂ ਹੀ ਕੀਤਾ ਤੇ ਬਰਲਿਨ ਦੀਆਂ ਓਲੰਪਿਕ ਖੇਡਾਂ ਲਈ ਨੀਦਰਲੈਂਡਜ਼ ਦੀ ਅਥਲੈਟਿਕ ਟੀਮ ਵਿਚ ਚੁਣੀ ਗਈ ਪਰ ਕੋਈ ਮੈਡਲ ਨਾ ਜਿੱਤ ਸਕੀ। 1938 ਦਾ ਸਾਲ ਉਹਦੇ ਲਈ ਏਨਾ ਭਾਗਾਂ ਵਾਲਾ ਰਿਹਾ ਕਿ ਉਸ ਨੇ ਇਕ ਅੰਤਰਰਾਸ਼ਟਰੀ ਮੁਕਾਬਲੇ ਵਿਚ 100 ਗਜ਼ ਦੀ ਦੌੜ ਦਾ ਨਵਾਂ ਵਿਸ਼ਵ ਰੱਖ ਦਿੱਤਾ! ਭਵਿੱਖ ਬਾਣੀਆਂ ਹੋਣ ਲੱਗ ਪਈਆਂ ਕਿ 1940 ਦੀਆਂ ਓਲੰਪਿਕ ਖੇਡਾਂ ਫੈਨੀ ਦੀਆਂ ਖੇਡਾਂ ਹੋਣਗੀਆਂ। ਪਰ 1939 'ਚ ਲੱਗੀ ਵਿਸ਼ਵ ਜੰਗ ਨੇ 1940 ਦੀਆਂ ਓਲੰਪਿਕ ਖੇਡਾਂ ਹੋਣ ਹੀ ਨਾ ਦਿੱਤੀਆਂ। ਓਲੰਪਿਕ ਖੇਡਾਂ ਦੀ ਝਾਕ ਮੁੱਕ ਜਾਣ ਨਾਲ 1940 ਵਿਚ ਫੈਨੀ ਦਾ ਵਿਆਹ ਉਹਦੇ ਅਥਲੈਟਿਕਸ ਦੇ ਕੋਚ ਬਣੇ ਜਾਨ ਬਲੈਂਕਰਸ ਨਾਲ ਹੋ ਗਿਆ ਜੋ ਉਸ ਤੋਂ ਕਾਫੀ ਵੱਡਾ ਸੀ। ਜਾਨ ਉਦੋਂ ਨੀਦਰਲੈਂਡਜ਼ ਦੀਆਂ ਅਥਲੀਟ ਕੁੜੀਆਂ ਦਾ ਕੋਚ ਤੇ ਖੇਡ ਪੱਤਰਕਾਰ ਸੀ। ਵਿਆਹ ਪਿੱਛੋਂ ਫੈਨੀ ਦਾ ਨਾਂ ਫੈਨੀ ਬਲੈਂਕਰਸ ਕੋਇਨ ਵੱਜਣ ਲੱਗਾ। ਉਹੀ ਕੋਚ ਜੋ 800 ਮੀਟਰ ਦੀ ਦੌੜ ਔਰਤਾਂ ਲਈ ਘਾਤਕ ਸਮਝਦਾ ਸੀ, ਫੈਨੀ ਨਾਲ ਵਿਆਹ ਕਰਵਾਉਣ ਪਿੱਛੋਂ ਕਹਿਣ ਲੱਗ ਪਿਆ ਕਿ ਔਰਤਾਂ ਲਈ 800 ਮੀਟਰ ਦੌੜ ਸੁਰੱਖਿਅਤ ਹੈ। ਬਾਅਦ ਵਿਚ ਤਾਂ ਔਰਤਾਂ 42 ਕਿਲੋਮੀਟਰ ਦੀ ਮੈਰਾਥਨ ਦੌੜ ਵੀ ਲਾਉਣ ਲੱਗ ਪਈਆਂ। ਹੁਣ ਔਰਤਾਂ ਉਹ ਸਾਰੇ ਈਵੈਂਟ ਕਰਦੀਆਂ ਹਨ ਜੋ ਮਰਦ ਕਰਦੇ ਹਨ।

ਵਿਆਹ ਉਪਰੰਤ ਫੈਨੀ ਨੇ 1942 ਵਿਚ ਪਲੇਠੇ ਬੱਚੇ ਨੂੰ ਜਨਮ ਦਿੱਤਾ ਜਿਸ ਦਾ ਨਾਂ ਜਾਨ ਜੂਨੀਅਰ ਰੱਖਿਆ ਗਿਆ। ਬੱਚੇ ਦੇ ਜਨਮ ਤੋਂ ਕੁਝ ਹਫ਼ਤਿਆਂ ਬਾਅਦ ਹੀ ਫੈਨੀ ਮੁੜ ਟ੍ਰੈਕ 'ਤੇ ਦੌੜਨ ਅਤੇ ਪਿੱਚ 'ਚ ਛਾਲਾਂ ਲਾਉਣ ਲੱਗੀ ਜੋ ਉਹਨੀਂ ਦਿਨੀਂ ਅਲੋਕਾਰ ਗੱਲ ਸੀ। ਮਾਂ ਬਣ ਕੇ ਉਸ ਨੇ 1942-44 ਦੌਰਾਨ 6 ਨਵੇਂ ਵਿਸ਼ਵ ਰਿਕਾਰਡ ਰੱਖੇ ਜਿਨ੍ਹਾਂ 'ਚੋਂ ਇਕ ਰਿਕਾਰਡ 1954 ਤੱਕ ਅਟੁੱਟ ਰਿਹਾ।

1945 ਵਿੱਚ ਜਦੋਂ ਜੰਗ ਕਾਰਨ ਨੀਦਰਲੈਂਡਜ਼ ਵਿਚ ਕਾਲ ਪਿਆ ਹੋਇਆ ਸੀ ਉਦੋਂ ਫੈਨੀ ਨੇ ਧੀ ਨੂੰ ਜਨਮ ਦਿੱਤਾ ਜਿਸ ਦਾ ਨਾਂ ਫੈਨਕ ਰੱਖਿਆ ਗਿਆ। ਦੂਜੇ ਬੱਚੇ ਦੇ ਜਨਮ ਤੋਂ 7 ਮਹੀਨਿਆਂ ਬਾਅਦ ਉਹ ਮਸੀਂ ਟ੍ਰੇਨਿੰਗ ਕਰਨ ਜੋਗੀ ਹੋਈ। ਫੈਨੀ ਫਿਰ 1946-47 ਦੀ ਸਰਬੋਤਮ ਅਥਲੀਟ ਮੰਨੀ ਜਾਣ ਲੱਗੀ ਤੇ ਉਸ ਦਾ ਨਾਂ 'ਫਲਾਈਂਗ ਡੱਚ ਸੁਆਣੀ' ਗੂੰਜਣ ਲੱਗਾ। 1947 ਵਿਚ ਉਸ ਨੇ ਨੀਦਰਲੈਂਡਜ਼ ਦੇ 6 ਕੌਮੀ ਟਾਈਟਲ ਜਿੱਤੇ। ਉਦੋਂ ਉਹ 1948 ਵਿਚ ਹੋ ਰਹੀਆਂ ਓਲੰਪਿਕ ਖੇਡਾਂ ਲਈ ਪੂਰੀ ਤਰ੍ਹਾਂ ਤਿਆਰ ਸੀ।

ਉਂਜ ਤਾਂ ਉਹ 2 ਛਾਲਾਂ ਤੇ 4 ਦੌੜਾਂ ਦੇ ਕੁਲ 6 ਈਵੈਂਟਾਂ ਵਿਚ ਭਾਗ ਲੈਣਾ ਚਾਹੁੰਦੀ ਸੀ ਪਰ ਆਗਿਆ ਚਾਰ ਦੌੜਾਂ ਦੀ ਹੀ ਸੀ। ਉਨ੍ਹਾਂ ਵਿਚ 3 ਵਿਅਕਤੀਗਤ ਸਨ ਤੇ ਇਕ ਰਿਲੇਅ ਰੇਸ ਸੀ। ਉਸ ਵੇਲੇ 6 ਵਿਸ਼ਵ ਰਿਕਾਰਡ ਉਹਦੇ ਨਾਂ ਸਨ। ਕੁਝ ਖੇਡ ਪੱਤਰਕਾਰ ਤੇ ਕੋਚ ਸਲਾਹਾਂ ਦੇ ਰਹੇ ਸਨ ਕਿ ਦੋ ਬੱਚਿਆਂ ਦੀ ਮਾਂ ਤੇ ਗਰਭਵਤੀ ਔਰਤ ਖੇਡ ਮੁਕਾਬਲਿਆਂ ਵਿਚ ਭਾਗ ਨਾ ਲਵੇ। ਬ੍ਰਿਟਿਸ਼ ਟੀਮਾਂ ਦੇ ਮੈਨੇਜਰ ਰਹੇ ਜੈਕ ਕਰੰਪ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ ਕਿ ਫੈਨੀ ਹੁਣ ਬਾਲ ਬੱਚੇ ਪਾਲੇ ਤੇ ਪਰਿਵਾਰ ਵੱਲ ਧਿਆਨ ਦੇਵੇ। ਪਰ ਉਸ ਨੂੰ 12 ਸਾਲਾਂ ਦੀ ਉਡੀਕ ਪਿੱਛੋਂ ਮਸੀਂ ਓਲੰਪਿਕ ਖੇਡਾਂ 'ਚ ਭਾਗ ਲੈਣ ਦਾ ਮੌਕਾ ਮਿਲਿਆ ਸੀ।

ਲੰਡਨ ਦੀਆਂ ਓਲੰਪਿਕ ਖੇਡਾਂ ਵਿਚ ਉਹ 100 ਮੀਟਰ ਦੌੜ ਦੇ ਫਾਈਨਲ ਵਿਚ ਪਹੁੰਚ ਗਈ। ਫਾਈਨਲ ਦੌੜ ਕਣੀਆਂ ਨਾਲ ਗਿੱਲੇ ਹੋਏ ਟ੍ਰੈਕ ਉਤੇ ਹੋਈ। ਮੌਰੀਨ ਗਾਰਡਨਰ ਨਾਲ ਖਹਿਵੇਂ ਮੁਕਾਬਲੇ ਵਿਚ ਉਹ ਦੌੜ ਫੈਨੀ ਨੇ 11.2 ਸੈਕੰਡ ਵਿਚ ਮਸੀਂ ਜਿੱਤੀ। ਫੈਨੀ ਪਹਿਲੀ ਡੱਚ ਅਥਲੀਟ ਸੀ ਜੋ ਓਲੰਪਿਕ ਖੇਡਾਂ ਵਿਚ 100 ਮੀਟਰ ਦੀ ਦੌੜ 'ਚ ਏਡਾ ਵੱਡਾ ਮਾਅਰਕਾ ਮਾਰ ਸਕੀ। ਉਸ ਪਿੱਛੋਂ ਫੈਨੀ ਨੇ 80 ਮੀਟਰ ਹਰਡਲਜ਼ ਦੌੜ ਵੀ ਜਿੱਤ ਲਈ। 200 ਮੀਟਰ ਦੀ ਦੌੜ ਉਹਦੇ ਲਈ ਜਿਉਣ ਮਰਨ ਦਾ ਸਵਾਲ ਸੀ। ਬੱਚਿਆਂ ਖ਼ਾਤਰ ਉਹ ਦੌੜ ਛੱਡਣਾ ਚਾਹੁੰਦੀ ਪਰ ਉਹਦੇ ਕੋਚ ਪਤੀ ਨੇ ਦੌੜ ਲਵਾ ਹੀ ਦਿੱਤੀ। ਉਸ ਵਿਚ ਵੀ ਉਹ ਜੇਤੂ ਰਹੀ। 4+100 ਮੀਟਰ ਰਿਲੇਅ ਦੌੜ ਜਿੱਤਣ ਨਾਲ ਫੈਨੀ ਦੇ 4 ਗੋਲਡ ਮੈਡਲ ਹੋ ਗਏ। 30 ਸਾਲ ਦੀ ਉਮਰੇ ਫੈਨੀ ਦੀ ਐਡੀ ਵੱਡੀ ਪ੍ਰਾਪਤੀ ਨਾਲ ਉਹਦੇ ਚਰਚੇ ਕੁਲ ਦੁਨੀਆ ਵਿਚ ਹੋਣ ਲੱਗੇ। ਜੇ 1940 ਤੇ 1944 ਦੀਆਂ ਓਲੰਪਿਕ ਖੇਡਾਂ ਹੋ ਜਾਂਦੀਆਂ ਤਾਂ ਫੈਨੀ ਦੇ ਗੋਲਡ ਮੈਡਲ ਦਰਜਨ ਤੋਂ ਵੀ ਟੱਪ ਜਾਂਦੇ।

1948 ਦੀਆਂ ਓਲੰਪਿਕ ਖੇਡਾਂ ਵਿਚ ਔਰਤਾਂ ਦੀ ਅਥਲੈਟਿਕਸ ਦੇ ਕੁਲ 9 ਈਵੈਂਟ ਸਨ ਜਿਨ੍ਹਾਂ 'ਚੋਂ 4 ਈਵੈਂਟ ਫੈਨੀ ਨੇ ਜਿੱਤੇ। ਇਹ ਸਾਰਾ ਕੁਝ 8 ਦਿਨਾਂ 'ਚ ਹੋਇਆ। ਜਦੋਂ ਉਹ ਲੰਡਨ ਓਲੰਪਿਕਸ ਤੋਂ ਵਾਪਸ ਆਪਣੇ ਘਰ ਮੁੜੀ ਤਾਂ ਉਹਦੇ ਦੇਸ਼ਵਾਸੀਆਂ ਨੇ 'ਨੀਦਰਲੈਂਡਜ਼ ਦੀ ਸ਼ਾਨ' ਬਣੀ ਫੈਨੀ ਦਾ ਭਰਵਾਂ ਸਵਾਗਤ ਕੀਤਾ। ਉਸ ਨੂੰ ਚਾਰ ਚਿੱਟੇ ਘੋੜਿਆਂ ਵਾਲੀ ਬੱਘੀ 'ਤੇ ਬਿਠਾ ਸ਼ਹਿਰ ਵਿਚ ਲਿਜਾਇਆ ਗਿਆ। ਸ਼ਹਿਰ ਦੇ ਲੋਕਾਂ ਵੱਲੋਂ ਉਸ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ। ਮਹਾਰਾਣੀ ਜੁਲਿਆਨਾ ਨੇ ਫੈਨੀ ਬਲੈਂਕਰਸ ਕੋਇਨ ਨੂੰ 'ਆਰਡਰ ਆਫ਼ ਓਰੈਂਜ ਨਸੌਅ' ਨਾਲ ਸਨਮਾਨਿਆ। ਫਿਰ ਫੈਨੀ ਨੇ 5 ਯੂਰਪੀ ਟਾਈਟਲ ਵੀ ਜਿੱਤੇ ਤੇ 33 ਸਾਲ ਦੀ ਉਮਰੇ ਪੈਂਟੈਥਲੋਨ ਦੇ ਵਿਸ਼ਵ ਰਿਕਾਰਡ ਦੀ ਬਰਾਬਰੀ ਕਰ ਕੇ 1955 ਵਿਚ ਉਹ ਸਰਗਰਮ ਖੇਡ ਮੁਕਾਬਲਿਆਂ ਤੋਂ ਰਿਟਾਇਰ ਹੋਈ। ਉਸ ਨੇ ਸਿੱਧ ਕੀਤਾ ਕਿ ਔਰਤਾਂ ਮਾਵਾਂ ਬਣ ਕੇ ਵੀ ਮਰਦਾਂ ਵਾਂਗ ਸਖ਼ਤ ਤੋਂ ਸਖ਼ਤ ਖੇਡ ਮੁਕਾਬਲੇ ਜਿੱਤ ਸਕਦੀਆਂ ਹਨ।

1999 ਵਿਚ ਫੈਨੀ ਨੂੰ ਇੰਟਰਨੈਸ਼ਨਲ ਐਸੋਸੀਏਸ਼ ਆਫ਼ ਅਥਲੈਟਿਕਸ ਫੈਡਰੇਸ਼ਨਜ਼ ਵੱਲੋਂ 'ਫੀਮੇਲ ਅਥਲੀਟ ਆਫ਼ ਦੀ ਸੈਂਚਰੀ' ਦਾ ਸਨਮਾਨ ਦਿੱਤਾ ਗਿਆ। ਲੰਡਨ ਦੀਆਂ ਓਲੰਪਿਕ ਖੇਡਾਂ ਪਿੱਛੋਂ ਫੈਨੀ ਨੂੰ ਕੰਪਨੀਆਂ ਵੱਲੋਂ ਐਡ ਕਰਨ ਦੀਆਂ ਬੜੀਆਂ ਪੇਸ਼ਕਸ਼ਾਂ ਹੋਈਆਂ ਪਰ ਸ਼ੌਕੀਆ ਖੇਡਾਂ ਦੇ ਨਿਯਮਾਂ ਅਨੁਸਾਰ ਉਸ ਨੇ ਕਿਸੇ ਕੰਪਨੀ ਨਾਲ ਵੀ ਸੌਦਾ ਨਾ ਕੀਤਾ। 1949 ਵਿਚ ਉਹ ਔਰਤਾਂ ਦੀ ਅਥਲੈਟਿਕਸ ਨੂੰ ਪ੍ਰਮੋਟ ਕਰਨ ਲਈ ਆਸਟ੍ਰੇਲੀਆ ਤੇ ਅਮਰੀਕਾ ਗਈ। ਉਸੇ ਸਾਲ ਬ੍ਰੱਸਲਜ਼ ਵਿਚ ਹੋਈ ਯੂਰਪੀ ਚੈਂਪੀਅਨਸ਼ਿਪ ਵਿਚ ਫੈਨੀ ਨੇ 100 ਮੀਟਰ, 200 ਮੀਟਰ ਤੇ 80 ਮੀਟਰ ਹਰਡਲਜ਼ ਦੇ ਟਾਈਟਲ ਜਿੱਤੇ। 34 ਸਾਲ ਦੀ ਉਮਰੇ ਉਸ ਨੇ ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ ਪਰ ਕੋਈ ਤਗਮਾ ਨਾ ਜਿੱਤ ਸਕੀ। 7 ਅਗੱਸਤ 1955 ਨੂੰ ਉਸ ਨੇ ਗੋਲਾ ਸੁੱਟਣ ਦੇ ਮੁਕਾਬਲੇ ਵਿਚ ਨੀਦਰਲੈਂਡਜ਼ ਦਾ 58ਵਾਂ ਕੌਮੀ ਟਾਈਟਲ ਜਿੱਤ ਕੇ ਰਿਟਾਇਰਮੈਂਟ ਲੈ ਲਈ। ਫਿਰ ਉਹ 1958 ਦੀ ਯੂਰਪੀ ਚੈਂਪੀਅਨਸ਼ਿਪਸ ਤੋਂ ਲੈ ਕੇ 1968 ਦੀਆਂ ਓਲੰਪਿਕ ਖੇਡਾਂ ਤਕ ਡੱਚ ਅਥਲੈਟਿਕਸ ਟੀਮ ਦੀ ਅਗਵਾਈ ਕਰਦੀ ਰਹੀ। 1977 ਵਿਚ ਉਸ ਦਾ ਪਤੀ ਜਾਨ ਬਲੈਂਕਰਸ ਗੁਜ਼ਰ ਗਿਆ ਅਤੇ ਉਹ ਆਪਣੇ ਪੁਰਾਣੇ ਘਰ ਹੂਪਡੋਰਪ ਚਲੀ ਗਈ। 1981 ਤੋਂ ਫੈਨੀ ਬਲੈਂਕਰਸ-ਕੋਇਨ ਖੇਡਾਂ ਸ਼ੁਰੂ ਕੀਤੀਆਂ ਗਈਆਂ ਜੋ ਹਰ ਸਾਲ ਹੋ ਰਹੀਆਂ ਹਨ। 1999 ਵਿਚ ਮੋਨਾਕੋ ਵਿਖੇ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਅਥਲੈਟਿਕਸ ਫੈਡਰੇਸ਼ਨਜ਼ ਨੇ ਫੈਨੀ ਨੂੰ 'ਫੀਮੇਲ ਅਥਲੀਟ ਆਫ਼ ਦਾ ਸੈਂਚਰੀ' ਦਾ ਸਨਮਾਨ ਦਿੱਤਾ।

ਆਖ਼ਰੀ ਉਮਰੇ ਉਹ ਭੁੱਲਣ ਰੋਗ ਦੀ ਸ਼ਿਕਾਰ ਹੋ ਗਈ ਸੀ ਅਤੇ ਸੁਣਨ ਵੀ ਉੱਚਾ ਲੱਗ ਪਿਆ ਸੀ। ਆਖ਼ਰ 25 ਜਨਵਰੀ 2004 ਨੂੰ ਉਹ ਚਲਾਣਾ ਕਰ ਗਈ। 1949 ਵਿਚ ਫੈਨੀ ਨੇ ਆਪਣੇ ਪਤੀ ਜਾਨ ਬਲੈਂਕਰਸ ਦੀ ਮਦਦ ਨਾਲ ਆਪਣੀ ਸਵੈਜੀਵਨੀ ਲਿਖੀ ਸੀ। ਮੌਤ ਤੋਂ ਇਕ ਸਾਲ ਪਹਿਲਾਂ ਪੱਤਰਕਾਰ ਕੀਸ ਕੂਮਨ ਨੇ ਉਹਦੀ ਜੀਵਨੀ 'ਕੁਈਨ ਵਿਦ ਮੈੱਨਜ਼ ਲੈੱਗਜ਼' ਲਿਖੀ। 1968 ਵਿਚ ਮੰਗੋਲੀਆ ਨੇ ਫੈਨੀ ਦੀ ਤਸਵੀਰ ਵਾਲੀਆਂ ਡਾਕ ਟਿਕਟਾਂ ਜਾਰੀ ਕੀਤੀਆਂ। ਬੜਾ ਮਾਣ ਸਨਮਾਨ ਮਿਲਿਆ ਨੀਦਰਲੈਂਡਜ਼ ਦੀ 'ਫਲਾਈਂਗ ਸੁਆਣੀ' ਨੂੰ। ਪਰ ਫੈਨੀ ਅਖ਼ੀਰਲੇ ਦਮ ਤੱਕ ਝੂਰਦੀ ਰਹੀ ਕਿ ਦੂਜੀ ਵਿਸ਼ਵ ਜੰਗ ਨੇ ਉਹਤੋਂ ਦੋ ਓਲੰਪਿਕ ਖੇਡਾਂ ਖੋਹ ਲਈਆਂ ਜਿਨ੍ਹਾਂ 'ਚੋਂ ਪਤਾ ਨਹੀਂ ਉਸ ਨੇ ਕਿੰਨੇ ਗੋਲਡ ਮੈਡਲ ਜਿੱਤਣੇ ਸਨ?

principalsarwansingh@gmail.com

## ਸੁਰਜੀਤ ਹਾਕੀ: ਭਾਰਤ ਪੈਟਰੋਲੀਅਮ ਤੇ ਇੰਡੀਅਨ ਨੇਵੀ ਕੁਆਰਟਰਜ਼ 'ਚ




42ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਭਾਰਤ ਪੈਟਰੋਲੀਅਮ ਮੁੰਬਈ ਨੇ ਕੈਗ ਦਿੱਲੀ ਨੂੰ 2-0 ਨਾਲ ਅਤੇ ਇੰਡੀਅਨ ਨੇਵੀ ਮੁੰਬਈ ਨੇ ਇੰਡੀਅਨ ਆਇਲ ਮੁੰਬਈ ਨੂੰ 2-1 ਦੇ ਫਰਕ ਨਾਲ ਹਰਾ ਕੇ ਕੁਆਰਟਰ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਹੋ ਰਹੇ ਟੂਰਨਾਮੈਂਟ ਦੇ ਛੇਵੇਂ ਦਿਨ ਦੋ ਮੈਚ ਖੇਡੇ ਗਏ। ਪਹਿਲਾ ਲੀਗ ਮੈਚ ਭਾਰਤ ਪੈਟਰੋਲੀਅਮ ਮੁੰਬਈ ਤੇ ਕੈਗ ਦਿੱਲੀ ਦਰਮਿਆਨ ਖੇਡਿਆ ਗਿਆ। ਭਾਰਤ ਪੈਟਰੋਲੀਅਮ ਵੱਲੋਂ 19ਵੇਂ ਮਿੰਟ 'ਚ ਪਰਮਵੀਰ ਸਿੰਘ ਨੇ ਮੈਚ ਦਾ ਪਹਿਲਾ ਗੋਲ ਕੀਤਾ। 27ਵੇਂ ਮਿੰਟ 'ਚ ਸ਼ਾਹਰੁਖ਼ ਅਲੀ ਵੱਲੋਂ ਕੀਤਾ ਦੂਜਾ ਗੋਲ ਵੀ ਭਾਰਤ ਪੈਟਰੋਲੀਅਮ ਦੇ ਖਾਤੇ 'ਚ ਪਿਆ। 2-0 ਨਾਲ ਮੈਚ ਜਿੱਤਣ ਮਗਰੋਂ ਤਿੰਨ ਅੰਕ ਹਾਸਲ ਕਰ ਕੇ ਟੀਮ ਕੁਆਰਟਰ ਫਾਈਨਲ ਵਿੱਚ ਦਾਖਲ ਹੋ ਗਈ। ਦੂਜੇ ਲੀਗ ਮੈਚ ਦੇ 45ਵੇਂ ਮਿੰਟ 'ਚ ਇੰਡੀਅਨ ਆਇਲ ਦੇ ਅਫਾਨ ਯੂਸਫ ਨੇ ਪੈਨਲਟੀ ਕਾਰਨਰ ਰਾਹੀਂ ਮੈਚ ਦਾ ਪਹਿਲਾ ਗੋਲ ਕੀਤਾ। 49ਵੇਂ ਮਿੰਟ ਵਿੱਚ ਇੰਡੀਅਨ ਨੇਵੀ ਮੁੰਬਈ ਦੇ ਸ਼ੁਸ਼ੀਲ ਧਨਵਾਰ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 1-1 ਕਰ ਦਿੱਤਾ। ਆਖਰੀ ਮਿੰਟ ਵਿੱਚ ਇੰਡੀਅਨ ਨੇਵੀ ਦੇ ਕੇ ਸਿਲਵਾ ਰਾਜ ਨੇ ਗੋਲ ਕਰ ਕੇ 2-1 ਦੇ ਫ਼ਰਕ ਨਾਲ ਮੈਚ ਜਿੱਤ ਲਿਆ ਤੇ 6 ਅੰਕਾਂ ਨਾਲ ਕੁਆਰਟਰ ਫਾਈਨਲ 'ਚ ਪਹੁੰਚ ਗਈ ਹੈ।

## ਆਈ ਸੀ ਸੀ ਦਰਜਾਬੰਦੀ 'ਚ ਸ੍ਮਿਤੀ ਮੰਧਾਨਾ ਚੋਟੀ 'ਤੇ




ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ (29) ਨੇ ਚੱਲ ਰਹੇ ਵਿਸ਼ਵ ਕੱਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਸਦਕਾ ਅੱਜ ਮਹਿਲਾ ਇੱਕ ਰੋਜ਼ਾ ਕ੍ਰਿਕਟ ਦਰਜਾਬੰਦੀ 'ਚ ਸਿਖਰਲੀ ਬੱਲੇਬਾਜ਼ ਵਜੋਂ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ। ਸਮ੍ਰਿਤੀ ਨੇ ਆਪਣੇ ਆਖਰੀ ਦੋ ਮੈਚਾਂ 'ਚ ਨਿਊਜ਼ੀਲੈਂਡ ਖ਼ਿਲਾਫ਼ 109 ਦੌੜਾਂ ਤੇ ਬੰਗਲਾਦੇਸ਼ ਖ਼ਿਲਾਫ਼ ਨਾਬਾਦ 34 ਦੌੜਾਂ ਬਣਾਈਆਂ ਸਨ। ਇਨ੍ਹਾਂ ਪਾਰੀਆਂ ਸਦਕਾ ਉਸ ਦੇ 828 ਅੰਕ ਹੋ ਗਏ ਜੋ ਦੂਜੇ ਨੰਬਰ 'ਤੇ ਕਾਬਜ਼ ਆਸਟਰੇਲੀਆ ਦੀ ਐਸ਼ਲੇ ਗਾਰਡਨਰ (731 ਅੰਕ) ਨਾਲੋਂ 87 ਅੰਕ ਵੱਧ ਹਨ। ਗਾਰਡਨਰ ਨੂੰ ਇੰਗਲੈਂਡ ਖ਼ਿਲਾਫ਼ ਨਾਬਾਦ ਸੈਂਕੜਾ ਜੜਨ ਮਗਰੋਂ ਛੇ ਸਥਾਨਾਂ ਦਾ ਫਾਇਦਾ ਹੋਇਆ ਹੈ। ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੌਲਵਾਰਡਟ ਦੋ ਸਥਾਨਾਂ ਦਾ ਫਾਇਦੇ ਨਾਲ ਤੀਜੇ ਸਥਾਨ 'ਤੇ ਆ ਗਈ ਹੈ।

BUY I SELL I INVEST
TEAM GILL



Amarjit Sangha
Sales Representative
905-874-9600
Shamsher Gill
Sales Representative
905-744-4400
Simrat Grewal
Sales Representative
416-414-2878

DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE. INDEPENDENTLY OWNED & OPERATED
MLS MULTIPLE LISTING SERVICE
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW
Shift Available
Morning
Afternoon
Night
Send your resume
disptach.accesspersonnel@gmail.com
Contact: 416-675-2288

# ਡੀਪਫੇਕ ਤਕਨਾਲੋਜੀ- ਲਾਭ ਨਾਲੋਂ ਨੁਕਸਾਨ ਵੱਧ



ਜਸਵਿੰਦਰ ਸਿੰਘ ਰੁਪਾਲ
9814715796

ਪ੍ਰਸਿੱਧ ਵਿਦਵਾਨ ਸੁਕਰਾਤ ਨੇ ਇੱਕ ਥਾਂ ਕਿਹਾ ਹੈ ,'ਜ਼ਰੂਰੀ ਹੈ ਕਿ ਕਿਸੇ ਵਿਸ਼ੇ ਤੇ ਵਿਚਾਰ ਕਰਨ ਤੋਂ ਪਹਿਲਾਂ ਆਪਣੀਆਂ ਮੱਦਾਂ ਨੂੰ ਪਰਿਭਾਸ਼ਿਤ ਕੀਤਾ ਜਾਵੇ ।' ਗੱਲ ਹੈ ਵੀ ਠੀਕ, ਬਿਨਾਂ ਸਪਸ਼ਟ ਪਰਿਭਾਸ਼ਾ ਦੇ ਕਹਿਣ ਵਾਲਾ ਕੁਝ ਹੋਰ ਕਹਿ ਸਕਦਾ ਹੈ ਅਤੇ ਸੁਣਨ ਜਾਂ ਪੜ੍ਹਨ ਵਾਲਾ ਉਸਦੇ ਅਰਥ ਕੋਈ ਹੋਰ ਹੀ ਸਮਝ ਸਕਦਾ ਹੈ। ਇਸ ਲਈ ਉਕਤ ਵਿਸ਼ੇ ਤੇ ਗੱਲ ਕਰਨ ਤੋਂ ਪਹਿਲਾਂ ਅਸੀਂ ਇਸ ਨੂੰ ਪਰਿਭਾਸ਼ਿਤ ਕਰਕੇ ਸਮਝਣ ਦੀ ਕੋਸ਼ਿਸ਼ ਕਰਾਂਗੇ ।

**ਡੀਪਫੇਕ ਤਕਨਾਲੋਜੀ ਦੀ ਪਰਿਭਾਸ਼ਾ :-** ਡੀਪਫੇਕ ਤਕਨਾਲੋਜੀ ਇੱਕ ਉੱਚ ਪੱਧਰੀ ਕ੍ਰਿਤਿਮ ਮੀਡੀਆ (synthetic media) ਤਕਨੀਕ ਹੈ ਜੋ ਕ੍ਰਿਤਿਮ ਬੁੱਧੀ (Artificial Intelligence), ਮਸ਼ੀਨ ਲਰਨਿੰਗ (machine learning) ਅਤੇ ਖ਼ਾਸ ਤੌਰ ਤੇ ਡੀਪ ਲਰਨਿੰਗ (Deep Learning) ਦੇ ਸਿਧਾਂਤਾਂ ਦੀ ਪਾਲਣਾ ਕਰਦੀ ਹੈ। ਇਸ ਵਿੱਚ ਆਡੀਓ, ਵੀਡੀਓ ਅਤੇ ਤਸਵੀਰਾਂ ਨੂੰ ਢਾਲਿਆ ਜਾਂ ਪੂਰੀ ਤਰਾਂ ਨਵਾਂ ਬਣਾਇਆ ਜਾ ਸਕਦਾ ਹੈ, ਤਾਂ ਜੋ ਉਹ ਅਸਲ ਵਾਂਗ ਹੀ ਪ੍ਰਤੀਤ ਹੋਣ । ਡੀਪ ਫੇਕ ਸ਼ਬਦ 'ਡੀਪ ਲਰਨਿੰਗ' ਅਤੇ 'ਫੇਕ' ਦੇ ਮਿਲਾਪ ਤੋਂ ਬਣਿਆ ਹੈ, ਜੋ ਦਰਸਾਉਂਦਾ ਹੈ ਕਿ ਗਹਿਰੇ ਤੌਰ ਤੇ ਸਿੱਖਣ ਵਾਲੀਆਂ ਕ੍ਰਿਤਿਮ ਬੁੱਧੀ ਤਕਨੀਕਾਂ, ਮੀਡੀਆ ਨੂੰ ਝੂਠਾ ਪਰ ਬਹੁਤ ਹੀ ਭਰੋਸੇਯੋਗ ਰੂਪ ਵਿੱਚ ਬਣਾਉਂਦੀਆਂ ਹਨ। ਇਹ ਕਈ ਵਾਰੀ ਅਸਲ ਅਤੇ ਨਕਲੀ ਸਮੱਗਰੀ ਵਿਚਕਾਰ ਦੀ ਰੇਖਾ ਖਤਮ ਕਰ ਦਿੰਦੀ ਹੈ। ਅਤੇ ਬਹੁਤ ਵਾਰੀ ਬਹੁਤੇ ਇਨਸਾਨ ਧੋਖਾ ਖਾਂਦੇ ਹਨ। ਇਸ ਦੇ ਵਿਕਸਿਤ ਹੋਣ ਨਾਲ ਜਿੱਥੇ ਬਹੁਤ ਸਾਰੀਆਂ ਨਵੀਆਂ ਸੰਭਾਵਨਾਵਾਂ ਅਤੇ ਮੌਕੇ ਬਣੇ ਹਨ, ਉੱਥੇ ਇਸਦੀ ਗਲਤ ਮਕਸਦ ਲਈ ਕੀਤੀ ਗਈ ਵਰਤੋਂ ਦੇ ਖਤਰੇ ਵੀ ਕਾਫੀ ਜ਼ਿਆਦਾ ਹਨ। ਅੱਜ ਇਲੈਕਟ੍ਰਾਨਿਕ ਮੀਡੀਆ ਅਤੇ ਸੋਸ਼ਲ ਮੀਡੀਆ ਦਾ ਯੁੱਗ ਹੈ ਅਤੇ ਇਸਦੇ ਲਈ ਬਹੁਤੇ ਵਧੀਆ ਅਤੇ ਸੰਤੁਲਿਤ ਕਾਨੂੰਨ ਨਹੀਂ ਜਿਸ ਕਾਰਨ ਜਿਸ ਦਾ ਜੋ ਵੀ ਦਿਲ ਕਰੇ ਉਹ ਸੋਸ਼ਲ ਮੀਡੀਆ ਤੇ ਅਪਲੋਡ ਕਰੀ ਜਾ ਰਿਹਾ ਹੈ। ਨਵੀਂ ਤਕਨਾਲੋਜੀ ਦੇ ਮਾਹਿਰ ਉੱਥੋਂ ਡਾਟਾ ਲੈ ਕੇ ਉਸਨੂੰ ਗਲਤ ਮੰਤਵਾਂ ਲਈ ਵਰਤਣ ਤੋਂ ਸੰਕੋਚ ਨਹੀਂ ਕਰਦੇ। ਅਗਿਆਨਤਾ ਵਿੱਚ ਵੱਡੇ ਨੁਕਸਾਨ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ ।ਅਸੀਂ ਇਸ ਦੇ ਚੰਗੇ ਅਤੇ ਬੁਰੇ ਦੋਵਾਂ ਪਾਸਿਆਂ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ।

**ਕੰਮ ਕਰਨ ਦਾ ਤਰੀਕਾ :-** ਡੀਪਫੇਕ ਤਕਨਾਲੋਜੀ ਆਮ ਤੌਰ ਤੇ ਦੋ ਪ੍ਰਮੁੱਖ ਨਿਊਰਲ ਨੈਟਵਰਕ ਮਾਡਲਾਂ ਉੱਤੇ ਆਧਾਰਿਤ ਹੁੰਦੀ ਹੈ। ਆਟੋਇਨ ਕੋਡਰ (Autoencoders), ਜਨਰੇਟਿਵ ਐਡਵਰਸੀਅਲ ਨੈਟਵਰਕਸ (GANs) ਆਟੋਇਨਕੋਡਰ ਅਣ ਵੇਖੇ ਖੁਫੀਆ ਨੈੱਟਵਰਕ ਹੁੰਦੇ ਹਨ ਜੋ ਆਪਣੇ ਇਨਪੁੱਟ ਡਾਟਾ ਨੂੰ ਦੁਬਾਰਾ ਬਣਾਉਣਾ ਸਿੱਖਦੇ ਹਨ। ਸਭ ਤੋਂ ਪਹਿਲਾਂ ਇਸਨੂੰ ਇਕ ਘੱਟ - ਡਿਮੈਨਸ਼ਨ ਵਾਲੇ ਲੇਟੈਂਟ ਸਪੇਸ ਵਿੱਚ ਇਨਕੋਡਰ ਰਾਹੀਂ ਕੰਪਰੈਸ ਕਰਦੇ ਹਨ। ਬਾਅਦ ਵਿੱਚ ਡੀਕੋਡਰ ਰਾਹੀਂ ਮੁੜ ਇਸਦੇ ਅਸਲ ਆਕਾਰ 'ਚ ਵਿਸਥਾਰ ਕਰਦੇ ਹਨ। ਇਹ ਆਰਕੀਟੈਕਚਰ ਆਟੋਇਨਕੋਡਰ ਨੂੰ ਮਜਬੂਰ ਕਰਦਾ ਹੈ ਕਿ ਉਹ ਡਾਟਾ ਦੇ ਸਭ ਤੋਂ ਅਹਿਮ ਗੁਣ ਸਿੱਖੇ, ਜਿਵੇਂ ਕਿ ਡਾਇਮੈਨਸ਼ਨ ਘਟਾਉਣਾ, ਡਾਟਾ ਡੀਨੁਐਇਜ਼ਿੰਗ ਅਤੇ ਅਨੌਮਲੀ ਡਿਟੈਕਸ਼ਨ ਜਿਹੇ ਕੰਮਾਂ ਲਈ। ਇਹ ਆਟੋਇਨਕੋਡਰ ਤਿੰਨ ਹਿੱਸਿਆਂ ਵਿੱਚ ਕੰਮ ਕਰਦੇ ਹਨ.. ਐਨਕੋਡਰ, ਜਿਸ ਵਿੱਚ ਡਾਟਾ ਕੰਪਰੈਸ ਕੀਤੀ ਹੋਈ ਪ੍ਰਤੀਨਿਧਤਾ ਵਿਚ ਤਬਦੀਲ ਕਰਨਾ, ਲੇਟੈਂਟ ਸਪੇਸ, ਇੱਕ ਮੱਧ ਇੰਟਰ ਮੀਡੀਏਟ ਲੇਅਰ ਹੁੰਦੀ ਹੈ ਜਿੱਥੇ ਕੰਪਰੈਸ ਕੀਤੀ ਪ੍ਰਤੀਨਿਧਤਾ ਰਹਿੰਦੀ ਹੈ ਇਸ ਲੇਅਰ ਦਾ ਆਕਾਰ ਕੰਪਰੈਸ਼ਨ ਦੀ ਦਰ ਨਿਰਧਾਰਤ ਕਰਦਾ ਹੈ, ਛੋਟਾ ਆਕਾਰ ਹੋਣ ਤੇ ਵੱਧ ਕੰਪਰੈਸ਼ਨ ਹੁੰਦੀ ਹੈ ਅਤੇ ਤੀਸਰਾ ਹਿੱਸਾ ਡੀਕੋਡਰ ਹੈ ਜਿਹੜਾ ਲੇਟੈਂਟ ਪ੍ਰਤੀਨਿੱਧਤਾਂ ਨੂੰ ਲੈ ਕੁਐ ਅਸਲ ਇਨਪੁੱਟ ਡਾਟਾ ਨੂੰ ਮੁੜ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।

ਜੈਨਰੇਟਿਵ ਐਡਵਰਸੀਅਲ ਨੈੱਟਵਰਕਸ (GANs) ਇਹ ਡੀਪ ਲਰਨਿੰਗ ਆਰਕੀਟੈਕਚਰ ਹਨ ਜਿਸ ਵਿੱਚ ਦੋ ਨਿਊਰਲ ਨੈੱਟਵਰਕ-ਇੱਕ ਜੇਨਰੇਟਰ ਅਤੇ ਇੱਕ ਡਿਸਕ੍ਰਿਮੀਨੇਟਰ- ਇਕ ਦੂਜੇ ਦੇ ਮੁਕਾਬਲੇ ਜ਼ੀਰੋ-ਸਮ-ਗੇਮ (zero-sum game) ਵਿੱਚ ਖੇਡਦੇ ਹਨ (ਜਿੱਥੇ ਇੱਕ ਦੀ ਆਮਦਨ, ਦੂਸਰੇ ਦਾ ਖਰਚ ਬਣੇ ਅਤੇ ਨੈਟ ਲਾਭ ਸਿਫ਼ਰ ਹੋਵੇ...) ਤਾਂ ਜੋ ਨਵਾਂ ਡਾਟਾ ਤਿਆਰ ਕਰ ਸਕਣ ਜੋ ਅਸਲ ਡਾਟਾ ਤੋਂ ਅੰਤਰ ਨਹੀਂ ਕੀਤਾ ਜਾ ਸਕਦਾ। ਜੇਨਰੇਟਰ ਨਕਲੀ ਡਾਟਾ ਬਣਾਉਂਦਾ ਹੈ ,ਜਦਕਿ ਡਿਸਕ੍ਰਿਮੀਨੇਟਰ ਇਹ ਪਤਾ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਕਿਹੜਾ ਡਾਟਾ ਅਸਲੀ ਹੈ ਅਤੇ ਕਿਹੜਾ ਨਕਲੀ । ਇਸ ਵਿਰੋਧੀ ਪ੍ਰਕਿਰਿਆ ਰਾਹੀਂ ਜੇਨਰੇਟਰ ਹੌਲੀ ਹੌਲੀ ਜਿਆਦਾ ਅਸਲੀ ਡਾਟਾ ਬਣਾਉਣਾ ਸਿੱਖ ਲੈਂਦਾ ਹੈ। ਅਤੇ ਡਿਸਕ੍ਰਿਮੀਨੇਟਰ ਹੋਰ ਵਧੀਆ ਢੰਗ ਨਾਲ ਨਕਲੀ ਡਾਟਾ ਦੀ ਪਛਾਣ ਕਰਨਾ ਸਿੱਖ ਲੈਂਦਾ ਹੈ। ਇਸ ਤਰਾਂ ਨਤੀਜੇ ਵਜੋਂ ਬਹੁਤ ਹੀ ਹਕੀਕਤੀ ਅਤੇ ਨਵੇਂ ਕਿਸਮ ਦੇ ਆਉਟਪੁੱਟ ਜਿਵੇਂ ਚਿੱਤਰ, ਆਵਾਜ ਅਤੇ ਪਾਠ ਤਿਆਰ ਹੁੰਦੇ ਹਨ।

**ਪ੍ਰਕਿਰਿਆ ਦੇ ਕਦਮ :-** 1. ਡਾਟਾ ਇਕੱਠਾ ਕਰਨਾ :- ਕਿਸੇ ਵਿਅਕਤੀ ਦੇ ਚਿਹਰੇ ਦੀਆਂ ਸੈਂਕੜੇ ਤਸਵੀਰਾਂ, ਵੀਡੀਓ ਫਰੇਮਾਂ ਅਤੇ ਆਡੀਓ ਰਿਕਾਰਡਿੰਗਜ਼ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਜਿੰਨਾ ਵੱਡਾ ਅਤੇ ਵੱਖ ਵੱਖ ਕੋਣਾਂ ਤੋਂ ਕੈਪਚਰ ਕੀਤਾ ਡਾਟਾ ਹੋਵੇਗਾ, ਉਨ੍ਹਾਂ ਹੀ ਵਧੀਆ ਨਤੀਜਾ ਮਿਲੇਗਾ।

2.ਟਰੇਨਿੰਗ :- ਡੀਪ ਲਰਨਿੰਗ ਐਲਗੋਰਿਦਮ ਉਸ ਵਿਅਕਤੀ ਦੇ ਚਿਹਰੇ, ਹਿਲਦੀਆਂ ਭਵਾਂ, ਮੁਸਕਰਾਹਟਾਂ, ਪਲਕਾਂ ਦੇ ਝਪਕਣ ਅਤੇ ਆਵਾਜ ਦੇ ਅੰਦਰੂਨੀ ਪੈਟਰਨਾਂ ਦਾ ਵਿਸ਼ਲੇਸ਼ਣ ਕਰਦੇ ਹਨ।

3. ਜੈਨਰੇਸ਼ਨ :- ਟ੍ਰੇਨ ਕੀਤਾ ਹੋਇਆ ਮਾਡਲ ਫੇਰ ਉਸ ਵਿਅਕਤੀ ਦੇ ਚਿਹਰੇ ਨੂੰ ਕਿਸੇ ਹੋਰ ਦੇ ਸਰੀਰ ਉੱਤੇ ਚੜ੍ਹਾ ਦਿੰਦਾ ਹੈ ਜਾਂ ਉਸਦਾ ਨਵਾਂ, ਪੂਰੀ ਤਰ੍ਹਾਂ ਨਕਲੀ ਵੀਡੀਓ ਜਾਂ ਆਡੀਓ ਕਲਿੱਪ ਤਿਆਰ ਕਰਦਾ ਹੈ।

4.ਰੀਫਾਈਨਮੈਂਟ :- GANs ਵਿੱਚ ਜੈਨੇਰੇਟਰ (ਨਕਲੀ ਸਮੱਗਰੀ ਬਣਾਉਣ ਵਾਲਾ) ਅਤੇ ਡਿਸਕ੍ਰਿਮੀਨੇਟਰ (ਅਸਲੀ ਨਕਲੀ ਵਿੱਚ ਅੰਤਰ ਕਰਨ ਵਾਲਾ) ਲਗਾਤਾਰ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ। ਹਰੇਕ ਚੱਕਰ ਵਿਚ ਜੈਨਰੇਟਰ ਹੋਰ ਸੁਧਰੇ ਹੋਏ ਨਤੀਜੇ ਤਿਆਰ ਕਰਦਾ ਹੈ, ਜਿਸ ਨਾਲ ਆਊਟਪੁੱਟ ਬੜੀ ਅਸਲੀਅਤ ਵਾਲੀ ਲੱਗਣ ਲੱਗਦੀ ਹੈ।

**ਆਟੋਇਨਕੋਡਰ ਦੀ ਭੂਮਿਕਾ :-** ਇਹ ਚਿਹਰੇ ਦੀਆਂ ਖ਼ਾਸ ਵਿਸ਼ੇਸ਼ਤਾਵਾਂ ਨੂੰ ਕੰਪਰੈਸ ਕਰਕੇ ਮੁੜ ਖੋਲ੍ਹਦੇ ਹਨ, ਜਿਸ ਨਾਲ ਕਿਸੇ ਹੋਰ ਵੀਡੀਓ ਨਾਲ ਚਿਹਰਾ ਬਿਨਾਂ ਕਿਸੇ ਵੱਡੀ ਗੜਬੜ ਦੇ ਬਦਲਿਆ ਜਾ ਸਕਦਾ ਹੈ।

**ਡੀਪਫੇਕ ਦੀ ਵਰਤੋਂ ਦੇ ਖੇਤਰ :-**

ਸਕਾਰਾਤਮਕ ਵਰਤੋਂ :- 1.ਮਨੋਰੰਜਨ ਉਦਯੋਗ : ਫ਼ਿਲਮਾਂ ਵਿੱਚ ਅਸਲੀਅਤ ਭਰੇਂ ਵਿਸ਼ੇਸ਼ ਪ੍ਰਭਾਵ (Visual Effects) ਬਣਾਉਣ, ਵਰਚੂਅਲ ਪਾਤਰ ਲਿਆਉਣ ਜਾਂ ਪੁਰਾਣੇ ਅਦਾਕਾਰਾਂ ਨੂੰ ਦੁਬਾਰਾ ਦਿਖਾਉਣਾ ।

2. ਸਿੱਖਿਆ ਅਤੇ ਟਰੇਨਿੰਗ :- ਡਿਜੀਟਲ ਰੂਪ ਵਿੱਚ ਇਤਿਹਾਸਕ ਘਟਨਾਵਾਂ ਦੀ ਮੁੜ-ਅਦਾਇਗੀ, ਡਾਕਟਰਾਂ ਜਾਂ ਸੈਨਾ ਦੀ ਟ੍ਰੇਨਿੰਗ ਲਈ ਯਥਾਰਥਕ ਸਿਮੂਲੇਸ਼ਨ ।

3. ਮੀਡੀਆ ਅਤੇ ਸੰਚਾਰ :- ਉਪਭੋਗਤਾ ਅਨੁਸਾਰ ਨਿੱਜੀਕ੍ਰਿਤ ਸਮੱਗਰੀ ਬਣਾਉਣਾ, ਕਸਟਮਾਈਜਡ ਵੀਡੀਓ ਸੰਦੇਸ਼ ।

4. ਵਿਗਿਆਨਕ ਖੋਜ :- ਮਨੁੱਖੀ ਵਿਹਾਰ ਦਾ ਅਧਿਐਨ ਕਰਨ ਲਈ ਝੂਠੇ ਪਰ ਯਥਾਰਥ-ਜਿਹੇ ਦ੍ਰਿਸ਼ ਬਣਾਉਣਾ।

5. ਇਤਿਹਾਸਕ ਦੁਬਾਰਾ- ਨਿਰਮਾਣ :- ਜਿਵੇਂ ਇਤਿਹਾਸਕ ਵਿਅਕਤੀਆਂ ਦੇ ਨਵੇਂ ਦ੍ਰਿਸ਼ ਬਣਾਉਣਾ।

**ਨਕਾਰਾਤਮਕ ਵਰਤੋਂ :-** 1.ਧੋਖਾਧੜੀ ਅਤੇ ਪਹਿਚਾਣ ਦੀ ਚੋਰੀ :- ਕਿਸੇ ਦੀ ਆਵਾਜ ਜਾਂ ਵੀਡੀਓ ਬਣਾ ਕੇ ਧੋਖੇ ਨਾਲ ਪੈਸੇ ਜਾਂ ਰਾਜਨੀਤਿਕ ਲਾਭ ਲੈਣੇ ।

2. ਪ੍ਰਚਾਰ ਅਤੇ ਝੂਠੀ ਜਾਣਕਾਰੀ :- ਰਾਜਨੀਤਿਕ ਏਜੰਡਿਆਂ ਨੂੰ ਵਧਾਉਣ ਲਈ ।

3. ਬਦਨਾਮੀ :- ਕਿਸੇ ਬਦਨਾਮੀ ਦੇ ਖਿਲਾਫ ਨਕਲੀ, ਅਸ਼ਲੀਲ ਜਾਂ ਨੁਕਸਾਨਦਾਇਕ ਸਮੱਗਰੀ ।

4. ਸੋਸ਼ਲ ਇੰਜੀਅਨਰਿੰਗ: ਨਕਲੀ ਆਰਟੀਫਿਸ਼ੀਅਲ ਆਵਾਜੀ ਹੁਕਮਾਂ ਜਾਂ ਵੀਡੀਓਜ਼ ਦੁਆਰਾ ਲੋਕਾਂ ਨੂੰ ਠੱਗਣਾ ।

**ਡੀਪਫੇਕ ਤਕਨਾਲੋਜੀ ਦੇ ਫਾਇਦੇ :-** ਮਨੋਰੰਜਨ ਅਤੇ ਵਿਗਿਆਪਨ ਦੇ ਖੇਤਰ ਵਿੱਚ ਰਚਨਾਤਮਕਤਾ ਅਤਿ ਉੱਚੀ ਪੱਧਰ ਤੇ ਪਹੁੰਚਦੀ ਹੈ। ਨਵੇਂ ਕਿਸਮ ਦੇ ਕਹਾਣੀ ਦੱਸਣ ਦੇ ਢੰਗਾਂ ਦੀ ਪੈਦਾਇਸ਼ ਹੁੰਦੀ ਹੈ। ਸਿੱਖਿਆ ਅਤੇ ਟਰੇਨਿੰਗ ਵਿੱਚ ਯਥਾਰਥਕ ਸਿੱਖਣ ਦੇ ਅਨੁਭਵ ਮਿਲਦੇ ਹਨ। ਵਿਅਕਤੀਗਤ ਮੀਡੀਆ ਅਤੇ ਇੰਟਰੈਕਟਿਵ ਸਮੱਗਰੀ ਲਈ ਅਣਗਿਣਤ ਸੰਭਾਵਨਾਵਾਂ ਹਨ।

**ਡੀਪਫੇਕ ਦੇ ਨੁਕਸਾਨ ਅਤੇ ਜੋਖਿਮ :-** ਲੋਕ ਮੀਡੀਆ ਉੱਤੇ ਭਰੋਸਾ ਖੋ ਬੈਠਦੇ ਹਨ। ਰਾਜਨੀਤਿਕ ਮਕਸਦਾਂ ਲਈ ਗਲਤ ਵਰਤੋਂ ਨਾਲ ਜਨਤਕ ਰਾਇ ਗੁੰਝਲਦਾਰ ਬਣ ਜਾਂਦੀ ਹੈ। ਪ੍ਰਾਈਵੇਸੀ ਦਾ ਸੰਕਟ ਵਧਦਾ ਹੈ ਜਿਵੇਂ ਕਿਸੇ ਦੀ ਮੂਰਤ ਜਾਂ ਆਵਾਜ ਉਸਦੀ ਮਨਜ਼ੂਰੀ ਤੋਂ ਬਿਨਾਂ ਵਰਤੀ ਜਾ ਸਕਦੀ ਹੈ। ਧੋਖਾਧੜੀ, ਰੇਂਜੋਮਵੇਅਰ, ਬਲੈਕਮੇਲ ਆਦਿ ਵਿੱਚ ਵਰਤੋਂ । ਬਹੁਤ ਸਾਰੀਆਂ ਕਾਨੂੰਨੀ ਖ਼ਾਮੀਆਂ ਹਨ ਕਿਉਂਕਿ ਮੌਜੂਦਾ ਕਾਨੂੰਨ ਡੀਪਫੇਕ ਦੇ ਕੇਸਾਂ ਨੂੰ ਪੂਰੀ ਤਰਾਂ ਨਹੀਂ ਹੱਲ ਕਰਦਾ। ਬੌਧਿਕ ਸੰਪਦਾ ਹੱਕ ਨੂੰ ਖਤਰਾ ਹੈ ਕਿਉਂਕਿ ਇਸ ਨਾਲ ਕਿਸੇ ਹੋਰ ਦੀ ਰਚਨਾ ਨੂੰ ਨਕਲੀ ਰੂਪ ਵਿੱਚ ਵਰਤਿਆ ਜਾ ਸਕਦਾ ਹੈ। ਨਕਲੀ ਸਮੱਗਰੀ ਤਿਆਰ ਕਰਕੇ ਕਿਸੇ ਦੀ ਸ਼ਖਸ਼ੀਅਤ ਨੂੰ ਨੁਕਸਾਨ ਪਹੁੰਚਾਉਣਾ ਸੰਭਵ ਹੋਣ ਕਰਕੇ ਬਦਨਾਮੀ ਦਾ ਡਰ ਹੈ। ਕਾਨੂੰਨੀ ਪੱਖ ਤੋਂ ਕਈ ਦੇਸ਼ਾਂ ਵਿੱਚ ਅਜੇ ਤੱਕ ਅੀ ਤਿਆਰ ਕੀਤੇ ਮੀਡੀਆ ਲਈ ਖਾਸ ਕਾਨੂੰਨ ਨਹੀਂ ਹਨ। ਜਿੰਮੇਵਾਰੀ ਦਾ ਮੁੱਦਾ ਵੀ ਸੁਸਤ ਹੀ ਹੈ। ਅਕਸਰ ਡੀਪਫੇਕ ਬਣਾਉਣ ਵਾਲੇ ਗੁਪਤ ਰਹਿੰਦੇ ਹਨ, ਜਿਸ ਨਾਲ ਉਹਨਾਂ ਤੇ ਕਾਬੂ ਕਰਨਾ ਔਖਾ ਹੋ ਜਾਂਦਾ ਹੈ।ਅੰਤਰਰਾਸ਼ਟਰੀ ਕਾਨੂੰਨੀ ਕੋਸ਼ਿਸ਼ਾਂ ਜਾਰੀ ਹਨ ਯੂਰਪੀ ਯੂਨੀਅਨ ਕਈ ਖੇਤਰਾਂ ਵਿੱਚ ਅੀ ਅਚਟ ਅਤੇ Digital Services Act (DSA) ਲਾਗੂ ਕੀਤੇ ਜਾ ਰਹੇ ਹਨ।

ਫੇਕ ਤਕਨਾਲੋਜੀ ਦੀ ਵਰਤੋਂ ਕਰਕੇ ਮਹਿਲਾ ਮਸ਼ਹੂਰ ਹਸਤੀਆਂ ਜਾਂ ਆਮ ਲੋਕਾਂ ਦੇ ਚਿਹਰੇ ਅਤੇ ਆਵਾਜ ਨੂੰ ਅਸ਼ਲੀਲ ਵੀਡੀਓਜ਼ ਵਿਚ ਜਾਅਲੀ ਤੌਰ ਤੇ ਪੇਸ਼ ਕਰਕੇ ਉਹਨਾਂ ਦੇ ਮਾਣ ਸਨਮਾਨ ਅਤੇ ਨਿੱਜੀ ਜੀਵਨ ਨੂੰ ਨੁਕਸਾਨ ਪਹੁੰਚਦਾ ਹੈ।ਰਸ਼ਮੀਕਾ ਮੰਡਾਨਾ, ਆਲੀਆ ਭੱਟ, ਕੈਟਰੀਨਾ ਕੈਫ ਅਤੇ ਕਾਜੋਲ ਵਰਗੀਆਂ ਮਸ਼ਹੂਰ ਅਦਾਕਾਰਾਂ ਦੇ ਡੀਪ ਫੇਕ ਵੀਡੀਓਜ਼ ਹੁਣੇ ਹੀ ਵਾਇਰਲ ਹੋਏ ਹਨ। ਰਾਜਨੀਤਿਕ ਲੋਕਾਂ ਦੇ ਉਹ ਬਿਆਨ ਜਾਅਲੀ ਪੇਸ਼ ਕਰ ਦਿੱਤੇ ਜਾਂਦੇ ਹਨ, ਜੋ ਉਹਨਾਂ ਨੇ ਨਹੀਂ ਦਿੱਤੇ ਹੁੰਦੇ। ਪ੍ਰਧਾਨ ਮੰਤਰੀ ਤੋਂ ਲੈ ਕੇ ਛੋਟੇ ਰਾਜਨੀਤਿਕ ਲੋਕਾਂ ਬਾਰੇ ਗਲਤ ਜਾਣਕਾਰੀ ਦੇਣ ਲਈ ਵੀ ਡੀਪਫੇਕ ਦੀ ਵਰਤੋਂ ਕੀਤੀ ਜਾਂਦੀ ਹੈ। ਪਿੱਛੇ ਜਿਹੇ ਹਰਿਮੰਦਰ ਸਾਹਿਬ ਬਾਰੇ ਵੀ ਗਲਤ ਵੀਡੀਓ ਵਾਇਰਲ ਹੋਈ ਸੀ। ਅਜਿਹੀਆਂ ਵੀਡੀਓਜ਼ ਜਾਂ ਚਿੱਤਰ ਲੋਕਾਂ ਨੂੰ ਗਲਤ ਜਾਣਕਾਰੀ ਦੇ ਕੇ, ਝੂਠੇ ਤੌਰ ਤੇ ਉਹਨਾਂ ਦੇ ਜਜ਼ਬਾਤਾਂ ਨੂੰ ਉਤੇਜਿਤ ਕਰਕੇ ਸਮਾਜਿਕ ਹਫੜਾ ਤਫੜੀ ਫੈਲਾ ਸਕਦੇ ਹਨ, ਲੋਕ ਗੁਮਰਾਹ ਹੋ ਸਕਦੇ ਹਨ ਅਤੇ ਲੜਨ ਮਰਨ ਦੀ ਨੌਬਤ ਵੀ ਆ ਸਕਦੀ ਹੈ।ਸੋਸ਼ਲ ਮੀਡੀਆ ਤੇ ਹਰ ਕੋਈ ਇੱਕ ਦਮ ਪ੍ਰਤੀਕਿਰਿਆ ਦਿਖਾਉਂਦਾ ਹੈ ਅਤੇ ਕਿਸੇ ਵੀ ਨਵੇਂ ਮੈਸੇਜ ਜਾਂ ਵੀਡੀਓ ਨੂੰ ਬਿਨਾਂ ਉਸਦੀ ਸਚਾਈ ਦੀ ਜਾਂਚ ਕੀਤੇ ਫਾਰਵਰਡ ਕਰਨਾ ਆਪਣਾ ਫਰਜ ਸਮਝਦਾ ਹੈ। ਇਸਦੇ ਨੇੜ ਭਵਿੱਖ ਵਿੱਚ ਬਹੁਤ ਖਤਰਨਾਕ ਸਿੱਟੇ ਨਿਕਲ ਸਕਦੇ ਹਨ, ਜੇ ਇਸਤੇ ਕਾਬੂ ਨਾ ਪਾਇਆ ਗਿਆ।

**ਲੋਕ ਅਤੇ ਕਮਿਊਨਿਟੀਆਂ ਦੇ ਕਰਨਯੋਗ :-**

* ਗਿਆਨ ਅਤੇ ਸਿੱਖਿਆ :- ਲੋਕਾਂ ਨੂੰ ਸਿਖਾਇਆ ਜਾਵੇ ਕਿ ਕਿਸ ਤਰਾਂ ਨਕਲੀ ਸਮੱਗਰੀ ਦੀ ਪਹਿਚਾਣ ਕੀਤੀ ਜਾ ਸਕਦੀ ਹੈ। (ਜਿਵੇਂ ਅਸਹਜ ਚਿਹਰੇ ਦੀ ਹਰਕਤ, ਅਸਮਾਨ ਪਲਕਾਂ ਦੀ ਹਿਲਜੁਲ)। ਵਿਸ਼ਾ ਮਾਹਿਰ ਇਸ ਵਿੱਚ ਮੱਦਦ ਕਰ ਸਕਦੇ ਹਨ ਅਤੇ ਉਹਨਾਂ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਵੱਧ ਤੋਂ ਵੱਧ ਫੈਲਾਇਆ ਜਾਵੇ ।

* ਵਿਸ਼ਵਾਸਯੋਗ ਸਰੋਤਾਂ ਦੀ ਜਾਂਚ :- ਕਿਸੇ ਵੀ ਸ਼ੱਕੀ ਵੀਡੀਓ ਜਾਂ ਆਵਾਜ ਦੀ ਪੁਸ਼ਟੀ ਕੀਤੀ ਜਾਵੇ । ਕੋਈ ਵੀ ਖਬਰ ਜਾਂ ਕੋਈ ਹੋਰ ਜਾਣਕਾਰੀ ਨੂੰ ਫਾਰਵਰਡ ਕਰਨ ਦੀ ਅਤੇ ਉਸਨੂੰ ਸੱਚ ਮੰਨ ਲੈਣ ਦੀ ਕਾਹਲ ਨਾ ਕਰੋ। ਧੀਰਜ ਨਾਲ ਹੋਰ ਪ੍ਰਮਾਣਿਤ ਸਰੋਤਾਂ ਤੋਂ ਉਸਦੀ ਸਚਾਈ ਬਾਰੇ ਜਾਨਣਾ ਚਾਹੀਦਾ ਹੈ।

* ਡਿਟੈਕਸ਼ਨ ਟੂਲਜ਼ ਦੀ ਵਰਤੋਂ :- AI ਆਧਾਰਿਤ ਡਿਟੈਕਟਰ ਵਿਕਸਿਤ ਹੋ ਰਹੇ ਹਨ। ਆਪਣੀ ਜਾਣਕਾਰੀ ਨੂੰ ਅਪਡੇਟ ਕਰਦੇ ਰਹਿਣਾ ਚਾਹੀਦਾ ਹੈ ਅਤੇ ਨਵੇਂ ਟੂਲਜ਼ ਦੀ ਵਰਤੋਂ ਸਿੱਖਣੀ ਚਾਹੀਦੀ ਹੈ।

* ਵਿਅਕਤੀਗਤ ਡਾਟਾ ਦੀ ਰੱਖਿਆ:- ਸੋਸ਼ਲ ਮੀਡੀਆ ਉੱਤੇ ਉੱਚ ਗੁਣਵੱਤਾ ਵਾਲੀਆਂ ਸੂਰਤਾਂ ਅਤੇ ਆਵਾਜ਼ਾਂ ਘੱਟ ਸਾਂਝੀਆਂ ਕੀਤੀਆਂ ਜਾਣ। ਕੋਸ਼ਿਸ਼ ਕੀਤੀ ਜਾਵੇ ਕਿ ਨਿੱਜੀ ਜਾਣਕਾਰੀ ਆਦਿ ਘੱਟ ਤੋਂ ਘੱਟ ਸਾਂਝੀ ਕੀਤੀ ਜਾਵੇ ।

* ਨਵੇਂ ਕਾਨੂੰਨਾਂ ਲਈ ਵਕਾਲਤ :- ਸਰਕਾਰਾਂ ਅਤੇ ਸੰਸਥਾਵਾਂ ਤੇ ਨਵੇਂ ਨਿਯਮ ਬਣਾਉਣ ਲਈ ਦਬਾਅ ਪਾਉਣਾ। ਗਲਤ ਅਨਸਰਾਂ ਤੇ ਕਾਬੂ ਪਾਉਣ ਲਈ ਸਰਕਾਰਾਂ ਵੱਲੋਂ ਸਖਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।

* ਡਿਜੀਟਲ ਸਾਖਰਤਾ :- ਵਿਦਿਅਕ ਅਦਾਰਿਆਂ ਵਿਚ ਅਤੇ ਕਮਿਊਨਿਟੀਆ ਵਿੱਚ ਡਿਜੀਟਲ ਲਿਟਰੇਸੀ ਪ੍ਰੋਗਰਾਮ ਸ਼ੁਰੂ ਕਰਨਾ। ਇਸ ਨਾਲ ਸੰਬੰਧਿਤ ਸੈਮੀਨਾਰ ਜਾਂ ਵੈਬੀਨਾਰ ਵੱਧ ਤੋਂ ਵੱਧ ਲਗਾ ਕੇ ਡਿਜੀਟਲ ਸਿਖਿਆ ਦੇਣੀ ਚਾਹੀਦੀ ਹੈ।

**ਅੰਤਿਕਾ :** ਡੀਪਫੇਕ ਤਕਨਾਲੋਜੀ ਦੋਧਾਰੀ ਤਲਵਾਰ ਹੈ। ਇੱਕ ਪਾਸੇ ਇਹ ਮਨੋਰੰਜਨ, ਵਿਗਿਆਨ ਅਤੇ ਸਿੱਖਿਆ ਵਿੱਚ ਕ੍ਰਾਂਤੀਕਾਰੀ ਮੌਕੇ ਪੈਦਾ ਕਰਦੀ ਹੈ ,ਜਦਕਿ ਦੂਜੇ ਪਾਸੇ ਇਹ ਸਮਾਜਿਕ ਭਰੋਸੇ, ਪ੍ਰਾਈਵੇਸੀ ਅਤੇ ਸੁਰੱਖਿਆ ਲਈ ਵੱਡੇ ਖਤਰੇ ਵੀ ਖੜ੍ਹੇ ਕਰਦੀ ਹੈ। ਇਸਦੇ ਨੁਕਸਾਨ ਨਿਸ਼ਚਿਤ ਰੂਪ ਵਿਚ ਹੀ ਵਧੇਰੇ ਹਨ ਅਤੇ ਜਿਆਦਾ ਖਤਰਨਾਕ ਹਨ। ਇਸਦੇ ਨਕਾਰਾਤਮਕ ਪ੍ਰਭਾਵਾਂ ਤੋਂ ਬਚਣ ਲਈ ਤਿੰਨ ਪੱਧਰਾਂ ਤੇ ਕਾਰਵਾਈ ਲੋੜੀਂਦੀ ਹੈ ਵਿਅਕਤੀਗਤ ਪੱਧਰ ਤੇ- ਜਾਗਰੂਕਤਾ ਅਤੇ ਆਪਣੇ ਡਾਟਾ ਦੀ ਸੁਰੱਖਿਆ।ਸੋਸ਼ਲ ਮੀਡੀਆ ਤੇ ਆਪਣੀ ਅਤੇ ਪਰਿਵਾਰਿਕ ਜਾਣਕਾਰੀ ਫੋਟੋਆਂ ਵੀਡੀਓਜ਼ ਪਾਉਣ ਤੋਂ ਸੰਕੋਚ ਕੀਤਾ ਜਾਵੇ। ਸਮਾਜਿਕ ਪੱਧਰ ਤੇ- ਡਿਜੀਟਲ ਸਾਖਰਤਾ ਤੇ ਨੈਤਿਕ ਤਕਨਾਲੋਜੀ ਦੀ ਵਰਤੋਂ ਅਤੇ ਵਿਸ਼ਵ ਪੱਧਰ ਤੇ - ਕਾਨੂੰਨੀ ਫਰੇਮਵਰਕ ਅੰਤਰਰਾਸ਼ਟਰੀ ਸਹਿਕਾਰਤਾ ਅਤੇ ਤਕਨਾਲੋਜੀ ਵਿਕਾਸਕਾਰਾਂ ਦੀ ਜ਼ਿੰਮੇਵਾਰੀ।



# ਸਿੱਖ ਇਤਿਹਾਸ ਦੇ ਮਹਾਨ ਸ਼ਹੀਦ ਭਾਈ ਮਤੀ ਦਾਸ



ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥16॥

ਭਾਈ ਮਤੀ ਦਾਸ ਜੀ ਦਾ ਜਨਮ ਪਿਤਾ ਭਾਈ ਨੰਦ ਲਾਲ ਜੀ ਦੇ ਘਰ 1641 ਈ. ਨੂੰ ਪਿੰਡ ਕਿਰਆਲਾ (ਕਿੜਆਲਾ) ਜੇਹਲਮ ਲਹਿੰਦੇ ਪੰਜਾਬ ਅੰਦਰ ਹੋਇਆ ਸੀ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਭਾਈ ਪਰਾਗਾ ਜੀ ਪਿੰਡ ਕੜਿਆਲ ਦੇ ਛਿੱਬੜ ਬ੍ਰਾਹਮਣ ਸਨ ਅਤੇ ਆਪ ਜੀ ਦੇ ਪਿਤਾ ਦਾ ਨਾਂ ਮਹਾਤਮਾ ਗੌਤਮ ਸੀ। ਭਾਈ ਪਰਾਗਾ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੱਖ ਧਰਮ ਆਪਣਾ ਲਿਆ ਸੀ। ਭਾਈ ਪਰਾਗਾ ਜੀ ਦੇ ਚਾਰ ਸਪੁੱਤਰ ਸਨ ਜਿਨ੍ਹਾਂ ਦਾ ਨਾਮ ਭਾਈ ਮਤੀ ਦਾਸ ,ਭਾਈ ਸਤੀ ਦਾਸ ,ਭਾਈ ਜਤੀ ਦਾਸ ਤੇ ਭਾਈ ਸਖੀ ਦਾਸ ਸੀ। ਭਾਈ ਮਤੀ ਦਾਸ ਭਾਈ ਪਰਾਗੇ ਦੇ ਜੇਠੇ ਸਪੁੱਤਰ ਸੀ।

ਇਤਿਹਾਸਿਕ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਮਤੀ ਦਾਸ ਜੀ ਦੇ ਦਾਦਾ ਗੌਤਮ ਦਾਸ ਜੀ ਇਲਾਕੇ ਵਿੱਚ ਰਸੂਖਦਾਰ ਵਿਅਕਤੀ ਸਨ। ਇਲਾਕੇ ਦੀਆਂ ਸੰਗਤਾਂ ਗੌਤਮ ਦਾਸ ਜੀ ਪਾਸ ਆਪਣੀਆਂ ਨਿੱਕੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਅਕਸਰ ਆਇਆ ਜਾਇਆ ਕਰਨੀਆਂ ਸਨ। ਗੌਤਮ ਦਾਸ ਜੀ ਦਾ ਮੇਲ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਹੋਇਆ । ਸਤਿਗੁਰੂ ਸ੍ਰੀ ਅਰਜਨ ਦੇਵ ਜੀ ਮਹਾਰਾਜ ਤੋਂ ਗੌਤਮ ਦਾਸ ਜੀ ਬਹੁਤ ਪ੍ਰਭਾਵਿਤ ਹੋਏ ਤੇ ਆਪ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ।

ਸੰਨ 1978 ਵਿੱਚ ਗਿਆਨੀ ਮੋਤਾ ਸਿੰਘ ਜੀ ਦਿੱਲੀ ਨੇ ਹਰਿਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਤੋਂ ਭਾਈ ਮਤੀਦਾਸ ਤੇ ਭਾਈ ਸਤੀਦਾਸ ਬਾਰੇ ਸੰਪੂਰਨ ਜਾਣਕਾਰੀ ਹਾਸਿਲ ਕਰਕੇ ਮਿਤੀ 2 ਫਰਵਰੀ ਸੰਨ 1978 ਦੇ ਖਾਲਸਾ ਸਮਾਚਾਰ ਅੰਮ੍ਰਿਤਸਰ ਅਖ਼ਬਾਰ ਦੇ ਵਿੱਚ ਇੱਕ ਲੇਖ ਪ੍ਰਕਾਸ਼ਿਤ ਕੀਤਾ ਸੀ। ਇਸ ਲੇਖ ਨੂੰ ਬਤੌਰ ਇਤਿਹਾਸਿਕ ਦਸਤਾਵੇਜ ਖੰਗਾਲਦੇ ਹੋਏ ਇਹ ਜਾਣਕਾਰੀ ਮਿਲਦੀ ਹੈ ਕਿ ਪਾਂਡਿਆਂ ਦੀਆਂ ਵਹੀਆਂ ਵਿੱਚ ਭਾਈ ਮਤੀ ਦਾਸ ਦੇ ਦਸਤਖ਼ਤ ਗੁਰਮੁਖੀ ਵਿੱਚ ਸਨ ਅਤੇ ਪਰਿਵਾਰਿਕ ਜਾਣਕਾਰੀ ਅਨੁਸਾਰ ਇਸ ਪਰਿਵਾਰ ਦਾ ਮੁਖੀਆ ਭਾਈ ਪਰਾਗਾ ਸੀ। ਭਾਈ ਪਰਾਗਾ ਦੇ ਸਪੁੱਤਰ ਦਾ ਨਾਂ ਭਾਈ ਦਵਾਰਕਾ ਦਾਸ ਸੀ ਅਤੇ ਭਾਈ ਦਵਾਰਕਾ ਦਾਸ ਦੇ ਚਾਰ ਸਪੁੱਤਰ ਸਨ। ਇਹਨਾਂ ਚਾਰਾਂ ਵਿੱਚੋਂ ਇੱਕ ਪੁੱਤਰ ਦਾ ਨਾਂ ਭਾਈ ਕਬੂਲ ਦਾਸ ਸੀ ਅਤੇ ਕਬੂਲ ਦਾਸ ਤੇ ਤਿੰਨ ਪੁੱਤਰਾਂ ਦਾ ਨਾਂ ਭਾਈ ਮਤੀ ਦਾਸ ,ਭਾਈ ਸਤੀ ਦਾਸ ਅਤੇ ਭਾਈ ਜਤੀ ਦਾਸ ਜੀ।

ਭਾਈ ਗੌਤਮ ਦਾਸ ਦਾ ਪੁੱਤਰ ਭਾਈ ਪਰਾਗਾ ਭਰਵੇ ਜੁੱਸੇ ਦਾ ਮਾਲਕ ਸੀ ਅਤੇ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਫੌਜ ਦੇ ਇੱਕ ਦਸਤੇ ਦਾ ਮੁਖੀ ਸੀ। ਬਾਲ ਗੁਰੂ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਸਮਾ ਜਾਣ ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਲਮੇਰੀ ਤਪੱਸਿਆ ਮਗਰੋਂ ਬਾਬੇ ਬਕਾਲੇ ਵਿਖੇ ਪ੍ਰਗਟ ਹੋਏ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਜੇ ਦਰਸ਼ਨਾਂ ਨੂੰ ਸੰਗਤਾਂ ਵਹੀਰਾਂ ਘੱਤ ਕੇ ਬਾਬਾ ਬਕਾਲਾ ਆਉਣ ਲੱਗ ਗਈਆਂ। ਇਨਾ ਸੰਗਤਾਂ ਵਿੱਚ ਭਾਈ ਮਤੀ ਦਾਸ ਜੀ ਵੀ ਹਾਜ਼ਰ ਹੋਏ ਅਤੇ ਆਪ ਜੀ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਮਾਨਸਿਕ ਅਤੇ ਆਤਮਿਕ ਸ਼ਾਂਤੀ ਮਿਲੀ।

ਕਸ਼ਮੀਰੀ ਪੰਡਤਾਂ ਦੀ ਪ੍ਰਤੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੁਗਲ ਹਕੂਮਤ ਤੇ ਬਾਦਸ਼ਾਹ ਔਰੰਗਜ਼ੇਬ ਨੂੰ ਸੁਨੇਹਾ ਘੱਲਿਆ ਕੀ ਉਹ ਨੇਕ ਰਸਤੇ ਤੇ ਚੱਲੇ ਅਤੇ ਆਮ ਲੋਕਾਂ ਤੇ ਜੁਲਮ ਨਾ ਕਰੇ। ਔਰੰਗਜ਼ੇਬ ਨੇ ਲੋਹੇ ਲਾਖੇ ਹੁੰਦਿਆਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਪੰਜਾਂ ਸਿੰਘਾਂ ਦੇ ਨਾਲ ਗ੍ਰਿਫਤਾਰ ਕਰਵਾ ਲਿਆ ਸੀ। ਇਹਨਾਂ ਪੰਜਾਂ ਸਿੰਘਾਂ ਵਿੱਚ ਭਾਈ ਮਤੀ ਦਾਸ ਵੀ ਸ਼ਾਮਿਲ ਸਨ।

ਜਦੋਂ ਭਾਈ ਮਤੀ ਦਾਸ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇੱਕ ਛੋਟੇ ਜਿਹੇ ਪਿੰਜਰੇ ਵਿੱਚ ਕੈਦ ਵੇਖਿਆ ਤਾਂ ਆਪ ਜੀ ਨੇ ਤੜਫ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਜੇ ਗੁਰੂ ਸਾਹਿਬ ਆਗਿਆ ਦੇਣ ਤਾਂ ਉਹ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣਗੇ। ਇਸ ਦੇ ਉੱਤਰ ਵਜੋਂ ਗੁਰੂ ਸਾਹਿਬ ਨੇ ਭਾਈ ਮਤੀ ਦਾਸ ਜੀ ਨੂੰ ਤਾਕੀਦ ਕੀਤੀ ਕਿ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਨਾ ਹੈ। ਗੁਰੂ ਤੇਗ ਬਹਾਦਰ ਜੀ ਨੇ ਭਾਈ ਮਤੀ ਦਾਸ ਜੀ ਨੂੰ ਸਮਝਾਇਆ ਕਿ ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਉਹਨਾਂ ਨੂੰ ਆਪਣੀ ਕੁਰਬਾਨੀ ਦੇਣੀ ਪੈਣੀ ਹੈ। ਇਹ ਸੁਣ ਕੇ ਭਾਈ ਮਤੀ ਦਾਸ ਜੀ ਨੂੰ ਗਿਆਨ ਹੋ ਗਿਆ ਅਤੇ ਉਹਨਾਂ ਨੇ ਝੋਲੀ ਅੱਡ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਸੋਂ ਭਾਣਾ ਮੰਨਣ ਅਤੇ ਭਾਣੇ ਅਨੁਸਾਰ ਰਹਿਣ ਲਈ ਬਲ ਬਖਸ਼ਿਸ਼ ਕਰਨ ਵੀ ਬੇਨਤੀ ਕੀਤੀ।

ਅਬ ਇਹ ਇੱਛਾ ਸੀਖਹਮਾਰੀ॥
ਨਮੋ ਕਰਹੁਕਰਤਾਰ ਅਗਾਰੀ॥
ਮਤੀਦਾਸਸੁਨ ਕੈ ਇਮ ਕਰਨਨ॥
ਕਰੀ ਬੰਦਨਾ ਸਿਤਗੁਰ ਚਰਨਨ॥

ਬਾਦਸ਼ਾਹ ਔਰੰਗਜ਼ੇਬ ਨੇ ਜਬਰ ਜੁਲਮ ਦੀ ਇੰਤਿਹਾ ਕਰਦਿਆਂ ਭਾਈ ਮਤੀ ਦਾਸ ਜੀ ਦੀ ਸ਼ਹੀਦੀ ਦੇ ਫਤਵੇ ਨੂੰ ਪ੍ਰਵਾਨ ਕਰ ਦਿੱਤਾ। ਭਾਈ ਮਤੀ ਦਾਸ ਜੀ ਨੂੰ ਕੋਤਵਾਲੀ ਤੇ ਕੈਦਖਾਨੇ ਤੋਂ ਕੱਢ ਕੇ ਖੁੱਲੀ ਥਾਂ ਲਿਆ ਕੇ ਬਿਠਾ ਦਿੱਤਾ। ਕਾਜ਼ੀਆਂ ਅਤੇ ਮੌਲਵੀਆਂ ਨੇ ਭਾਈ ਮਤੀ ਦਾਸ ਜੀ ਨੂੰ ਬਹੁਤ ਡਰਾਵੇ ਅਤੇ ਲਾਲਚ ਦਿੱਤੇ ਪਰ ਭਾਈ ਮਤੀ ਦਾਸ ਜੀ ਨੂੰ ਆਪਣੇ ਧਰਮ ਅਤੇ ਕਰਮ ਤੋਂ ਨਾ ਮੁਨਕਰ ਕਰ ਸਕੇ। ਕਾਜ਼ੀ ਨੇ ਜ਼ਲਾਦ ਬੁਲਵਾ ਕੇ ਭਾਈ ਸਾਹਿਬ ਦੇ ਸਿਰ ਤੋਂ ਆਰਾ ਚਲਵਾ ਦਿੱਤਾ। ਜਦੋਂ ਜੱਲਾਦ ਨੇ ਆਰਾ ਫੇਰਨਾ ਸ਼ੁਰੂ ਕੀਤਾ ਤਾਂ ਭਾਈ ਸਾਹਿਬ ਦੇ ਸਿਰ ਤੋਂ ਲਹੂ ਦੀਆਂ ਤਤੀਰੀਆਂ ਫੁੱਟ ਪਈਆਂ ਪਰ ਭਾਈ ਸਾਹਿਬ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਜਾਰੀ ਰੱਖਿਆ ਅਤੇ ਅਡੋਲ ਰਹੇ ।

ਇੱਕ ਪਾਸੇ ਗੁਰੂ ਸਾਹਿਬ ਦੇ ਸਿੱਖਾਂ ਦਾ ਸਿਦਕ ਦੂਸਰੇ ਪਾਸੇ ਔਰੰਗਜ਼ੇਬ ਤੇ ਜ਼ਲਾਦਾਂ ਦਾ ਜਬਰ ਜੁਲਮ ਸੰਸਾਰ ਭਰ ਦੇ ਲੋਕਾਂ ਨੂੰ ਨੂੰ ਦੰਦਾਂ ਥੱਲੇ ਉਂਗਲੀਆਂ ਦਬਾਉਣ ਲਈ ਮਜਬੂਰ ਕਰ ਰਿਹਾ ਸੀ। ਇਤਿਹਾਸਿਕ ਖੋਜੀ ਦੱਸਦੇ ਹਨ ਕਿ ਜਦੋਂ ਜ਼ਲਾਦ ਨੇ ਭਾਈ ਸਾਹਿਬ ਦੇ ਤਨ ਦੇ ਦੋ ਟੁਕੜੇ ਕਰ ਦਿੱਤੇ ਤਾਂ ਉਸੇ ਹੀ ਵਕਤ ਭਾਈ ਸਾਹਿਬ ਨੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਦੀ ਸਮਾਪਤੀ ਕੀਤੀ ਸੀ।

ਮਤੀਦਾਸ ਕੋ ਕੀਨਬੁਲਾਵਿਨ॥
ਦੁਇ ਤਖਤੇ ਮਿਹਂ ਕਰਯੋ ਬੰ ਧਾਵਿਨ॥
ਹੁਕਮ ਜਲਾਦਿਨ ਤਬਿਹਉਚਾਰਾ॥
ਲੈ ਆਰਾ ਸਿਰ ਪਰ ਤਿਸ ਧਾਰਾ॥

ਔਰੰਗਜ਼ੇਬ ਨੇ ਇਹ ਕਾਰਾ ਜਾਣ ਬੁਝ ਕੇ ਖੁੱਲੇ ਸਥਾਨ ਤੇ ਕਰਵਾਇਆ ਸੀ ਤਾਂ ਜੋ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਪਾਈ ਜਾ ਸਕੇ। ਭਾਈ ਮਤੀ ਦਾਸ ਦੀ ਸ਼ਹਾਦਤ ਉਪਰੰਤ ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਪਰੋਕਤ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵੀ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਸ਼ਹੀਦ ਕਰ ਦਿੱਤਾ ਗਿਆ। ਇਸ ਸਥਾਨ ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਭੁੱਲ ਚੁੱਕ ਦੀ ਖਿਮਾ



ਦਾਸ ਸੁਰਿੰਦਰ ਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਰਿਟਾਇਰਮੈਂਟ ਦੀ ਉਮਰ... !



ਅੱਜ ਕੱਲ ਸਿਹਤ ਦੇ ਮਾਮਲੇ ਵਿੱਚ ਲੋਕ ਬਹੁਤ ਸੁਚੇਤ ਹਨ। ਹੁਣ 58 ਸਾਲ ਦਾ ਬੰਦਾ ਮਾਨਸਿਕ ਤ ਸਰੀਰਕ ਪੱਖੋਂ ਠੀਕ ਹੁੰਦਾ ਹੈ। ਉਸਦੀ ਕੰਮ ਕਰਨ ਦੀ ਕਾਬਲੀਅਤ ਕਿਸੇ ਤਰ੍ਹਾਂ ਵੀ ਘਟੀ ਨਹੀਂ ਹੁੰਦੀ। ਬੰਦੇ ਦੀ ਔਸਤ ਉਮਰ ਭਾਰਤ ਵਿੱਚ ਹੋਣ 70 ਤੋਂ ਵੱਧ ਹੈ। ਇਸ ਪੱਖੋਂ ਰਿਟਾਇਰਮੈਂਟ ਦੀ ਉਮਰ ਨੂੰ ਬਦਲਣ ਦੀ ਜਰੂਰਤ ਹੈ। ਵਿਦੇਸ਼ ਦੀ ਤਰਜ਼ ਤੇ 65 ਸਾਲ ਜੇ ਨਾ ਵੀ ਕੀਤੀ ਜਾਵੇ ਤਾਂ ਕਮ ਸੇ ਕਮ 60 ਸਾਲ ਜਾਂ 62 ਸਾਲ ਜਰੂਰ ਹੋਣੀ ਚਾਹੀਦੀ ਹੈ। 58 ਸਾਲ ਦੀ ਉਮਰ ਵਿੱਚ ਰਿਟਾਇਰ ਹੋ ਜਾਣ ਦਾ ਅਰਥ ਹੈ ਕਿਸੇ ਦਾ ਆਰਥਿਕ ਪੱਖੋਂ ਅੱਧੇ ਰਹਿ ਜਾਣਾ। ਔਸਤ ਉਮਰ ਦੇ ਹਿਸਾਬ ਨਾਲ ਉਸਨੂੰ ਔਖਿਆਈ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਜਦੋਂ ਕੋਈ ਕਰਮਚਾਰੀ 58 ਸਾਲ ਦੀ ਉਮਰ ਵਿੱਚ ਸਰੀਰਕ ਤੇ ਮਾਨਸਿਕ ਪੱਖੋਂ ਕੰਮ ਕਰਨ ਦੇ ਯੋਗ ਹੈ ਤਾਂ ਉਸ ਦੇ ਰਿਟਾਇਰਮੈਂਟ ਦੀ ਉਮਰ ਵੱਧ ਜਾਣਾ ਉਚਿੱਤ ਹੈ। ਸਰਕਾਰ ਨੂੰ ਇਸ ਪੱਖ ਵੱਲ ਧਿਆਨ ਦੇਣਾ ਚਾਹੀਦਾ ਹੈ। ਬੇਸ਼ੱਕ ਬਹੁਤ ਸਾਰੇ ਤਰਕ ਦਿੱਤੇ ਜਾਣਗੇ ਕਿ ਲੋਕਾਂ ਦੇ ਰਿਟਾਇਰ ਹੋਣ ਨਾਲ ਨੌਜਵਾਨਾਂ ਨੂੰ ਨੌਕਰੀ ਮਿਲੇਗੀ। ਇਹ ਸਹੀ ਹੈ ਪਰ ਜੋ ਕੰਮ ਕਰ ਰਿਹਾ ਹੈ ਤੇ ਅਜੇ ਹੋਰ ਚਾਰ ਤੋਂ ਪੰਜ ਸਾਲ ਕੰਮ ਕਰ ਸਕਦਾ ਹੈ ਉਸ ਬਾਰੇ ਵੀ ਸੋਚਣਾ ਚਾਹੀਦਾ ਹੈ। ਉਸ ਦਾ ਤਜ਼ਰਬਾ ਉਸਨੂੰ ਬਿਹਤਰ ਕੰਮ ਕਰਨ ਦਾ ਮੌਕਾ ਦਿੰਦਾ ਹੈ। ਜਦੋਂ ਕਰਮਚਾਰੀ ਰਿਟਾਇਰ ਹੋ ਜਾਂਦਾ ਹੈ ਤਾਂ ਦੇਖਿਆ ਗਿਆ ਹੈ ਕਿ ਪਰਿਵਾਰ ਲਈ ਉਹ ਅਕਸਰ ਵਾਧੂ ਹੋ ਜਾਂਦਾ ਹੈ। ਉਸ ਉਮਰ ਦੇ ਹਿਸਾਬ ਨਾਲ ਉਸਨੇ ਅਜੇ 12-15 ਸਾਲ ਹੋਰ ਜੀਣਾ ਹੁੰਦਾ ਹੈ। ਡਾਕਟਰਾਂ ਦੀ ਰਿਟਾਇਰਮੈਂਟ ਦੀ ਉਮਰ 65 ਸਾਲ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਬਾਕੀ ਕਰਮਚਾਰੀਆਂ ਦੀ ਰਿਟਾਇਰਮੈਂਟ ਉਮਰ ਦੀ ਹੱਦ ਵੀ ਵਧਣੀ ਚਾਹੀਦੀ ਹੈ। ਜੇਕਰ ਕੋਈ ਕਰਮਚਾਰੀ ਸਰੀਰਕ ਤੇ ਮਾਨਸਿਕ ਪੱਖੋਂ ਯੋਗ ਨਾ ਹੋਵੇ ਤਾਂ ਉਹ ਪਹਿਲਾਂ ਰਿਟਾਇਰਮੈਂਟ ਲੈ ਹੀ ਸਕਦਾ ਹੈ। ਜਿਹੜੇ ਕਰਮਚਾਰੀ 2004 ਤੋਂ ਬਾਅਦ ਨੌਕਰੀ ਵਿੱਚ ਆਏ ਹਨ ਉਹਨਾਂ ਲਈ ਤਾਂ ਪੈਨਸ਼ਨ ਦੀ ਸੁਵਿਧਾ ਵੀ ਨਹੀਂ ਹੈ। ਉਹਨਾਂ ਲਈ 58 ਸਾਲ ਦੀ ਰਿਟਾਇਰਮੈਂਟ ਉਮਰ ਬਹੁਤ ਘੱਟ ਹੈ। ਜਿਨਾਂ ਨੂੰ ਪੈਨਸ਼ਨ ਮਿਲਣ ਯੋਗ ਹੈ ਉਹ ਜੇ ਚਾਹੁਣ ਤਾਂ 58 ਤੋਂ ਪਹਿਲਾਂ ਵੀ ਰਿਟਾਇਰਮੈਂਟ ਲੈ ਸਕਦੇ ਹਨ। 20 ਸਾਲ ਦੀ ਨੌਕਰੀ ਤੋਂ ਬਾਅਦ ਪੂਰੀ ਪੈਨਸ਼ਨ ਮਿਲਦੀ ਹੈ। ਸਮੱਸਿਆ ਉਹਨਾਂ ਲਈ ਹੋਵੇਗੀ ਜਿਨਾਂ ਨੂੰ ਪੈਨਸ਼ਨ ਨਹੀਂ ਮਿਲਣੀ। ਉਹਨਾਂ ਨੇ ਕਰਜ਼ਾ ਲੈ ਕੇ ਘਰ ਵੀ ਬਣਾਉਣੇ ਹਨ ਤੇ ਬੱਚਿਆਂ ਨੂੰ ਵੀ ਸੈੱਟ ਕਰਨਾ ਹੈ। ਉਹਨਾਂ ਦੀ ਕਬੀਲਦਾਰੀ ਜੇ 58 ਸਾਲ ਦੀ ਉਮਰ ਤੱਕ ਪੂਰੀ ਨਾ ਹੋਈ ਤਾਂ ਉਹਨਾਂ ਲਈ ਬਹੁਤ ਦਿੱਕਤ ਹੋਵੇਗੀ। ਇਹ ਸਲਾਹ ਹਾਈਕੋਰਟ ਨੇ ਸਰਕਾਰ ਨੂੰ ਦਿੱਤੀ ਹੈ। ਤੁਹਾਡੇ ਵਿਚਾਰਾਂ ਦਾ ਸਵਾਗਤ ਹੈ।

ਹਰਪ੍ਰੀਤ ਕੌਰ ਸੰਧੂ

# ਇੱਕ ਸ਼ਰਾਬੀ ਨੇ ਮੇਰੇ ਤੋਂ ਸੰਨਿਆਸ ਲਿਆ...

ਇੱਕ ਸ਼ਰਾਬੀ ਨੇ ਮੇਰੇ ਤੋਂ ਸੰਨਿਆਸ ਲਿਆ। ਉਹ ਤਾਂ ਮੰਨ ਹੀ ਨਾ ਸਕਿਆ ਕਿ ਮੈਂ ਉਸਨੂੰ ਸੰਨਿਆਸ ਦੇਵਾਂਗਾ ! ਉਹ ਤਾਂ ਆਇਆ ਸੀ ਮੈਨੂੰ ਪੁੱਛਣ ਕਿ ਕੀ ਤੁਸੀਂ ਮੈਨੂੰ ਸਵੀਕਾਰ ਕਰੋਗੇ ? ਉਸਨੇ ਕਿਹਾ, ਮੈਂ ਤੁਹਾਨੂੰ ਪਹਿਲਾਂ ਹੀ ਦੱਸ ਦਿੰਦਾ ਹਾਂ ਕਿ ਮੈਂ ਇੱਕ ਸ਼ਰਾਬੀ ਹਾਂ। ਮੈਂ ਕਿਹਾ, ਠੀਕ ਹੈ, ਮੈਨੂੰ ਸਭ ਸਵੀਕਾਰ ਹੈ। ਜਦੋਂ ਪਰਮਾਤਮਾ ਨੂੰ ਤੁਸੀਂ ਸਵਿਕਾਰ ਹੋ ਅਤੇ ਪਰਮਾਤਮਾ... ਤੁਸੀਂ ਸ਼ਰਾਬ ਕਿੰਨੇ ਦਿਨਾਂ ਤੋਂ ਪੀ ਰਹੇ ਹੋ? ਉਸਨੇ ਕਿਹਾ, ਮੈਂ ਬਾਰਾਂ ਸਾਲਾਂ ਤੋਂ ਸ਼ਰਾਬ ਪੀ ਰਿਹਾ ਹਾਂ। ਤਾਂ ਮੈਂ ਕਿਹਾ, ਜਦੋਂ ਪਰਮਾਤਮਾ ਨੇ ਤੁਹਾਨੂੰ ਬਾਰਾਂ ਸਾਲਾਂ ਤੋਂ ਜ਼ਿੰਦਾ ਰੱਖਿਆ ਹੋਇਆ ਹੈ ਅਤੇ ਮਾਰ ਨਹੀਂ ਸੁੱਟਿਆ, ਤਾਂ ਮੈਂ ਕੌਣ ਹਾਂ ਦਖਲ ਦੇਣ ਵਾਲਾ? ਮੇਰੇ ਮਾਪਦੰਡ ਕੋਈ ਪਰਮਾਤਮਾ ਤੋਂ ਵੱਡੇ ਮਾਪਦੰਡ ਨਹੀਂ ਹੋ ਸਕਦੇ। ਤੁਸੀਂ ਬੇਫ਼ਿਕਰ ਹੋ ਕੇ ਪੀਓ ਪਰ ਤੁਸੀਂ ਧਿਆਨ ਸ਼ੁਰੂ ਕਰੋ ! ਉਸਨੇ ਕਿਹਾ, ਕੀ ਇੱਕ ਸ਼ਰਾਬੀ ਧਿਆਨ ਕਰ ਸਕਦਾ ਹੈ? ਮੈਂ ਕਿਹਾ, ਸੱਚ ਤਾਂ ਇਹ ਹੈ ਕਿ ਸ਼ਰਾਬ ਪੀਣ ਦੀ ਇੱਛਾ ਉਨ੍ਹਾਂ ਨੂੰ ਹੀ ਪੈਦਾ ਹੁੰਦੀ ਹੈ ਜਿਨ੍ਹਾਂ ਦੇ ਅੰਦਰ ਧਿਆਨ ਦੀ ਸੰਭਾਵਨਾ ਹੈ। ਤੁਸੀਂ ਇਹ ਗੱਲ ਸੁਣ ਕੇ ਹੈਰਾਨ ਹੋਵੋਗੇ ! ਸ਼ਰਾਬ ਕੁਝ ਸਮੇਂ ਲਈ ਦੁਨੀਆ ਨੂੰ ਭੁੱਲਾ ਦਿੰਦੀ ਹੈ ਅਤੇ ਧਿਆਨ ਹਮੇਸ਼ਾ ਲਈ ਮੁਕਤੀ ਲਿਆਉਂਦਾ ਹੈ। ਸ਼ਰਾਬ ਥੋੜ੍ਹੇ-ਚਿਰ ਦਾ ਧਿਆਨ ਹੈ ਅਤੇ ਧਿਆਨ ਸਦੀਵੀਂ ਸ਼ਰਾਬ ਹੈ। ਸ਼ਰਾਬ ਵਿੱਚ ਜਿਹੜੇ ਲੋਕ ਉਤਸੁਕ ਹੋ ਜਾਂਦੇ ਹਨ, ਉਹ ਉਹੀ ਲੋਕ ਹਨ ਜੋ ਕਿਸੇ ਤਰ੍ਹਾਂ ਜ਼ਿੰਦਗੀ ਦੀਆਂ ਚਿੰਤਾਵਾਂ ਨੂੰ ਭੁੱਲਣਾ ਚਾਹੁੰਦੇ ਹਨ। ਅਤੇ ਧਿਆਨ ਵਿੱਚ ਤਾਂ ਚਿੰਤਾਵਾਂ ਤੋਂ ਮੁਕਤੀ ਹੋ ਜਾਂਦੀ ਹੈ, ਭੁੱਲਣ ਦੀ ਲੋੜ ਹੀ ਨਹੀਂ ਰਹਿ ਜਾਂਦੀ ਹੈ। ਮੈਂ ਕਿਹਾ, ਧਿਆਨ ਜ਼ਰੂਰ ਕਰੋ, ਸ਼ਰਾਬ ਤੁਸੀਂ ਪੀਂਦੇ ਰਹੋ।

ਕੋਈ ਪੰਜ-ਸੱਤ ਮਹੀਨਿਆਂ ਬਾਅਦ ਉਸਨੇ ਆ ਕੇ ਮੈਨੂੰ ਕਿਹਾ, ਤੁਸੀਂ ਮੈਨੂੰ ਬਹੁਤ ਵੱਡਾ ਧੋਖਾ ਦਿੱਤਾ ਹੈ ! ਹੁਣ ਧਿਆਨ ਵਿੱਚ ਰਸ ਆਉਣ ਲੱਗਾ ਹੈ, ਮੈਂਸ਼ਰਾਬ ਛੁੱਟ ਗਈ ਹੈ। ਹੁਣ ਮੈਂ ਪੀਣਾ ਵੀ ਚਾਹਾਂ ਤਾਂ ਨਹੀਂ ਪੀ ਸਕਦਾ।

ਮੈਂ ਕਿਹਾ, ਮੈਨੂੰ ਕਾਰਨ ਦੱਸੋ, ਕਿਉਂ ਨਹੀਂ ਪੀ ਸਕਦੇ?

ਉਸਨੇ ਜੋ ਗੱਲ ਕਹੀ, ਮੌਲਿਕ ਹੈ। ਉਸਨੇ ਕਿਹਾ ਕਿ ਮੈਂ ਜ਼ਿੰਦਗੀ ਨੂੰ ਭੁੱਲਣ ਲਈ ਸ਼ਰਾਬ ਪੀਂਦਾ ਸੀ ਕਿਉਂਕਿ ਜ਼ਿੰਦਗੀ ਮੇਰੀ ਦੁੱਖਾਂ ਨਾਲ ਭਰੀ ਹੋਈ ਸੀ। ਧਿਆਨ ਨੇ ਮੇਰੀ ਜ਼ਿੰਦਗੀ ਨੂੰ ਸੁੱਖ ਦੀ ਇੱਕ ਨਵੀਂ ਚਮਕ ਦੇ ਦਿੱਤੀ ਹੈ। ਸਵੇਰੇ ਉੱਠਦਾ ਹਾਂ, ਤਾਂ ਇੰਨੀ ਪਿਆਰੀ ਸਵੇਰ ਮੈਂ ਕਦੇ ਵੇਖੀ ਨਹੀਂ ਸੀ ! ਪੰਛੀ ਪਹਿਲਾਂ ਵੀ ਗਾਉਂਦੇ ਰਹੇ ਹੋਣਗੇ, ਮੈਂ ਨਹੀਂ ਸੁਣੇ ਸਨ। ਸੂਰਜ ਪਹਿਲਾਂ ਵੀ ਚੜ੍ਹਦਾ ਸੀ, ਪਰ ਮੈਂ ਨਹੀਂ ਦੇਖਿਆ ਸੀ। ਰੁੱਖ ਪਹਿਲਾਂ ਵੀ ਹਰੇ ਰਹੇ ਹੋਣਗੇ, ਮੇਰੀਆਂ ਅੱਖਾਂ ਉਨ੍ਹਾਂ ਦੀ ਹਰਿਆਲੀ ਨਾਲ ਨਹੀਂ ਭਰੀਆਂ ਸਨ। ਫੁੱਲ ਪਹਿਲਾਂ ਵੀ ਨੱਚਦੇ ਰਹੇ ਹੋਣਗੇ ਹਵਾਵਾਂ ਵਿੱਚ, ਪਰ ਮੈਂ ਉਨ੍ਹਾਂ ਨੂੰ ਪਛਾਣਿਆ ਨਹੀਂ ਸੀ। ਰਾਤ ਤਾਰਿਆਂ ਨਾਲ ਭਰ ਜਾਂਦੀ ਹੈ ਅਤੇ ਮੇਰਾ ਦਿਲ ਐਨਾ ਅਨੰਦ ਭਰਪੂਰ ਹੋ ਰਿਹਾ ਹੈ ! ਪਹਿਲਾਂ ਮੈਂ ਦੁਖੀ ਸੀ, ਮੈਂ ਸ਼ਰਾਬ ਪੀਂਦਾ ਸੀ ਤਾਂ ਦੁੱਖ ਭੁੱਲ ਜਾਂਦਾ ਸੀ। ਹੁਣ ਸ਼ਰਾਬ ਪੀਂਦਾ ਹਾਂ, ਤਾਂ ਮੈਂ ਇਹ ਸੁੱਖ ਭੁੱਲ ਜਾਂਦਾ ਹਾਂ। ਅਤੇ ਸੁੱਖ ਨੂੰ ਕੌਣ ਭੁੱਲਣਾ ਚਾਹੁੰਦਾ ਹੈ? ਇਸ ਲਈ ਮੈਂ ਹੁਣ ਸ਼ਰਾਬ ਨਹੀਂ ਪੀ ਸਕਦਾ। ਅਸੰਭਵ ਹੈ।

ਮੈਂ ਕਿਹਾ, ਹੁਣ ਜਦੋਂ ਤੁਸੀਂ ਸਮਝ ਹੀ ਗਏ ਹੋ ਅਤੇ ਮਾਮਲਾ ਸੁਲਝ ਹੀ ਗਿਆ ਹੈ, ਤਾਂ ਮੈਨੂੰ ਤੁਹਾਨੂੰ ਦੱਸ ਹੀ ਦੇਵਾਂ ਕਿ ਹਾਂ, ਮੈਂ ਧੋਖਾ ਕੀਤਾ ਹੈ। ਮੈਨੂੰ ਮਾਫ਼ ਕਰ ਦਿਓ !

ਸੰਤ, ਮਨ ਨੂੰ ਗਾਲ੍ਹਾਂ ਨਾ ਦਿਉ ! ਮਨ ਨੂੰ ਸਮਝੋ ਅਤੇ ਜਾਗੋ, ਧਿਆਨ ਵਿੱਚ ਲੱਗੋ। ਅਤੇ ਜਿਹੋ ਜਿਹੇ ਹੋ ਉਹੋ ਜਿਹੇ ਹੀ ਧਿਆਨ ਨੂੰ ਉਪਲਬਧ ਹੋ ਸਕਦੇ ਹੋ। ਧਿਆਨ ਬੇਸ਼ਰਤ ਹੈ। ਇਹ ਕੋਈ ਸ਼ਰਤਾਂ ਨਹੀਂ ਰੱਖਦਾ। ਅਜਿਹੀ ਕੋਈ ਸ਼ਰਤ ਨਹੀਂ ਰੱਖਦਾ ਕਿ ਪਹਿਲਾਂ ਸਿਗਰਟ ਛੱਡੋ, ਸ਼ਰਾਬ ਛੱਡੋ, ਪਤਨੀ ਛੱਡੋ, ਬੱਚੇ ਛੱਡੋ, ਦੌਲਤ ਛੱਡੋ, ਫਿਰ ਧਿਆਨ ਹੋਵੇਗਾ। ਨਹੀਂ, ਨਹੀਂ, ਬਿਲਕੁਲ ਉਲਟੀ ਗੱਲ ਹੈ। ਪਹਿਲਾਂ ਧਿਆਨ ਹੋਵੇ, ਫਿਰ ਜੋ-ਜੋ ਵਿਅਰਥ ਹੈ, ਉਹ ਆਪਣੇ ਆਪ ਛੁੱਟ ਜਾਵੇਗਾ। ਅਤੇ ਜੋ-ਜੋ ਸਾਰਥਕ ਹੈ, ਉਹ ਹੋਰ ਵੀ ਗਹਿਰਾਈ ਨਾਲ ਜੁੜ ਜਾਵੇਗਾ। ਧਿਆਨ ਵਿਅਰਥ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ ਅਤੇ ਸਾਰਥਕ ਨੂੰ ਨਿਖਾਰ ਦਿੰਦਾ ਹੈ।ਧਿਆਨ ਅੱਗ ਹੈ। ਇਸ ਵਿੱਚੋਂ ਲੰਘ ਕੇ, ਸੋਨਾ ਸ਼ੁੱਧ ਹੁੰਦਾ ਹੈ, ਕੁੰਦਨ ਬਣਦਾ ਹੈ।

ਅੱਜ ਇੰਨਾ ਹੀ। *



ਓਸ਼ੋ

# ਜਪਾਨੀ ਬੋਧ ਕਥਾ



ਇੱਕ ਕਿਸਾਨ ਦੋ ਘੜਿਆਂ ਨੂੰ ਇੱਕ ਲੰਮੀ ਸੋਟੀ ਦੇ ਕਿਨਾਰਿਆਂ ਨਾਲ ਬੰਨ੍ਹ ਕੇ ਨਦੀ ਤੋਂ ਪਾਣੀ ਭਰ ਕੇ ਲਿਆਉਂਦਾ ਸੀ। ਉਹਨਾਂ 'ਚੋਂ ਇੱਕ ਘੜੇ ਵਿੱਚ ਛੋਟਾ ਜਿਹਾ ਛੇਦ ਸੀ ਜਿਸ ਕਾਰਨ ਉਸ ਵਿਚਲਾ ਪਾਣੀ ਚੋਂਦਾ ਰਹਿੰਦਾ ਸੀ ਤੇ ਘਰ ਤੱਕ ਪਹੁੰਚਦਿਆਂ-ਪਹੁੰਚਦਿਆਂ ਪਾਣੀ ਅੱਧਾ ਰਹਿ ਜਾਂਦਾ ਸੀ। ਘੜਾ ਅਪਣੀ ਇਸ ਘਾਟ ਕਾਰਨ ਹਮੇਸ਼ਾਂ ਕਿਸਾਨ ਤੋਂ ਸ਼ਰਮਿੰਦਾ ਰਹਿੰਦਾ ਸੀ। ਇੱਕ ਦਿਨ ਉਸ ਘੜੇ ਨੇ ਕਿਸਾਨ ਨੂੰ ਕਿਹਾ ਕਿ ਮੈਂ ਬਹੁਤ ਸ਼ਰਮਿੰਦਾ ਹਾਂ ਕਿ ਮੈਂ ਤੁਹਾਡੇ ਲਈ ਪੂਰਾ ਭਰਕੇ ਪਾਣੀ ਨਹੀਂ ਪਹੁੰਚਾ ਪਾਉਂਦਾ, ਜਿਸ ਕਾਰਨ ਤੁਹਾਡੀ ਕਾਫੀ ਮੇਹਨਤ ਅਜਾਈ ਚਲੀ ਜਾਂਦੀ ਹੈ। ਕਿਸਾਨ ਨੇ ਹੱਸ ਕੇ ਕਿਹਾ ਕਿ ਹੇ ਘੜੇ, ਮੈਂ ਤੇਰੇ ਇਸ ਔਗੁਣ ਨੂੰ ਜਾਣਦਾ ਸਾਂ ਤੇ ਇਸੇ ਲਈ ਮੈਂ ਤੇਰੇ ਵੱਲ ਦੇ ਰਸਤੇ ਤੇ ਫੁੱਲਾਂ ਦੇ ਬੀਜ ਖਿਲਾਰ ਦਿੱਤੇ ਸਨ ਤੇ ਅਚੇਤ ਹੀ ਤੇਰੇ ਵਿੱਚੋਂ ਕਿਰਿਆ ਪਾਣੀ ਉਨ੍ਹਾਂ ਫੁੱਲਾਂ ਨੂੰ ਸਿੰਜਦਾ ਰਿਹੈ। ਕੀ ਤੂੰ ਵੇਖਿਆ ਨਹੀਂ ? ਤੇਰੇ ਇਸ ਅਵਗੁਣ ਕਰਕੇ ਉਹ ਵੀਰਾਨ ਰਸਤਾ ਫੁੱਲਾਂ ਦੇ ਬਗੀਚੇ ਵਿੱਚ ਤਬਦੀਲ ਹੋ ਗਿਆ ਹੈ।

ਇਹ ਸੁਣ ਕੇ ਘੜਾ ਮੁਸਕੁਰਾ ਪਿਆ।

(ਪੰਜਾਬੀ ਅਨੁਵਾਦ: ਮੀਤ ਅਨਮੋਲ)

# ਆਰਜ਼ੂ ਮੇਰੀ ਵੀ ਸੀ

ਕੁੱਝ ਕਰ ਜਾਂਵਾ,,
ਖੁਦ ਲਈ ਨਹੀਂ ਦੂਜਿਆਂ ਲਈ
ਜੀ ਜਾਵਾਂ ਜਾ ਮਰ ਜਾਂਵਾ !
ਪਰ ਜ਼ਿੰਦਗੀ ਦੇ ਚੱਕਰਵਿਊ
ਵਿੱਚ ਉਲਝ ਕੇ ਰਹਿ
ਗਏ ਅਰਮਾਨ ਸਾਰੇ,,
ਐਸਾ ਘੇਰਿਆ ਫਰਜ਼ਾਂ ਨੇ
ਭੁੱਲ ਗਏ ਫਲਸਫੇ
ਜ਼ਿੰਦਗੀ ਦੇ ਸਾਰੇ !!
ਪੂਰੀ ਨਾ ਹੋ ਸਕੀ ਆਰਜ਼ੂ ਮੇਰੀ
ਰਹਿ ਗਿਆ ਇਸ਼ਕ ਅਧੂਰਾ,
ਮੇਰੀਆਂ ਸੋਚਾ ਦਾ ਸਮੁੰਦਰ
ਸੁੱਕ ਗਿਆ ਪੂਰੇ ਦਾ ਪੂਰਾ !

ਆਪਣੇ ਲਈ ਜੀਉਣਾ ਕੋਈ
ਜਿਉਣਾ ਨਹੀਂ ਹੁੰਦਾ ,,
ਸਵਾਰਥ ਦੀ ਤੱਕੜੀ ਚ
ਤੁੱਲ ਕੇ ਕੋਈ ਪੂਰਾ ਨਹੀਂ ਹੁੰਦਾ !
""ਜੇ ਪਾਲ "" ਤੇਰੀ ਆਰਜ਼ੂ
ਮਰੀ ਨਹੀਂ,,
ਅਜੇ ਵੀ ਜਜ਼ਬਾ ਹੈ ਪੂਰਾ !
ਪਾਉਣਾ ਏ ਅਨੰਦ ਤਾਂ
ਰਾਹ ਮੁਹੱਬਤ ਦੇ ਤੁਰਨਾ ਹੈ ਪੈਣਾ !
ਕਾਇਨਾਤ ਸਾਰੀ ਹੈ ਤੇਰੀ
ਇਸ਼ਕ ਨੂੰ ਮੰਜ਼ਿਲ
ਬਨਾਉਣਾ ਹੈ ਪੈਣਾ !!

ਜੇ ਪਾਲ ਢੱਠਾ ਗਰੇਵਾਲ

# ਕ੍ਰਿਕਟਰ ਸ਼੍ਰੇਅਸ ਅਈਅਰ ਪਸਲੀਆਂ ਦੀ ਸੱਟ ਕਰਕੇ ਸਿਡਨੀ ਦੇ ਹਸਪਤਾਲ ਦਾਖ਼ਲ




ਸਿਡਨੀ : ਭਾਰਤ ਦੇ ਇਕ ਰੋਜ਼ਾ ਉਪ-ਕਪਤਾਨ ਸ਼੍ਰੇਅਸ ਅਈਅਰ ਨੂੰ ਸਿਡਨੀ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ ਅਤੇ ਇਸ ਸਮੇਂ ਉਹ ਇੰਟੈਂਸਿਵ ਕੇਅਰ ਯੂਨਿਟ (ਆਈ.ਸੀ.ਯੂ.) ਵਿਚ ਹਨ। ਜਾਣਕਾਰੀ ਅਨੁਸਾਰ ਆਸਟ੍ਰੇਲੀਆ ਵਿਰੁਧ ਤੀਜੇ ਇਕ ਰੋਜ਼ਾ ਮੈਚ ਦੌਰਾਨ ਪਸਲੀ ਦੀ ਸੱਟ ਦਾ ਸ਼੍ਰੇਅਸ ਅਈਅਰ ਸਾਹਮਣਾ ਕਰਨਾ ਪਿਆ। ਅਈਅਰ ਨੇ ਸ਼ਨਿਚਰਵਾਰ (25 ਅਕਤੂਬਰ) ਨੂੰ ਐਲੇਕਸ ਕੈਰੀ ਨੂੰ ਆਊਟ ਕਰਨ ਲਈ ਪਿੱਛੇ ਵੱਲ ਦੌੜਦੇ ਹੋਏ ਤੀਜੇ ਇਕ ਰੋਜ਼ਾ ਮੈਚ ਵਿਚ ਬੈਕਵਰਡ ਪੁਆਇੰਟ ਤੋਂ ਸ਼ਾਨਦਾਰ ਕੈਚ ਲਿਆ। ਉਸ ਦੀ ਖੱਬੀ ਪਸਲੀ ਵਿਚ ਸੱਟ ਲੱਗ ਗਈ ਅਤੇ ਦਰਦ ਕਾਰਨ ਬੁਰਾ ਹਾਲ ਹੋ ਗਿਆ। ਫਿਰ ਉਹ ਡਰੈਸਿੰਗ ਰੂਮ ਵਿਚ ਵਾਪਸ ਆ ਗਏ ਅਤੇ ਉਸ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ। ਇਲਾਜ ਦੌਰਾਨ ਪਤਾ ਲੱਗਿਆ ਕਿ ਉਸ ਦੀ ਸੱਟ ਜਾਨਲੇਵਾ ਹੋ ਸਕਦੀ ਸੀ, ਹਾਲਾਂਕਿ, ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੁਆਰਾ ਕੋਈ ਅਧਿਕਾਰਤ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ "ਸ਼੍ਰੇਅਸ ਪਿਛਲੇ ਕੁੱਝ ਦਿਨਾਂ ਤੋਂ ਆਈਸੀਯੂ ਵਿਚ ਹਨ। ਰਿਪੋਰਟਾਂ ਆਉਣ ਤੋਂ ਬਾਅਦ, ਅੰਦਰੂਨੀ ਖ਼ੂਨ ਵਹਿਣ ਦਾ ਪਤਾ ਲੱਗਿਆ ਤੇ ਉਸ ਨੂੰ ਤੁਰਤ ਦਾਖ਼ਲ ਕਰਵਾਉਣਾ ਪਿਆ। ਉਸ ਦੀ ਰਿਕਵਰੀ 'ਤੇ ਨਿਰਭਰ ਕਰਦਿਆਂ, ਉਸ ਨੂੰ ਦੋ ਤੋਂ ਸੱਤ ਦਿਨਾਂ ਲਈ ਨਿਗਰਾਨੀ ਹੇਠ ਰੱਖਿਆ ਜਾਵੇਗਾ, ਕਿਉਂਕਿ ਇਨਫ਼ੈਕਸ਼ਨ ਨੂੰ ਖ਼ੂਨ ਵਹਿਣ ਤੋਂ ਰੋਕਣਾ ਮਹੱਤਵਪੂਰਨ ਹੈ।" ਡਰੈਸਿੰਗ ਰੂਮ ਵਿੱਚ ਵਾਪਸ ਆਉਣ 'ਤੇ, ਅਈਅਰ ਦੇ ਸਰੀਰ ਦਾ ਤਾਪਮਾਨ, ਨਬਜ਼ ਦੀ ਦਰ ਅਤੇ ਬਲੱਡ ਪ੍ਰੈਸ਼ਰ ਵਿਚ ਉਤਰਾਅ-ਚੜ੍ਹਾਅ ਆ ਰਿਹਾ ਸੀ। ਸਾਹ ਲੈਣ ਵਿਚ ਮੁਸ਼ਕਲ ਆਉਣ ਤੋਂ ਬਾਅਦ, ਬੀ.ਸੀ.ਸੀ.ਆਈ. ਦੀ ਮੈਡੀਕਲ ਟੀਮ ਉਸ ਨੂੰ ਤੁਰਤ ਹਸਪਤਾਲ ਲੈ ਗਈ। ਸੂਤਰ ਨੇ ਕਿਹਾ, "ਟੀਮ ਡਾਕਟਰ ਅਤੇ ਫ਼ਿਜ਼ੀਓ ਨੇ ਕੋਈ ਜ਼ੋਖ਼ਮ ਨਹੀਂ ਲਿਆ ਅਤੇ ਉਸ ਨੂੰ ਤੁਰਤ ਹਸਪਤਾਲ ਲੈ ਗਏ। ਉਹ ਹੁਣ ਸਥਿਰ ਹੈ, ਪਰ ਇਹ ਘਾਤਕ ਹੋ ਸਕਦਾ ਸੀ। ਉਹ ਬਹੁਤ ਮਜ਼ਬੂਤ ਹੈ ਅਤੇ ਜਲਦੀ ਹੀ ਠੀਕ ਹੋ ਜਾਵੇਗਾ।" ਸ਼ੁਰੂ ਵਿਚ, ਸ਼੍ਰੇਅਸ ਅਈਅਰ ਦੇ ਲਗਭਗ ਤਿੰਨ ਹਫ਼ਤਿਆਂ ਲਈ ਕਾਰਵਾਈ ਤੋਂ ਬਾਹਰ ਰਹਿਣ ਦੀ ਉਮੀਦ ਸੀ, ਪਰ ਹੁਣ ਰਿਕਵਰੀ ਦਾ ਸਮਾਂ ਲੰਬਾ ਹੋ ਸਕਦਾ ਹੈ। "ਅੰਦਰੂਨੀ ਖ਼ੂਨ ਵਹਿਣ ਕਾਰਨ, ਉਸ ਦੀ ਰਿਕਵਰੀ ਵਿੱਚ ਨਿਸ਼ਚਤ ਤੌਰ 'ਤੇ ਜ਼ਿਆਦਾ ਸਮਾਂ ਲੱਗੇਗਾ। ਇਸ ਸਮੇਂ, ਪ੍ਰਤੀਯੋਗੀ ਕ੍ਰਿਕਟ ਵਿੱਚ ਉਸਦੀ ਵਾਪਸੀ ਲਈ ਇਕ ਪੱਕਾ ਸਮਾਂ-ਸੀਮਾ ਦੇਣਾ ਮੁਸ਼ਕਲ ਹੈ," ਸੂਤਰ ਨੇ ਕਿਹਾ ਕਿ 31 ਸਾਲਾ ਅਈਅਰ ਦੇ ਭਾਰਤ ਵਾਪਸੀ ਲਈ ਫਿੱਟ ਘੋਸ਼ਿਤ ਕੀਤੇ ਜਾਣ ਤੋਂ ਪਹਿਲਾਂ ਘੱਟੋ-ਘੱਟ ਇਕ ਹਫ਼ਤੇ ਲਈ ਸਿਡਨੀ ਦੇ ਇਕ ਹਸਪਤਾਲ ਵਿਚ ਰਹਿਣ ਦੀ ਉਮੀਦ ਹੈ। ਸ਼੍ਰੇਅਸ ਅਈਅਰ ਦਾ ਕਰੀਅਰ ਸੱਟਾਂ ਕਾਰਨ ਪ੍ਰਭਾਵਤ ਹੋਇਆ ਹੈ। ਭਾਰਤੀ ਮੱਧ-ਕ੍ਰਮ ਦੇ ਬੱਲੇਬਾਜ਼ ਨੇ ਪਹਿਲਾਂ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਸੀ ਕਿ ਉਹ ਅਪਣੀ ਪਿੱਠ ਵਿਚ ਕਠੋਰਤਾ ਅਤੇ ਥਕਾਵਟ ਕਾਰਨ ਕੁਝ ਸਮੇਂ ਲਈ "ਰੈੱਡ ਬਾਲ ਕ੍ਰਿਕਟ ਤੋਂ ਬ੍ਰੇਕ" ਲਵੇਗਾ। ਦੱਸ ਦਈਏ ਕਿ ਅਈਅਰ ਭਾਰਤ ਦੀ ਟੀ-20 ਟੀਮ ਦਾ ਹਿੱਸਾ ਨਹੀਂ ਹਨ।

# ਆਸਟਰੇਲੀਅਨ ਪੈਰਾ ਬੈਡਮਿੰਟਨ ਮੀਟਵ: ਪ੍ਰਮੋਦ ਭਗਤ ਨੇ ਦੋ ਸੋਨ ਤਗਮੇ ਜਿੱਤੇ



ਪੈਰਾਲੰਪਿਕ ਚੈਂਪੀਅਨ ਪ੍ਰਮੋਦ ਭਗਤ ਨੇ ਦੋ ਸੋਨ ਤਗਮੇ ਜਿੱਤੇ, ਜਦੋਂ ਕਿ ਸੁਕਾਂਤ ਕਦਮ ਨੇ ਇੱਕ ਸੋਨ ਅਤੇ ਇੱਕ ਚਾਂਦੀ ਦਾ ਤਗਮਾ ਜਿੱਤਿਆ ਜਿਸ ਸਦਕਾ ਭਾਰਤ ਨੇ ਆਸਟਰੇਲੀਅਨ ਪੈਰਾ ਬੈਡਮਿੰਟਨ ਇੰਟਰਨੈਸ਼ਨਲ ਚੈਂਪੀਅਨਸ਼ਿਪ 2025 ਵਿੱਚ ਦਬਦਬਾ ਬਣਾ ਕੇ ਤਗਮਾ ਸੂਚੀ ਵਿੱਚ ਸਿਖਰਲਾ ਸਥਾਨ ਹਾਸਲ ਕੀਤਾ। ਭਗਤ ਨੇ ਫਾਈਨਲ ਵਿੱਚ ਹਮਵਤਨ ਮਨੋਜ ਸਰਕਾਰ ਨੂੰ 21-15, 21-17 ਨਾਲ ਹਰਾ ਕੇ ਪੁਰਸ਼ ਸਿੰਗਲਜ਼ SL3 ਖਿਤਾਬ ਜਿੱਤਿਆ। ਫਿਰ ਉਸ ਨੇ ਸੁਕਾਂਤ ਕਦਮ ਨਾਲ ਮਿਲ ਕੇ ਪੁਰਸ਼ ਡਬਲਜ਼ SL3-SL4 ਖਿਤਾਬ ਜਿੱਤਿਆ। ਫਾਈਨਲ ਵਿੱਚ ਉਨ੍ਹਾਂ ਨੇ ਉਮੇਸ਼ ਵਿਕਰਮ ਕੁਮਾਰ ਅਤੇ ਸੂਰਿਆਕਾਂਤ ਯਾਦਵ ਦੀ ਸਾਥੀ ਭਾਰਤੀ ਜੋੜੀ ਨੂੰ 21-11, 19-21, 21-18 ਨਾਲ ਹਰਾਇਆ। ਭਗਤ ਨੇ ਕਿਹਾ, ''ਮੈਂ ਆਸਟਰੇਲੀਆ ਵਿੱਚ ਦੋ ਸੋਨ ਤਗਮੇ ਜਿੱਤ ਕੇ ਬਹੁਤ ਖੁਸ਼ ਹਾਂ। ਮਨੋਜ ਵਿਰੁੱਧ ਮੈਚ ਔਖਾ ਸੀ। ਅਸੀਂ ਇੱਕ ਦੂਜੇ ਦੇ ਖੇਡ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ, ਅਤੇ ਜਦੋਂ ਅਸੀਂ ਇੱਕ ਦੂਜੇ ਦਾ ਸਾਹਮਣਾ ਕਰਦੇ ਹਾਂ ਤਾਂ ਇਹ ਹਮੇਸ਼ਾ ਇੱਕ ਚੁਣੌਤੀ ਹੁੰਦੀ ਹੈ।'' ਸੁਕਾਂਤ ਨੂੰ ਪੁਰਸ਼ ਸਿੰਗਲਜ਼ SL4 ਵਿੱਚ ਸੂਰਿਆਕਾਂਤ ਤੋਂ 21-23, 21-14, 19-21 ਨਾਲ ਹਾਰ ਮਗਰੋਂ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ। ਭਾਰਤ ਵੱਲੋਂ ਮਾਨਸੀ ਜੋਸ਼ੀ ਨੇਮਹਿਲਾ ਸਿੰਗਲਜ਼ ਤੇ ਰੁਥਿਕ ਰਘੂਪਤੀ ਨਾਲ ਮਿਲ ਕੇ ਮਿਕਸਡ ਡਬਲਜ਼ ਵਿੱਚ ਸੋਨ ਤਗਮੇ ਜਿੱਤੇ। ਰੁਥਿਕ ਨੇ ਚਿਰਾਗ ਬਰੇਠਾ ਨਾਲ ਪੁਰਸ਼ ਡਬਲਜ਼ ਦਾ ਖਿਤਾਬ ਵੀ ਜਿੱਤਿਆ।

# ਪੰਜਾਬੀ ਜੁਝਾਰ ਸਿੰਘ ਨੇ ਰਸ਼ੀਅਨ ਖਿਡਾਰੀ ਕੀਤਾ ਚਿੱਤ, ਬਣਿਆ ਚੈਂਪੀਅਨ




ਯੂਐੱਫਐੱਸਸੀ ਅਮਰੀਕਾ ਵੱਲੋਂ ਆਬੂਧਾਬੀ 'ਚ ਕਰਵਾਈ ਪਹਿਲੀ ਪਾਵਰ ਸਲੈਪ ਚੈਂਪੀਅਨਸ਼ਿਪ ਵਿੱਚ ਚਮਕੌਰ ਸਾਹਿਬ ਦੇ ਸਿੱਖ ਨੌਜਵਾਨ ਖਿਡਾਰੀ ਜੁਝਾਰ ਸਿੰਘ ਟਾਈਗਰ ਨੇ ਰਸ਼ੀਅਨ ਖਿਡਾਰੀ ਐਂਟੀ ਗੁਲਸਕਾ ਨੂੰ ਚਿੱਤ ਕਰਕੇ ਪਹਿਲਾ ਚੈਂਪੀਅਨ ਹੋਣ ਦਾ ਮਾਣ ਹਾਸਲ ਕੀਤਾ ਹੈ।

ਸੰਗਤ ਸਿੰਘ ਵਾਸੀ ਵਾਰਡ ਨੰਬਰ 13 ਚਮਕੌਰ ਸਾਹਿਬ ਦੇ ਨੌਜਵਾਨ ਜੁਝਾਰ ਸਿੰਘ ਵਿੱਲੋਂ ਉਰਫ ਟਾਈਗਰ ਨੇ ਦੱਸਿਆ ਕਿ ਹੁਣ ਉਹ ਫਰਵਰੀ ਮਹੀਨੇ ਵਿੱਚ ਅਮਰੀਕਾ ਵਿੱਚ ਹੋਣ ਵਾਲੇ ਮੁਕਾਬਲਿਆਂ ਦੌਰਾਨ ਹਿੱਸਾ ਲਵੇਗਾ। ਉਨ੍ਹਾਂ ਦੱਸਿਆ ਕਿ 24 ਅਕਤੂਬਰ ਨੂੰ ਹੋਈ ਇਸ ਚੈਪੀਅਨਸ਼ਿਪ ਉਸ ਨੂੰ ਐੱਮ ਐੱਮ ਏ ਚੈਂਪੀਅਨ ਪੰਕਜ ਖੰਨਾ (ਦੀ ਬੁੱਲ) ਵੱਲੋਂ ਉਨ੍ਹਾਂ ਤੇ ਭਰੋਸਾ ਕਰਦਿਆਂ ਇਸ ਚੈਂਪੀਅਨਸ਼ਿਪ ਲਈ ਉਤਾਰਿਆ।

ਜੁਝਾਰ ਸਿੰਘ ਨੇ ਦੱਸਿਆ ਕਿ ਉਹ ਰਿੰਗ ਵਿੱਚ ਅਰਦਾਸ ਕਰਕੇ ਅਤੇ ਸਰਦਾਰ ਹਰੀ ਸਿੰਘ ਨਲੂਆ ਦੀ ਵਾਰ ਪੜ੍ਹ ਕੇ ਰਿੰਗ ਵਿੱਚ ਉਤਰਿਆ ਅਤੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਦਿਆਂ ਪਹਿਲਾ ਵਰਲਡ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਜ਼ਿਕਰਯੋਗ ਹੈ ਕਿ ਇਹ ਖ਼ਿਤਾਬ ਜਿੱਤਣ ਤੋਂ ਬਾਅਦ ਜੁਝਾਰ ਸਿੰਘ ਵੱਲੋਂ ਰਿੰਗ ਵਿੱਚ ਪਾਇਆ ਭੰਗੜਾ ਅਤੇ ਮਾਰੀ ਥਾਪੀ ਦੀ ਵੀਡੀਓ ਵਿਸ਼ਵ ਪੱਧਰ 'ਤੇ ਵਾਇਰਲ ਹੋ ਰਹੀ ਹੈ।

ਜੁਝਾਰ ਸਿੰਘ ਟਾਈਗਰ ਇਸ ਤੋਂ ਪਹਿਲਾਂ ਕਈ ਐੱਮ ਐੱਮ ਏ ਦੇ ਕੌਮੀ ਅਤੇ ਕੌਮਾਂਤਰੀ ਮੁਕਾਬਲੇ ਜਿੱਤ ਚੁੱਕਾ ਹੈ, ਉਹ ਇੱਕ ਚੰਗੇ ਪਹਿਲਵਾਨ ਵਜੋਂ ਵੀ ਜਾਣਿਆ ਜਾਂਦਾ ਹੈ। ਜਿੱਤ ਤੋਂ ਬਾਅਦ ਜੁਝਾਰ ਦੇ ਘਰ ਵਧਾਈਆ ਦੇਣ ਵਾਲਿਆਂ ਦੀ ਭੀੜ ਲੱਗੀ ਹੋਈ ਹੈ।

ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਮਾਂਗਟ ਨੇ ਦੱਸਿਆ ਕਿ ਜਦੋ ਜੁਝਾਰ ਸਿੰਘ ਪਹਿਲਾਂ ਇਹ ਖੇਡ ਜਿੱਤ ਕੇ ਚਮਕੌਰ ਸਾਹਿਬ ਵਿਖੇ ਆਇਆ ਸੀ ਤਾਂ ਉਸ ਦਾ ਪੂਰਾ ਮਾਣ ਸਨਮਾਨ ਕੀਤਾ ਗਿਆ ਸੀ ਅਤੇ ਹੁਣ ਵੀ ਜੁਝਾਰ ਸਿੰਘ ਦਾ ਸਨਮਾਨ ਕੀਤਾ ਜਾਵੇਗਾ।

# ਬੈਡਮਿੰਟਨ: ਸ਼ਾਇਨਾ ਅਤੇ ਦੀਕਸ਼ਾ ਨੇ ਸੋਨ ਤਗ਼ਮੇ ਜਿੱਤੇ



ਸ਼ਾਇਨਾ ਮਨੀਮੁਥੂ ਅਤੇ ਦੀਕਸ਼ਾ ਸੁਧਾਕਰ ਵੱਲੋਂ ਅੱਜ ਇੱਥੇ ਆਪੋ-ਆਪਣੇ ਵਰਗਾਂ ਵਿੱਚ ਸੋਨ ਤਗ਼ਮੇ ਜਿੱਤਣ ਨਾਲ ਭਾਰਤ ਬੈਡਮਿੰਟਨ ਏਸ਼ੀਆ ਅੰਡਰ-17 ਅਤੇ ਅੰਡਰ-15 ਚੈਂਪੀਅਨਸ਼ਿਪ ਵਿੱਚ ਆਪਣਾ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਿੱਚ ਸਫ਼ਲ ਰਿਹਾ। ਅੰਡਰ-15 ਲੜਕੀਆਂ ਦੇ ਸਿੰਗਲਜ਼ ਫਾਈਨਲ ਵਿੱਚ ਸ਼ਾਇਨਾ ਨੇ ਜਪਾਨ ਦੀ ਚਿਹਾਰੂ ਤੋਮਿਤਾ ਨੂੰ 21-14, 22-20 ਨਾਲ ਹਰਾਇਆ; ਦੀਕਸ਼ਾ ਨੇ ਆਪਣੀ ਹੀ ਹਮਵਤਨ ਲਕਸ਼ੈ ਰਾਜੇਸ਼ ਨੂੰ 21-16, 21-9 ਨਾਲ ਹਰਾ ਕੇ ਅੰਡਰ-17 ਲੜਕੀਆਂ ਦੇ ਸਿੰਗਲਜ਼ ਦਾ ਖ਼ਿਤਾਬ ਆਪਣੇ ਨਾਂ ਕੀਤਾ।

ਇਸ ਤਰ੍ਹਾਂ ਭਾਰਤੀ ਦਲ ਨੇ ਦੋ ਸੋਨੇ, ਇੱਕ ਚਾਂਦੀ ਅਤੇ ਦੋ ਕਾਂਸੇ ਦੇ ਤਗ਼ਮਿਆਂ ਨਾਲ ਇਸ ਮਹਾਂਦੀਪੀ ਮੁਕਾਬਲੇ ਦੀ ਸਮਾਪਤੀ ਕੀਤੀ, ਜੋ ਇਸ ਚੈਂਪੀਅਨਸ਼ਿਪ ਵਿੱਚ ਉਸ ਦਾ ਹੁਣ ਤੱਕ ਦਾ ਸਰਵੋਤਮ ਪ੍ਰਦਰਸ਼ਨ ਹੈ। ਭਾਰਤ ਨੇ ਇਸ ਤੋਂ ਪਹਿਲਾਂ 2013 ਵਿੱਚ ਦੋ ਸੋਨ ਤਗ਼ਮੇ ਜਿੱਤੇ ਸਨ। ਉਦੋਂ ਸਿਰਿਲ ਵਰਮਾ ਨੇ ਅੰਡਰ-15 ਵਰਗ ਵਿੱਚ ਲੜਕਿਆਂ ਦਾ ਸਿੰਗਲਜ਼ ਖ਼ਿਤਾਬ ਅਤੇ ਚਿਰਾਗ ਸ਼ੈੱਟੀ ਤੇ ਐੱਮ ਆਰ ਅਰਜੁਨ ਨੇ ਅੰਡਰ-17 ਵਰਗ ਵਿੱਚ ਲੜਕਿਆਂ ਦਾ ਡਬਲਜ਼ ਖ਼ਿਤਾਬ ਜਿੱਤਿਆ ਸੀ।

ਸ਼ਾਇਨਾ ਅੰਡਰ-15 ਵਰਗ ਦਾ ਖ਼ਿਤਾਬ ਜਿੱਤਣ ਵਾਲੀ ਚੌਥੀ ਭਾਰਤੀ ਮਹਿਲਾ ਸਿੰਗਲਜ਼ ਖਿਡਾਰਨ ਬਣ ਗਈ ਹੈ। ਉਸ ਨੇ ਪਹਿਲੀ ਗੇਮ ਵਿੱਚ ਤੋਮਿਤਾ 'ਤੇ ਪੂਰਾ ਦਬਦਬਾ ਬਣਾਈ ਰੱਖਿਆ ਅਤੇ ਫਿਰ ਦੂਜੀ ਗੇਮ ਵਿੱਚ ਜਪਾਨੀ ਖਿਡਾਰਨ ਦੀ ਸਖ਼ਤ ਚੁਣੌਤੀ ਨੂੰ ਪਾਰ ਕਰਦਿਆਂ 44 ਮਿੰਟਾਂ ਵਿੱਚ ਮੈਚ ਜਿੱਤ ਲਿਆ। ਦੂਜੇ ਪਾਸੇ ਦੀਕਸ਼ਾ ਸਿਰਫ਼ 27 ਮਿੰਟ ਤੱਕ ਚੱਲੇ ਫਾਈਨਲ ਵਿੱਚ ਆਪਣਾ ਦਬਦਬਾ ਕਾਇਮ ਰੱਖਦਿਆਂ ਅੰਡਰ-17 ਖ਼ਿਤਾਬ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਸਿੰਗਲਜ਼ ਖਿਡਾਰਨ ਬਣ ਗਈ ਹੈ। ਇਸ ਤੋਂ ਪਹਿਲਾਂ ਬੀਤੇ ਦਿਨ ਜਗਸ਼ੇਰ ਸਿੰਘ ਖੰਗੂੜਾ ਅਤੇ ਜੰਗਜੀਤ ਸਿੰਘ ਕਾਜਲਾ ਤੇ ਜਨਨਿਕਾ ਰਮੇਸ਼ ਦੀ ਮਿਕਸਡ ਡਬਲਜ਼ ਜੋੜੀ ਨੇ ਕਾਂਸੇ ਦੇ ਤਗ਼ਮੇ ਜਿੱਤੇ ਸਨ।

# ਇੰਦੌਰ ਵਿੱਚ ਦੋ ਆਸਟਰੇਲਿਆਈ ਮਹਿਲਾ ਕ੍ਰਿਕਟਰਾਂ ਨਾਲ ਛੇੜਛਾੜ; ਮੁਲਜ਼ਮ ਗ੍ਰਿਫ਼ਤਾਰ






ਆਈਸੀਸੀ ਮਹਿਲਾ ਵਿਸ਼ਵ ਕੱਪ ਵਿੱਚ ਹਿੱਸਾ ਲੈ ਰਹੀਆਂ ਦੋ ਆਸਟਰੇਲਿਆਈ ਦੋ ਮਹਿਲਾ ਕ੍ਰਿਕਟਰਾਂ ਦਾ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਕਥਿਤ ਤੌਰ 'ਤੇ ਪਿੱਛਾ ਕੀਤਾ ਗਿਆ ਅਤੇ ਉਨ੍ਹਾਂ ਵਿੱਚੋਂ ਇੱਕ ਨਾਲ ਮੋਟਰਸਾਈਕਲ ਸਵਾਰ ਵਿਅਕਤੀ ਨੇ ਛੇੜਛਾੜ ਕੀਤੀ। ਪੁਲੀਸ ਦੇ ਇੱਕ ਅਧਿਕਾਰੀ ਨੇ ਅੱਜ ਕਿਹਾ ਕਿ ਵੀਰਵਾਰ ਸਵੇਰੇ ਖਜਰਾਣਾ ਰੋਡ ਇਲਾਕੇ ਵਿੱਚ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਮੁਲਜ਼ਮ ਨੂੰ ਅੱਜ ਗ੍ਰਿਫ਼ਤਾਰ ਕਰ ਲਿਆ ਗਿਆ। ਸਬ-ਇੰਸਪੈਕਟਰ ਨਿਧੀ ਰਘੂਵੰਸ਼ੀ ਨੇ ਕਿਹਾ ਕਿ ਦੋਵੇਂ ਮਹਿਲਾ ਕ੍ਰਿਕਟਰ ਆਪਣੇ ਹੋਟਲ ਤੋਂ ਨਿਕਲ ਕੇ ਇੱਕ ਕੈਫੇ ਵੱਲ ਜਾ ਰਹੀਆਂ ਸਨ ਤਾਂ ਇੱਕ ਮੋਟਰਸਾਈਕਲ ਸਵਾਰ ਵਿਅਕਤੀ ਨੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਰਘੂਵੰਸ਼ੀ ਮੁਤਾਬਕ ਉਸ ਵਿਅਕਤੀ ਨੇ ਕਥਿਤ ਤੌਰ 'ਤੇ ਇੱਕ ਕ੍ਰਿਕਟਰ ਨੂੰ ਗਲਤ ਤਰੀਕੇ ਨਾਲ ਛੂਹਿਆ ਤੇ ਫਰਾਰ ਹੋ ਗਿਆ। ਦੋਵਾਂ ਕ੍ਰਿਕਟਰਾਂ ਨੇ ਆਪਣੀ ਟੀਮ ਦੇ ਸੁਰੱਖਿਆ ਅਧਿਕਾਰੀ, ਡੈਨੀ ਸਿਮਨਸ ਨਾਲ ਸੰਪਰਕ ਕੀਤਾ, ਜਿਸ ਨੇ ਸਥਾਨਕ ਸੁਰੱਖਿਆ ਸੰਪਰਕ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਤੇ ਸਹਾਇਤਾ ਲਈ ਵਾਹਨ ਭੇਜਿਆ। ਸਹਾਇਕ ਕਮਿਸ਼ਨਰ ਪੁਲੀਸ ਹਿਮਾਨੀ ਮਿਸ਼ਰਾ ਨੇ ਦੋਵਾਂ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ। ਐੱਮਆਈਜੀ ਥਾਣੇ ਵਿੱਚ ਇਸ ਸਬੰਧੀ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਅਧਿਕਾਰੀ ਨੇ ਦੱਸਿਆ ਕਿ ਇੱਕ ਰਾਹਗੀਰ ਨੇ ਮਸ਼ਕੂਕ ਦਾ ਮੋਟਰਸਾਈਕਲ ਨੰਬਰ ਨੋਟ ਕਰ ਲਿਆ ਸੀ, ਜਿਸ ਦੇ ਆਧਾਰ 'ਤੇ ਮੁਲਜ਼ਮ ਅਕੀਲ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਖਾਨ ਵਿਰੁੱਧ ਪਹਿਲਾਂ ਵੀ ਅਪਰਾਧਕ ਮਾਮਲੇ ਦਰਜ ਹਨ ਅਤੇ ਜਾਂਚ ਜਾਰੀ ਹੈ।

ਦੂਜੇ ਪਾਸੇ ਮੱਧ ਪ੍ਰਦੇਸ਼ ਕ੍ਰਿਕਟ ਐਸੋਸੀਏਸ਼ਨ (ਐੱਮਪੀਸੀਏ) ਨੇ ਆਸਟਰੇਲਿਆਈ ਮਹਿਲਾ ਕ੍ਰਿਕਟਰਾਂ ਨਾਲ ਛੇੜਛਾੜ ਦੀ ਘਟਨਾ ਨੂੰ ਸ਼ਰਮਨਾਕ ਕਰਾਰ ਦਿੱਤਾ ਤੇ ਨਾਰਾਜ਼ਗੀ ਜਤਾਈ ਹੈ। ਐਸੋਸੀਏਸ਼ਨ ਨੇ ਕਿਹਾ, ''ਇੱਕ ਵਿਅਕਤੀ ਦੀ ਗਲਤ ਹਰਕਤ ਨਾਲ ਸ਼ਹਿਰ ਦਾ ਸਾਖ ਨੂੰ ਢਾਹ ਲੱਗੀ ਹੈ। ਮੇਜ਼ਬਾਨ ਹੋਣ ਨਾਤੇ ਐੱਮਪੀਸੀਏ ਆਸਟਰੇਲਿਆਈ ਮਹਿਲਾ ਟੀਮ ਤੋਂ ਇਸ ਦੁਖਦਾਈ ਤੇ ਮਾੜੀ ਘਟਨਾ ਲਈ ਤਹਿ-ਦਿਲੋਂ ਮੁਆਫ਼ੀ ਮੰਗਦਾ ਹੈ।

### ਕੋਲਕਾਤਾ: ਇੰਦੌਰ ਦੀ ਘਟਨਾ ਨੇ ਪੂਰੀ ਦੁਨੀਆ 'ਚ ਭਾਰਤ ਦੀ ਸਾਖ ਵਿਗਾੜੀ

ਕੋਲਕਾਤਾ: ਤ੍ਰਿਣਮੂਲ ਕਾਂਗਰਸ (TMC) ਨੇ ਅੱਜ ਕਿਹਾ ਕਿ ਭਾਜਪਾ ਦੇ ਸ਼ਾਸਨ ਵਾਲੇ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਆਸਟਰੇਲਿਆਈ ਮਹਿਲਾ ਕ੍ਰਿਕਟਰਾਂ ਨਾਲ ਛੇੜਛਾੜ ਦੀ ਘਟਨਾ ਨੇ ਪੂਰੀ ਦੁਨੀਆ ਸਾਹਮਣੇ ਭਾਰਤ ਦੇ ਵੱਕਾਰ ਨੂੰ ਢਾਹ ਲਾਈ ਹੈ। ਟੀਐੱਮਸੀ ਦੇ ਜਨਰਲ ਸਕੱਤਰ ਕੁਨਾਲ ਘੋਸ਼ ਨੇ ਆਖਿਆ, ''ਆਸਟਰੇਲਿਆਈ ਮਹਿਲਾ ਕ੍ਰਿਕਟਰਾਂ ਨਾਲ ਛੇੜਛਾੜ ਦੀ ਘਟਨਾ ਭਾਜਪਾ ਦੀ double-engine government ਦਾ ਰਾਜ 'ਚ ਹੋਈ। ਇਸ ਨੇ ਪੂਰੀ ਦੁਨੀਆ ਸਾਹਮਣੇ ਸਾਡੇ ਸਿਰ ਨੀਵੇਂ ਕੀਤੇ ਹਨ ਭਾਰਤ ਦਾ ਅਕਸ ਵਿਗਾੜਿਆ ਹੈ। ਇਹ ਭਾਜਪਾ ਦੇ ਸ਼ਾਸਨ ਦੌਰਾਨ 'ਬੇਟੀ ਬਚਾਓ-ਬੇਟੀ ਪੜ੍ਹਾਓ' ਦੀ ਸੱਚਾਈ ਹੈ।'' ਘੋਸ਼ ਨੇ ਕਿਹਾ, ''ਸਾਨੂੰ ਪਤਾ ਲੱਗ ਹੈ ਕਿ ਇਸ ਸ਼ਰਮਨਾਕ ਘਟਨਾ ਦੇ ਸਬੰਧ 'ਚ ਇੱਕ ਮੁਲਜ਼ਮ ਫੜਿਆ ਗਿਆ ਹੈ। ਪਰ, ਸਾਨੂੰ ਨਹੀਂ ਪਤਾ ਕਿ ਇਸ ਘਟਨਾ ਪਿਛਲੇ ਅਸਲੀ ਸਾਜ਼ਿਸ਼ਘਾੜੇ ਦੀ ਪਛਾਣ ਕੀਤੀ ਗਈ ਹੈ ਜਾਂ ਨਹੀਂ। ਅਸੀਂ ਚਾਹੁੰਦੇ ਹਾਂ ਕਿ ਨਿਰਪੱਖ ਹੋਵੇ ਤੇ ਦੋਸ਼ੀ ਨੂੰ ਜਲਦ ਸਜ਼ਾ ਦਿੱਤੀ ਜਾਵੇ।''










